28-OCT-PAGE-1.qxd 10/27/2024 9:21 PM Page 1

ਸੋਮਵਾਰ, 28 ਅਕਤੂਬਰ, 2024
12 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 148

# ਨਵਾਂ ਜ਼ਮਾਨਾ

DAILY NAWAN ZAMANA • MONDAY, 28 OCTOBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਅੱਜ



**ਅੰਮ੍ਰਿਤਸਰ** : ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਸੋਮਵਾਰ ਹੋ ਰਹੀ ਹੈ। ਮੁਕਾਬਲਾ ਸ਼੍ਰੋਮਣੀ ਅਦਾਲੀ ਦਲ (ਬਾਦਲ) ਦੇ ਉਮੀਦਵਾਰ ਤੇ ਵਰਤਮਾਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਆਗੂ ਤੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਿਚਾਲੇ ਹੈ।

## ਸ੍ਵਰਾ ਭਾਸਕਰ ਦਾ ਪਤੀ ਪਵਾਰ ਦੀ ਪਾਰਟੀ ਦਾ ਉਮੀਦਵਾਰ



**ਮੁੰਬਈ** : ਅਦਾਕਾਰਾ ਸ੍ਵਰਾ ਭਾਸਕਰ ਦਾ ਪਤੀ ਫਹਦ ਅਹਿਮਦ ਸਮਾਜਵਾਦੀ ਪਾਰਟੀ ਛੱਡ ਕੇ ਸ਼ਰਦ ਪਵਾਰ ਦੀ ਐੱਨ ਸੀ ਪੀ (ਐੱਸ ਸੀ ਪੀ) ਵਿਚ ਸ਼ਾਮਲ ਹੋ ਗਿਆ ਤੇ ਉਸ ਨੂੰ ਅਨੁਸ਼ਕਤੀ ਨਗਰ ਤੋਂ ਅਸੰਬਲੀ ਚੋਣ ਦੀ ਟਿਕਟ ਦੇ ਦਿੱਤੀ ਗਈ ਹੈ। ਉਸ ਦਾ ਮੁਕਾਬਲਾ ਐੱਨ ਸੀ ਪੀ (ਅਜੀਤ ਪਵਾਰ) ਦੇ ਸੀਨੀਅਰ ਆਗੂ ਨਵਾਬ ਮਲਿਕ ਦੀ ਧੀ ਸਨਾ ਮਲਿਕ ਨਾਲ ਹੋਵੇਗਾ। ਸਪਾ ਆਗੂ ਅਬੂ ਆਜ਼ਮੀ ਨੇ ਦੱਸਿਆ ਕਿ ਉਨ੍ਹਾ ਪਿਛਲੇ ਹਫਤੇ ਪਵਾਰ ਨਾਲ ਗੱਲ ਕੀਤੀ ਸੀ ਕਿ ਜੇ ਉਨ੍ਹਾ ਕੋਲ ਤਕੜਾ ਉਮੀਦਵਾਰ ਨਹੀਂ ਹੈ ਤਾਂ ਉਹ ਫਹਦ ਨੂੰ ਖੜ੍ਹਾ ਕਰ ਸਕਦੇ ਹਨ।

## ਦੋ ਜਲੇਬੀਆਂ 'ਚ 500 ਕੈਲੋਰੀਆਂ

**ਚੰਡੀਗੜ੍ਹ** : ਇਕ ਗੁਲਾਬ ਜਾਮਣ ਵਿਚ ਤਕਰੀਬਨ 150 ਕੈਲੋਰੀਆਂ ਹੁੰਦੀਆਂ ਹਨ, ਦੋ ਜਲੇਬੀਆਂ ਵਿਚ ਤਕਰੀਬਨ 500, ਮੋਤੀਚੂਰ ਦੇ ਦੋ ਲੱਡੂਆਂ 'ਚ 360 ਅਤੇ ਸਮੋਸੇ 'ਚ 250 ਤੋਂ 300 ਕੈਲੋਰੀਆਂ ਹੁੰਦੀਆਂ ਹਨ। ਪੀ ਜੀ ਆਈ ਐੱਮ ਈ ਆਰ ਚੰਡੀਗੜ੍ਹ ਦੇ ਕਮਿਊਨਿਟੀ ਮੈਡੀਸਨ ਵਿਭਾਗ ਦੀ ਪ੍ਰੋਫੈਸਰ ਡਾ. ਸੋਨੂੰ ਗੋਇਲ ਨੇ ਖਬਰਦਾਰ ਕੀਤਾ ਹੈ ਕਿ ਦੀਵਾਲੀ 'ਤੇ ਮਿਠਾਈ ਖਾਣ ਵੇਲੇ ਕੰਜੂਸੀ ਕਰਨ 'ਚ ਹੀ ਭਲਾ ਹੈ।

## 50 ਹੋਰ ਧਮਕੀਆਂ ਮਿਲੀਆਂ




**ਨਵੀਂ ਦਿੱਲੀ** : ਭਾਰਤੀ ਏਅਰਲਾਈਨਾਂ ਨੂੰ ਬੰਬ ਨਾਲ ਉਡਾਉਣ ਦੀਆਂ ਐਤਵਾਰ ਵੀ ਘੱਟੋ-ਘੱਟ 50 ਧਮਕੀਆਂ ਮਿਲੀਆਂ। ਪਿਛਲੇ 14 ਦਿਨਾਂ ਵਿਚ 350 ਤੋਂ ਵੱਧ ਉਡਾਣਾਂ ਨੂੰ ਅਜਿਹੀਆਂ ਧਮਕੀਆਂ ਮਿਲ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਧਮਕੀਆਂ ਸੋਸ਼ਲ ਮੀਡੀਆ ਰਾਹੀਂ ਦਿੱਤੀਆਂ ਗਈਆਂ ਹਨ। ਅਕਾਸਾ ਏਅਰ ਦੀਆਂ 15 ਉਡਾਣਾਂ, ਜਦੋਂਕਿ ਇੰਡੀਗੋ ਤੇ ਵਿਸਤਾਰਾ ਦੀਆਂ ਕ੍ਰਮਵਾਰ 18 ਤੇ 17 ਉਡਾਣਾਂ ਨੂੰ ਧਮਕੀ ਦਿੱਤੀ ਗਈ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲਾ ਅਜਿਹੀਆਂ ਧਮਕੀਆਂ ਨਾਲ ਨਜਿੱਠਣ ਲਈ ਕਾਨੂੰਨੀ ਕਾਰਵਾਈ ਦੇ ਵਿਕਲਪ 'ਤੇ ਵਿਚਾਰ ਕਰ ਰਿਹਾ ਹੈ।

## ਸਟੇਸ਼ਨ 'ਤੇ ਅਫਰਾਤਫਰੀ 'ਚ 9 ਜ਼ਖਮੀ

**ਮੁੰਬਈ** : ਇੱਥੋਂ ਦੇ ਬਾਂਦਰਾ ਟਰਮੀਨਲ ਉੱਤੇ ਐਤਵਾਰ ਸਵੇਰੇ ਭਾਜੜ ਪੈਣ ਨਾਲ 9 ਵਿਅਕਤੀ ਜ਼ਖ਼ਮੀ ਹੋ ਗਏ। ਇਹ ਘਟਨਾ ਪਲੇਟਫਾਰਮ ਨੰਬਰ ਇਕ ਉੱਤੇ ਸਵੇਰੇ 5:56 ਵਜੋਂ ਵਾਪਰੀ, ਜਦੋਂ ਯਾਤਰੀ ਬਾਂਦਰਾ-ਗੋਰਖਪੁਰ ਐੱਕਸਪ੍ਰੈੱਸ (22921) ਟਰੇਨ ਉੱਤੇ ਚੜ੍ਹਨ ਲਈ ਇਕੱਠੇ ਹੋਏ ਸਨ। ਨਗਰ ਨਿਗਮ ਦੇ ਅਧਿਕਾਰੀ ਮੁਤਾਬਕ ਟਰੇਨ ਉੱਤੇ ਚੜ੍ਹਨ ਦੌਰਾਨ ਹੋਈ ਧੱਕਾ-ਮੁੱਕੀ ਕਰਕੇ ਭਾਜੜ ਪੈ ਗਈ।

# 105 ਕਿੱਲੋ ਹੈਰੋਇਨ ਸਣੇ ਦੋ ਸੌਦਾਗਰ ਗ੍ਰਿਫਤਾਰ

**ਬਾਬਾ ਬਕਾਲਾ ਸਾਹਿਬ/ਖਿਲਚੀਆਂ (ਡੀ ਕੇ ਰੈਂਡੀ)**

ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦੇ ਗਰੋਹ ਦਾ ਪਰਦਾ ਫਾਸ਼ ਕਰਦਿਆਂ ਵਿਦੇਸ਼ ਰਹਿੰਦੇ ਤਸਕਰ ਨਵਪ੍ਰੀਤ ਸਿੰਘ ਉਰਫ ਨਵ ਭੁੱਲਰ ਦੇ ਦੋ ਸਹਿਯੋਗੀਆਂ ਨਵਜੋਤ ਸਿੰਘ ਤੇ ਲਵਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 105 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਹੈਰੋਇਨ ਵਿਕ ਜਾਂਦੀ ਤਾਂ ਨਸ਼ਾ ਕਾਰੋਬਾਰੀਆਂ ਨੇ 500 ਕਰੋੜ ਰੁਪਏ ਤੋਂ ਵੱਧ ਵੱਟ ਲੈਣੇ ਸਨ। ਤਸਕਰਾਂ ਕੋਲੋਂ ਕੁਇੰਟਲ ਤੋਂ ਵੱਧ ਹੈਰੋਇਨ ਤੋਂ ਇਲਾਵਾ 31.93 ਕਿੱਲੋ ਕੈਫੀਨ ਐਨਹਾਈਡਰਸ, 17 ਕਿੱਲੋ ਡੀ ਐੱਮ ਆਰ, ਪੰਜ ਵਿਦੇਸ਼ੀ ਪਿਸਤੌਲ ਤੇ ਇਕ ਦੇਸੀ ਕੱਟਾ ਬਰਾਮਦ ਹੋਇਆ ਹੈ। ਟਾਇਰਾਂ ਦੀਆਂ ਟਿਊਬਾਂ ਵੀ ਮਿਲੀਆਂ, ਜਿਸ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਤੋਂ ਨਸ਼ੀਲਾ ਪਦਾਰਥ ਲਿਆਉਣ ਲਈ ਜਲ ਰਸਤੇ ਦੀ ਵਰਤੋਂ ਕੀਤੀ ਜਾਂਦੀ ਸੀ। ਸ਼ਨੀਵਾਰ ਰਾਤ ਕਰੀਬ 9 ਵਜੇ ਤਸਕਰ ਗੱਡੀ 'ਚ ਹੈਰੋਇਨ ਲੈ ਕੇ ਆਏ ਸਨ ਤੇ ਕਾਬੂ ਕਰ ਲਏ ਗਏ। ਨਵਜੋਤ ਸਿੰਘ ਲਾਹੌਰੀਆ ਪਿੰਡ ਵਡਾਲਾ ਦਾ ਹੈ ਤੇ ਅੱਜਕੱਲ੍ਹ ਗੁਰੂ ਤੇਗ ਬਹਾਦਰ ਨਗਰ, ਲੱਖੂਵਾਲ ਰੋਡ, ਬਾਬਾ ਬਕਾਲਾ ਸਾਹਿਬ ਵਿਖੇ ਆਪਣੇ ਪਿਤਾ ਨਾਲ ਰਹਿੰਦਾ ਸੀ। ਉਸ ਦੀ ਬਾਬਾ ਬਕਾਲਾ ਤਹਿਸੀਲ ਕੰਪਲੈਕਸ ਵਿਚ 'ਨਵਜੋਤ ਫੋਟੋ ਸਟੇਟ' ਨਾਂਅ ਦੀ ਛੋਟੀ ਜਿਹੀ ਦੁਕਾਨ ਵੀ ਹੈ। ਉਹ ਸਾਈ ਕਾਲਜ ਦੀ ਵਿਦਿਆਰਥੀ ਜਥੇਬੰਦੀ ਦਾ ਪ੍ਰਧਾਨ ਵੀ ਰਿਹਾ ਤੇ ਅੱਜਕੱਲ੍ਹ ਯੂਥ ਕਾਂਗਰਸ ਸਰਕਲ ਬਾਬਾ ਬਕਾਲਾ ਦਾ ਪ੍ਰਧਾਨ ਸੀ। ਦੂਜਾ ਮੁਲਜ਼ਮ ਲਵਪ੍ਰੀਤ ਕੁਮਾਰ ਕਪੂਰਥਲਾ ਦੇ ਪਿੰਡ ਕਾਲਾ ਸੰਘਿਆਂ ਦਾ ਹੈ। ਪਿੰਡ ਵਜ਼ੀਰ ਭੁੱਲਰ ਆ ਕੇ ਕਈ ਸਾਲ ਰਹਿਣ ਵਾਲਾ ਨਵਪ੍ਰੀਤ ਸਿੰਘ ਉਰਫ ਨਵ ਪਿਛਲੇ ਦਸ ਸਾਲਾਂ ਤੋਂ ਪਾਕਿਸਤਾਨੀ ਨਸ਼ਾ ਕਾਰੋਬਾਰੀਆਂ ਨਾਲ ਮਿਲ ਕੇ ਹਥਿਆਰਾਂ ਅਤੇ ਹੈਰੋਇਨ ਦਾ ਕਾਰੋਬਾਰ ਕਰ ਰਿਹਾ ਹੈ। ਨਵਪ੍ਰੀਤ ਸਿੰਘ ਖਿਲਾਫ ਕਈ ਕੇਸ ਦਰਜ ਹਨ ਅਤੇ ਕੁਝ ਸਾਲ ਪਹਿਲਾਂ ਉਹ ਸੁਰੱਖਿਆ ਏਜੰਸੀਆਂ ਨੂੰ ਝਕਾਨੀ ਦੇ ਕੇ ਦੁਬਈ ਭੱਜਣ ਵਿੱਚ ਕਾਮਯਾਬ ਹੋ ਗਿਆ ਸੀ।




## ਖੇਤ 'ਚੋਂ 1700 ਗਰਾਮ ਹੈਰੋਇਨ ਬਰਾਮਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਡੇਰਾ ਬਾਬਾ ਨਾਨਕ ਪੁਲਸ ਨੇ ਪਿੰਡ ਪੱਖੋਕੇ ਮਹਿਮਾਰਾ ਦੇ ਖੇਤ ਵਿੱਚੋਂ ਇਕ ਕਿੱਲੋ 700 ਗਰਾਮ ਹੈਰੋਇਨ ਬਰਾਮਦ ਕੀਤੀ ਹੈ। ਐੱਸ ਐੱਚ ਓ ਅਮਰਜੀਤ ਸਿੰਘ ਨੇ ਦੱਸਿਆ ਕਿ ਜਾਗਰੂਕ ਨਾਗਰਿਕ ਨੇ ਸੂਚਨਾ ਦਿੱਤੀ ਸੀ ਕਿ ਉਸ ਨੇ ਡਰੋਨ ਦੀ ਆਵਾਜ਼ ਸੁਣੀ ਤੇ ਲੱਗਿਆ ਕਿ ਉਸ ਨੇ ਕੋਈ ਚੀਜ਼ ਸੁੱਟੀ ਹੈ। ਉਨ੍ਹਾ ਟੀਮ ਲੈ ਕੇ ਸਰਚ ਕੀਤੀ ਤਾਂ ਖੇਤ ਵਿੱਚੋਂ ਹੈਰੋਇਨ ਦੇ ਦੋ ਪੈਕਟ ਮਿਲੇ।

## ਅਗਲਾ ਮਿਸ਼ਨ ਬੀਬੀਆਂ ਦੇ 1100 : ਮਾਨ



**ਹੁਸ਼ਿਆਰਪੁਰ** : ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਹਲਕਾ ਚੱਬੇਵਾਲ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਈਸ਼ਾਂਕ ਚੱਬੇਵਾਲ ਦੇ ਹੱਕ ਵਿਚ ਚੋਣ ਮੀਟਿੰਗ ਦੌਰਾਨ ਕਿਹਾ ਕਿ ਉਨ੍ਹਾ ਦਾ ਅਗਲਾ ਮਿਸ਼ਨ ਮਹਿਲਾਵਾਂ ਨੂੰ 1100 ਰੁਪਏ ਦੇਣਾ ਹੈ।

ਉਨ੍ਹਾ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਗਿਣਾਉਂਦਿਆਂ ਮਕਾਨ ਬਣਾਉਣ ਲਈ ਐੱਨ ਓ ਸੀ ਦੀ ਸ਼ਰਤ ਖਤਮ ਕਰਨ, ਮੁਫਤ ਬਿਜਲੀ, ਐੱਸ ਐੱਸ ਐੱਫ ਤੇ ਪੰਜਾਬ ਸਰਕਾਰ ਦੀਆਂ ਹੋਰ ਉਪਲੱਬਧੀਆਂ ਬਾਰੇ ਜ਼ਿਕਰ ਕੀਤਾ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਵਿੰਨ੍ਹਦਿਆਂ ਉਹਨਾ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵਧਾਈ ਹੈ ਅਤੇ ਪਰਮਾਤਮਾ ਦਾ ਸ਼ੁਕਰ ਹੈ ਕਿ ਕੈਪਟਨ ਸਾਹਿਬ ਵੀ ਦਿਖਾਈ ਦਿੱਤੇ ਹਨ।

### ਪ੍ਰਧਾਨਗੀ ਛੱਡਣ ਦਾ ਸੰਕੇਤ

ਆਮ ਆਦਮੀ ਪਾਰਟੀ ਪੰਜਾਬ ਨੂੰ ਜਲਦ ਨਵਾਂ ਪ੍ਰਧਾਨ ਮਿਲ ਸਕਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ—ਮੈਂ ਚਾਹੁੰਦਾਂ ਕਿ ਪ੍ਰਧਾਨਗੀ ਕਿਸੇ ਹੋਰ ਨੂੰ ਮਿਲੇ। ਬਤੌਰ ਮੁੱਖ ਮੰਤਰੀ ਬਹੁਤ ਸਾਰੇ ਅਹਿਮ ਕੰਮਕਾਜ ਹੁੰਦੇ ਹਨ। ਇਸ ਲਈ ਪਾਰਟੀ ਲਈ ਫੁੱਲ ਟਾਈਮ ਪ੍ਰਧਾਨ ਲਗਾਉਣਾ ਚਾਹੀਦਾ ਹੈ। ਪਿਛਲੇ ਸੱਤ ਸਾਲ ਤੋਂ ਮੈਂ ਪਾਰਟੀ ਪ੍ਰਧਾਨ ਹਾਂ ਤੇ ਬਾਕੀਆਂ ਨੂੰ ਮੌਕਾ ਮਿਲਣਾ ਚਾਹੀਦਾ ਹੈ।

## 'ਡਿਜੀਟਲ ਅਰੈਸਟ' ਤੋਂ ਬਚਣ ਲਈ ਜਾਗਰੂਕਤਾ ਜ਼ਰੂਰੀ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਕਿਹਾ ਕਿ 'ਸਾਈਬਰ ਗ੍ਰਿਫਤਾਰੀ' ਦੇ ਘੁਟਾਲੇ ਤੋਂ ਬਚਣ ਲਈ ਜਾਗਰੂਕਤਾ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਕਿ 'ਡਿਜੀਟਲ ਅਰੈੱਸਟ' ਨੇ ਲਗਭਗ ਸਮਾਜ ਦੇ ਸਾਰੇ ਵਰਗਾਂ ਨੂੰ ਪ੍ਰਭਾਵਤ ਕੀਤਾ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਕਿਤੇ ਉਨ੍ਹਾਂ ਨੂੰ ਅਜਿਹੇ ਘੁਟਾਲੇ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ 'ਰੁਕਣ, ਸੋਚਣ ਤੇ ਕਾਰਵਾਈ ਕਰਨ' ਦਾ ਮੰਤਰ ਅਪਣਾਉਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਾਂਚ ਏਜੰਸੀਆਂ ਇਸ ਨਾਲ ਨਜਿੱਠਣ ਲਈ ਰਾਜਾਂ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ, ਪਰ ਇਸ ਅਪਰਾਧ ਤੋਂ ਬਚਣ ਲਈ ਵਿਅਕਤੀ ਵਿਸ਼ੇਸ਼ ਦਾ ਜਾਗਰੂਕ ਹੋਣਾ ਵੀ ਜ਼ਰੂਰੀ ਹੈ। ਪ੍ਰਧਾਨ ਮੰਤਰੀ ਨੇ ਨਮੂਨੇ ਵਜੋਂ ਇਕ ਵੀਡੀਓ ਵੀ ਚਲਾਈ, ਜਿਸ ਵਿਚ ਇਹ ਦਿਖਾਇਆ ਗਿਆ ਕਿ ਅਜਿਹੇ ਅਪਰਾਧੀ, ਜੋ ਖੁਦ ਨੂੰ ਜਾਂਚ ਏਜੰਸੀਆਂ ਦੇ ਅਧਿਕਾਰੀ ਦੱਸਦੇ ਹਨ, ਕਿਵੇਂ ਆਪਣੇ ਸੰਭਾਵੀ ਸ਼ਿਕਾਰ ਬਾਰੇ ਤਫਸੀਲ 'ਚ ਜਾਣਕਾਰੀ ਇਕੱਤਰ ਕਰਨ ਮਗਰੋਂ ਡਰ ਦਿਖਾ ਕੇ ਉਨ੍ਹਾਂ ਨੂੰ ਆਪਣੇ ਜਾਲ ਵਿਚ ਫਸਾਉਂਦੇ ਹਨ। ਮੋਦੀ ਨੇ ਕਿਹਾ—ਡਿਜੀਟਲ ਅਰੈੱਸਟਸ ਦੇ ਫਰਾਡ ਤੋਂ ਸਾਵਧਾਨ ਰਹੋ। ਕੋਈ ਵੀ ਜਾਂਚ ਏਜੰਸੀ ਤਫਤੀਸ਼ ਲਈ ਤੁਹਾਨੂੰ ਫੋਨ ਜਾਂ ਵੀਡੀਓ ਕਾਲ 'ਤੇ ਸੰਪਰਕ ਨਹੀਂ ਕਰਦੀ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਕਿਹਾ ਕਿ ਉਹ 1930 ਨੰਬਰ ਡਾਇਲ ਕਰਕੇ ਨੈਸ਼ਨਲ ਸਾਈਬਰ ਹੈੱਲਪਲਾਈਨ ਜਾਂ ਇਸ ਦੇ ਪੋਰਟਲ ਨਾਲ ਜੁੜ ਕੇ ਮਦਦ ਲੈ ਸਕਦੇ ਹਨ ਤੇ ਅਜਿਹੇ ਅਪਰਾਧ ਬਾਰੇ ਪੁਲਸ ਨਾਲ ਜਾਣਕਾਰੀ ਜ਼ਰੂਰ ਸਾਂਝੀ ਕਰਨ। ਮੋਦੀ ਨੇ ਆਪਣੇ ਸੰਬੋਧਨ ਵਿਚ ਐਨੀਮੇਸ਼ਨ ਦੀ ਦੁਨੀਆ ਵਿਚ ਭਾਰਤੀ ਪ੍ਰਤਿਭਾ ਦੇ ਵਧਦੇ ਅਸਰ ਦੀ ਵੀ ਤਾਰੀਫ ਕੀਤੀ। ਉਨ੍ਹਾ ਕਿਹਾ ਕਿ ਭਾਰਤ ਵਿਚ ਰਚਨਾਮਤਕ ਊਰਜਾ ਦੀ ਲਹਿਰ ਚੱਲ ਰਹੀ ਹੈ। 'ਮੇਡ ਇਨ ਇੰਡੀਆ, ਮੇਡ ਬਾਇ ਇੰਡੀਆ' ਐਨੀਮੇਸ਼ਨ ਦੀ ਦੁਨੀਆ ਵਿਚ ਚਮਕ ਰਹੇ ਹਨ। ਉਨ੍ਹਾ ਕਿਹਾ ਕਿ ਭਾਰਤੀ ਐਨੀਮੇਸ਼ਨ ਕਿਰਦਾਰ ਜਿਵੇਂ ਛੋਟਾ ਭੀਮ ਤੇ ਮੋਟੂ-ਪਤਲੂ ਬਹੁਤ ਮਕਬੂਲ ਹਨ।

# ਅੰਮ੍ਰਿਤਪਾਲ ਸਿੰਘ ਦਾ ਮੁੱਖ ਸਹਿਯੋਗੀ ਤੇ ਤਿੰਨ ਹੋਰ ਹਥਿਆਰਾਂ ਸਮੇਤ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਉੱਭੀ)**

ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਗੈਰ-ਕਾਨੂੰਨੀ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ ਦੇ ਸੰਬੰਧ 'ਚ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਪੀ ਐੱਸ ਓ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਹ ਰੈਕੇਟ ਸੂਬੇ ਵਿੱਚ ਅਮਨ-ਕਾਨੂੰਨ ਨੂੰ ਵਿਗਾੜਨ ਲਈ ਵੱਡੀ ਕਾਰਵਾਈ ਦੀ ਯੋਜਨਾ ਬਣਾ ਰਿਹਾ ਸੀ। ਉਨ੍ਹਾ ਦੱਸਿਆ ਕਿ ਚਾਰ ਵਿਅਕਤੀਆਂ ਦੀ ਪਛਾਣ ਲਖਵਿੰਦਰ ਸਿੰਘ ਵਾਸੀ ਪਿੰਡ ਹੈਬੋਵਾਲ, ਥਾਣਾ ਗੜ੍ਹਸ਼ੰਕਰ, ਹੁਸ਼ਿਆਰਪੁਰ, ਗੁਰਭੇਜ ਸਿੰਘ ਵਾਸੀ ਪਿੰਡ ਗੁਦਾਰਾ, ਥਾਣਾ ਬਾਜਾਖਾਨਾ, ਫਿਰੋਜ਼ਪੁਰ, ਸਤਿੰਦਰ ਸਿੰਘ (ਉਰਫ਼ ਕਾਲਾ) ਵਾਸੀ ਪਿੰਡ ਪਲਾਹੀ, ਥਾਣਾ ਮੇਹਟੀਆਣਾ, ਹੁਸ਼ਿਆਰਪੁਰ ਅਤੇ ਭਰਤ (ਉਰਫ਼ ਭਾਊ) ਵਾਸੀ ਬਰਾਰ ਮੁਹੱਲਾ ਪੱਟੀ, ਤਰਨ ਤਾਰਨ ਵਜੋਂ ਹੋਈ ਹੈ।

ਸਵਪਨ ਸ਼ਰਮਾ ਨੇ ਦੱਸਿਆ ਕਿ ਹਰਸ਼ਦੀਪ ਸਿੰਘ, ਜਿਸ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ, ਲਖਵਿੰਦਰ ਸਿੰਘ, ਜਿਸ ਦੇ ਖਿਲਾਫ ਕਈ ਅਪਰਾਧਿਕ ਕੇਸ ਦਰਜ ਹਨ, ਨਾਲ ਜਾਣੂ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਗੁਰਭੇਜ ਸਿੰਘ ਇਸ ਤੋਂ ਪਹਿਲਾਂ ਅੰਮ੍ਰਿਤਪਾਲ ਕੇਸ ਤੇ ਅਜਨਾਲਾ ਪੁਲਸ ਸਟੇਸ਼ਨ ਹਮਲੇ ਦੇ ਕੇਸ ਵਿੱਚ ਕਪੂਰਥਲਾ ਜੇਲ੍ਹ ਵਿੱਚ ਸੀ, ਜਿੱਥੇ ਉਸ ਦੀ ਮੁਲਾਕਾਤ ਲਖਵਿੰਦਰ ਸਿੰਘ (ਉਰਫ਼ ਲੱਖੀ) ਨਾਲ ਹੋਈ, ਜੋ ਪਹਿਲਾਂ ਹੀ ਇੱਕ ਕਤਲ ਕੇਸ ਵਿੱਚ ਜੇਲ੍ਹ ਵਿੱਚ ਸੀ। ਸਵਪਨ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਬਾਅਦ ਵਿੱਚ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਹਥਿਆਰ, ਗੋਲਾ-ਬਾਰੂਦ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਵਿਅਕਤੀਆਂ ਵਿਚਕਾਰ ਫੋਨ ਕਾਲਾਂ ਤੇ ਸੁਨੇਹੇ ਤੋਂ ਇਹ ਸਬੂਤ ਮਿਲੇ ਹਨ ਕਿ ਉਹ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਹਨਾਂ ਖਿਲਾਫ ਮੁਕੱਦਮਾ ਨੰਬਰ 253 ਮਿਤੀ 19-10-2024 ਅ/ਧ 25-54-59 ਅਸਲਾ ਐਕਟ 21-61-85 ਐੱਨ ਡੀ ਪੀ ਐੱਸ ਐਕਟ ਥਾਣਾ ਨਿਊ ਬਾਰਾਂਦਰੀ ਸੀ ਪੀ ਜਲੰਧਰ ਦਰਜ ਕੀਤਾ ਗਿਆ ਹੈ। ਇਨ੍ਹਾਂ ਕੋਲੋਂ 12 ਬੋਰ ਦੇ 10 ਕਾਰਤੂਸ, 315 ਬੋਰ ਦੇ ਅੱਠ ਕਾਰਤੂਸ ਅਤੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ।




## ਬੰਗਾਲ 'ਚ ਸਾਡੀ ਸਰਕਾਰ ਹੀ ਘੁਸਪੈਠ ਰੋਕੇਗੀ : ਸ਼ਾਹ

**ਪੇਟਰਾਪੋਲ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਕਿਹਾ ਕਿ ਸਰਹੱਦ ਪਾਰੋਂ ਹੁੰਦੀ ਘੁਸਪੈਠ ਨੂੰ ਰੋਕਣ ਨਾਲ ਹੀ ਪੱਛਮੀ ਬੰਗਾਲ ਵਿਚ ਅਮਨ ਸਥਾਪਤ ਕੀਤਾ ਜਾ ਸਕਦਾ ਹੈ। ਉਨ੍ਹਾ ਦਾਅਵਾ ਕੀਤਾ ਕਿ 2026 ਵਿਚ ਪੱਛਮੀ ਬੰਗਾਲ 'ਚ ਭਾਜਪਾ ਦੇ ਸੱਤਾ ਵਿਚ ਆਉਣ 'ਤੇ ਹੀ ਗੈਰਕਾਨੂੰਨੀ ਪਰਵਾਸ ਰੁਕ ਸਕਦਾ ਹੈ।

ਬੰਗਾਲ ਵਿਚ ਭਾਰਤ-ਬੰਗਲਾਦੇਸ਼ ਸਰਹੱਦ ਦੇ ਨਾਲ ਪੇਟਰਾਪੋਲ ਲੈਂਡ ਪੋਰਟ ਵਿਖੇ ਨਵੇਂ ਯਾਤਰੀ ਟਰਮੀਨਲ ਦੀ ਇਮਾਰਤ ਤੇ ਕਾਰਗੋ ਗੇਟ ਦੇ ਉਦਘਾਟਨ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਸੂਬੇ ਦੀ ਟੀ ਐੱਮ ਸੀ ਸਰਕਾਰ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਭੰਡਿਆ ਤੇ ਰਾਜ ਦੇ ਲੋਕਾਂ ਨੂੰ ਨਸੀਹਤ ਦਿੱਤੀ ਕਿ ਉਹ 2026 ਵਿਚ ਸਿਆਸੀ ਬਦਲਾਅ ਲੈ ਕੇ ਆਉਣ।

# ਪਹਿਲਾਂ ਅੱਖਾਂ 'ਤੇ ਬਿਠਾਉਂਦੀ ਹੈ, ਫਿਰ ਨਜ਼ਰਾਂ 'ਚੋਂ ਡੇਗਦੀ ਹੈ

**ਸ਼ਾਹਕੋਟ (ਗਿਆਨ ਸੈਦਪੁਰੀ)**



1967 ਤੋਂ ਸਿਆਸੀ ਪਾਣੀਆਂ 'ਚ ਕੁੱਦੇ, ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ, ਇੱਕ ਵਾਰ ਵਜ਼ੀਰ, ਦੋ ਵਾਰ ਮੈਂਬਰ ਪਾਰਲੀਮੈਂਟ ਅਤੇ ਸੱਤ ਵਾਰ ਦੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਇੱਕ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਆਪਣੇ ਅੰਦਰਲੇ ਸਿਆਸੀ ਦਰਦ ਨੂੰ ਛੁਪਾ ਨਾ ਸਕੇ। ਜ਼ਿਕਰਯੋਗ ਹੈ ਕਿ ਇੱਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਵਿੱਚ ਸਾਬਕਾ ਮੁੱਖ ਮੰਤਰੀ ਨੇ ਭਾਜਪਾ 'ਤੇ ਗਿਲਾ ਕੀਤਾ ਹੈ ਕਿ ਕਿਸੇ ਵੀ ਮਾਮਲੇ ਵਿੱਚ ਭਾਜਪਾ ਉਨ੍ਹਾ ਦੀ ਸਲਾਹ ਨਹੀਂ ਲੈਂਦੀ। ਐਤਵਾਰ ਕੈਪਟਨ ਦਾ 'ਸਿਆਸੀ ਹਉਕਾ' ਇੱਥੇ ਸਿਆਸੀ ਖੁੰਢ ਚਰਚਾ ਦਾ ਵਿਸ਼ਾ ਬਣਿਆ ਰਿਹਾ। ਕਈਆਂ ਨੇ ਮਹਾਰਾਜਾ ਨਾਲ 'ਸਿਆਸੀ ਹਮਦਰਦੀ' ਦਾ ਪ੍ਰਗਟਾਵਾ ਕਰਦਿਆਂ ਉਨ੍ਹਾ ਦੀ ਸਿਆਸੀ ਗਲਤੀ ਦਾ ਉਨ੍ਹਾ ਨੂੰ ਅਹਿਸਾਸ ਕਰਵਾਉਣ ਦਾ ਯਤਨ ਕੀਤਾ। ਕਈਆਂ ਨੇ ਉਨ੍ਹਾ ਦੀ 'ਸਿਆਸੀ ਨਰਾਜ਼ਗੀ' 'ਤੇ ਚੁਟਕੀ ਲਈ। ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਕਾਂਗਰਸ ਪਾਰਟੀ ਦੇ ਸਰਗਰਮ ਆਗੂ ਤੇ ਬਲਾਕ ਪ੍ਰਧਾਨ ਸੁਰਿੰਦਰਜੀਤ ਸਿੰਘ ਚੱਠਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਨਿਹੋਰੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਿਆਸਤ ਵਿੱਚ ਉਤਰਾਅ-ਚੜ੍ਹਾਅ ਇੱਕ ਆਮ ਵਰਤਾਰਾ ਹੈ। ਔਖੇ-ਸੌਖੇ ਦਿਨ ਲੰਘ ਜਾਂਦੇ ਹਨ, ਪਰ ਸਹਿਜ ਟਿਕਾਣਾ 'ਆਪਣਾ ਘਰ' ਹੀ ਹੁੰਦਾ ਹੈ। ਇਨ੍ਹਾਂ ਸਮਿਆਂ 'ਚ ਸਹਿਜ ਰਹਿਣਾ ਇੱਕ ਤਰ੍ਹਾਂ ਦਾ ਸਾਹਸ ਵੀ ਹੁੰਦਾ ਹੈ।

ਚੱਠਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਦੋ ਵਾਰ ਦੇ ਮੁੱਖ ਮੰਤਰੀ ਦੇ ਕਾਰਜਕਾਲ ਵਿੱਚ ਅਨਾਜ ਮੰਡੀਆਂ ਦੇ ਸੀਜ਼ਨਾਂ ਨੂੰ ਅਜੋਕੇ ਸੀਜ਼ਨ ਨਾਲ ਮੇਲ ਕਰਦਿਆਂ ਉਨ੍ਹਾ ਦੀ ਸਿਆਸੀ ਸਮਰੱਥਾ ਦੀ ਸਿਫ਼ਤ ਕੀਤੀ।

ਇਸ ਦੌਰਾਨ ਸ਼ਾਹਕੋਟ ਦੇ ਇੱਕ ਅਖ਼ਬਾਰੀ ਸਟਾਲ 'ਤੇ ਵੱਖ-ਵੱਖ ਟਿੱਪਣੀਆਂ ਸੁਣਨ ਨੂੰ ਮਿਲੀਆਂ। ਇੱਕ ਸਾਬਕਾ ਕਾਂਗਰਸੀ ਆਗੂ, ਜੋ ਖੁਦ ਵੀ ਸਿਆਸੀ ਤਿਲਕਣਬਾਜ਼ੀ ਦਾ ਸ਼ਿਕਾਰ ਹੋ ਗਿਆ ਸੀ, ਪਰ ਹੁਣ ਵੀ ਹਮਦਰਦੀ ਕਾਂਗਰਸ ਪਾਰਟੀ ਨਾਲ ਹੀ ਰੱਖਦਾ ਹੈ, ਨੇ ਕਿਹਾ ਕਿ ਉੱਚ ਸਿਆਸੀ ਮੁਰਾਤਬਾ ਰੱਖਣ ਵਾਲੇ ਰਾਜੇ ਨੂੰ ਕੀ ਲੋੜ ਸੀ ਪੰਜਾਬ ਵਿਰੋਧੀ ਪਾਰਟੀ ਦੇ ਟੇਟੇ ਚੜ੍ਹਨ ਦੀ ? ਇੱਥੇ ਖੜੇ ਆਰ ਐੱਸ ਐੱਸ ਨਾਲ ਸਬੰਧਤ ਮਿਸਟਰ ਉੱਪਲ ਨੇ ਉਪਰਲੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕਿਹਾ ਕਿ ਮਹਾਰਾਜਾ ਨੂੰ ਭੁਲੇਖਾ ਸੀ ਕਿ ਉਹ ਦਿੱਲੀ ਵਾਲੇ ਭਾਜਪਾਈਆਂ ਦਾ ਦਿਲ ਜਿੱਤ ਕੇ ਕਿਸੇ ਵੱਡੀ ਪਦਵੀ ਦੀ ਕਲਗੀ ਲਵਾ ਲਵੇਗਾ, ਪਰ ਭਾਜਪਾ ਵਿੱਚ ਬੜੀ ਵੱਡੀ ਕਤਾਰ ਹੈ।

ਇੱਥੇ ਮੋਹਰਲੇ ਪਾਸੇ ਵੱਲ ਦੀ ਆਉਣ ਵਾਲਿਆਂ ਨਾਲ ਇੰਜ ਹੀ ਵਾਪਰਦਾ ਹੈ। ਉੱਪਲ ਨੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਇੱਕ ਨੌਜਵਾਨ ਆਗੂ ਬਾਰੇ ਵੀ ਸਿਆਸੀ ਖੁਲਾਸਾ ਕਰ ਦਿੱਤਾ। ਉਨ੍ਹਾ ਕਿਹਾ ਕਿ ਇਸ ਆਗੂ ਦੀਆਂ ਭਾਜਪਾ 'ਚ ਜਾਣ ਦੀਆਂ 'ਸ਼ਰਤਾਂ' ਤੈਅ ਹੋ ਗਈਆਂ ਸਨ, ਪਰ ਕਿਸੇ ਹੋਰ ਨੇ ਇਸ ਅਮਲ ਵਿੱਚ ਸਿਆਸੀ ਲੱਤ ਅੜਾ ਦਿੱਤੀ ਸੀ। ਕੋਲ ਖੜੇ ਤਰਕਸ਼ੀਲ ਆਗੂ ਨੇ ਭਾਜਪਾ 'ਤੇ ਵੱਡਾ ਕਟਾਖਸ਼ ਕਰਦਿਆਂ ਕਿਹਾ ਕਿ ਉਕਤ ਨੌਜਵਾਨ ਅਕਾਲੀ ਆਗੂ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀ ਸੀ, ਭਾਜਪਾ ਕਥਿਤ ਵੱਡੇ ਦੋਸ਼ੀਆਂ ਨੂੰ ਹੀ ਪਾਰਟੀ ਵਿੱਚ ਸ਼ਾਮਲ ਕਰਦੀ ਹੈ। ਇਹ ਪਹਿਲਾਂ "ਅੱਖਾਂ 'ਤੇ ਬਿਠਾਉਂਦੀ ਹੈ ਤੇ ਫਿਰ ਦੂਜੀਆਂ ਪਾਰਟੀਆਂ ਦੇ ਆਗੂਆਂ ਦੀਆਂ 'ਨਜ਼ਰਾਂ' ਵਿੱਚ ਵੀ ਡੇਗ ਦਿੰਦੀ ਹੈ।"

## ਕਾਰ ਖੱਡ 'ਚ, 5 ਨੌਜਵਾਨਾਂ ਦੀ ਮੌਤ

**ਮੰਡੀ** : ਹਿਮਾਚਲ ਦੇ ਮੰਡੀ ਜ਼ਿਲ੍ਹੇ ਦੇ ਚੌਰ ਘਾਟੀ ਦੇ ਬਰਧਾਣ 'ਚ ਸ਼ਨੀਵਾਰ ਦੇਰ ਰਾਤ ਮਾਰੂਤੀ ਕਾਰ ਡੂੰਘੀ ਖਾਈ 'ਚ ਡਿੱਗਣ ਕਾਰਨ ਪੰਜ ਨੌਜਵਾਨਾਂ ਦੀ ਮੌਤ ਹੋ ਗਈ। ਸਾਰੇ ਨੌਜਵਾਨ ਧਮਚਿਆਣ ਪਿੰਡ ਦੇ ਸਨ ਤੇ ਬਰੋਟ 'ਚ ਵਿਆਹ ਤੋਂ ਪਰਤ ਰਹੇ ਸਨ।

ਐਤਵਾਰ ਸਵੇਰੇ ਚਰਵਾਹੇ ਨੇ ਸੜਕ ਤੋਂ ਕਰੀਬ 700 ਮੀਟਰ ਹੇਠਾਂ ਖਾਈ 'ਚ ਡਿੱਗੀ ਕਾਰ ਦੇਖੀ ਤਾਂ ਇਸ ਦੀ ਸੂਚਨਾ ਨੇੜਲੇ ਪਿੰਡ ਵਾਸੀਆਂ ਨੂੰ ਦਿੱਤੀ। ਮ੍ਰਿਤਕਾਂ ਦੀ ਪਛਾਣ ਰਾਜੇਸ਼, ਗੰਗੂ, ਕਰਨ, ਸਾਗਰ ਤੇ ਅਜੈ ਵਜੋਂ ਹੋਈ ਹੈ, ਜਿਨ੍ਹਾਂ ਵਿਚ ਇਕ ਦੀ ਉਮਰ 16 ਸਾਲ ਦੇ ਕਰੀਬ ਤੇ ਬਾਕੀਆਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਤਰਸੇਮ ਸਿੰਘ ਸਾਧਪੁਰ ਤਰਸਿੱਕਾ 99882-03163



ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991



ਕ੍ਰਿਸ਼ਨ ਗਰਗ ਚੰਡੀਗੜ੍ਹ 94175-93500



ਹਰਭਜਨ ਢਿੱਲੋਂ (ਭਲਾਣ) 94638-21648



ਡਾ. ਰਮਨ (ਫਗਵਾੜਾ) 88378-31314

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਕਾਂਸ਼ੀ ਰਾਮ ਮੜੌਲੀ, ਜੂਲੀਅਸ ਫਿਊਚਿਕ ਤੇ ਅਜੀਤ ਸਿੰਘ ਦੇ ਨਾਂਅ ਮੇਲੇ 'ਚ ਬਣਨਗੇ ਨਗਰ ਤੇ ਪੰਡਾਲ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਮੇਟੀ ਦੀ ਜਨਰਲ ਬਾਡੀ ਦੇ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ 7, 8 ਅਤੇ 9 ਨਵੰਬਰ ਨੂੰ ਹੋ ਰਹੇ 33ਵੇਂ ਮੇਲੇ ਦੇ ਤਿੰਨੇ ਦਿਨ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਗ਼ਦਰ ਪਾਰਟੀ ਦੇ ਮੁਢਲੇ ਖ਼ਜ਼ਾਨਚੀ ਦੇ ਨਾਂਅ 'ਕਾਂਸ਼ੀ ਰਾਮ ਮੜੌਲੀ ਨਗਰ', ਫਾਸ਼ੀਵਾਦ ਖ਼ਿਲਾਫ਼ ਲਾਮਿਸਾਲ ਕੁਰਬਾਨੀ ਅਤੇ ਸੰਗਰਾਮ ਦੇ ਚਿੰਨ੍ਹ ਵਿਸ਼ਵ ਭਰ ਦੇ ਲੋਕਾਂ ਵਿੱਚ ਮਕਬੂਲ ਜੂਲੀਅਸ ਫਿਊਚਿਕ ਦੀ ਯਾਦ 'ਚ 'ਜੂਲੀਅਸ ਫਿਊਚਿਕ ਪੁਸਤਕ ਪ੍ਰਦਰਸ਼ਨੀ ਪੰਡਾਲ' ਅਤੇ ਸ਼ਹੀਦ ਭਗਤ ਸਿੰਘ ਆਡੀਟੋਰੀਅਮ ਕਰਕੇ ਜਾਣੇ ਜਾਂਦੀ ਵਿਸ਼ਾਲ ਗਰਾਊਂਡ ਨੂੰ ਪਗੜੀ ਸੰਭਾਲ ਲਹਿਰ ਦੇ ਪ੍ਰਤੀਕ 'ਅਜੀਤ ਸਿੰਘ ਪੰਡਾਲ' ਦਾ ਨਾਂਅ ਦਿੱਤਾ ਜਾ ਰਿਹਾ ਹੈ।ਇਹਨਾਂ ਮਹਾਂ-ਨਾਇਕਾਂ ਸੰਬੰਧੀ ਤਸਵੀਰਾਂ, ਫਲੈਕਸਾਂ, ਟੂਕਾਂ ਅਤੇ ਹੋਰ ਲੋੜੀਂਦੀ ਸਮਗਰੀ ਦੀ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਵਧਿਆ ਮੇਵੇ-ਬਾਦਾਮ ਦਾ ਭਾਅ ਸੁਣਿਆ,
ਵਧ ਗਿਆ ਖਾਣ ਦੇ ਤੇਲ ਦਾ ਮੁੱਲ ਭਾਈ।
ਕੋਈ ਵੀ ਚੀਜ਼ ਬਾਜ਼ਾਰ ਵਿੱਚ ਲੈਣ ਜਾਉ,
ਚੜ੍ਹਿਆ ਸਾਰੀਆਂ ਦਾ ਓਧਰ ਮੁੱਲ ਭਾਈ।
ਖਰੀਦਦਾਰੀ ਜਦ ਕਰਨੀ ਆ ਆਮ ਲੋਕਾਂ,
ਨਿਕਲੇ ਡਿੱਠੇ ਬਾਜ਼ਾਰਾਂ ਵਿੱਚ ਕੁੱਲ ਭਾਈ।
ਲਾਗਤ, ਟੈਕਸ ਵੀ ਕੋਈ ਨਾ ਗਿਣੇ-ਜਾਚੇ,
ਜਿੰਨਾ ਲੱਗ ਸਕਦਾ, ਲਾ ਲਉ ਟੁੱਲ ਭਾਈ।
ਜਦ ਵੀ ਵਕਤ ਤਿਉਹਾਰਾਂ ਦਾ ਆਣ ਪਹੁੰਚੇ,
ਓਦੋਂ ਫਿਰ ਚਮਕਦਾ ਸੀਜ਼ਨ ਵਪਾਰੀਆਂ ਦਾ।
ਇਕੱਲਾ ਇਨ੍ਹਾਂ ਦਾ ਜਾਂਦਾ ਨਾ ਚਮਕ ਸੀਜ਼ਨ,
ਸੀਜ਼ਨ ਚਮਕ ਪਏ ਨਾਲ ਅਧਿਕਾਰੀਆਂ ਦਾ।

-ਤੀਸ ਮਾਰ ਖਾਂ

## ਸਰਕਾਰ ਝੋਨੇ ਦੀ ਵਿਕਰੀ ਤੇਜ਼ ਕਰੇ ਤੇ ਪਰਾਲੀ ਸਾਂਭਣ ਦਾ ਮੁਆਵਜ਼ਾ ਦੇਵੇ : ਮਾੜੀਮੇਘਾ, ਸੋਹਲ



**ਝਬਾਲ** : ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਝੋਨੇ ਦੀ ਖਰੀਦ ਵਿੱਚ ਪੰਜਾਬ ਸਰਕਾਰ ਨਾਕਾਮ ਸਾਬਤ ਹੋਈ ਹੈ। ਕਿਸਾਨਾਂ ਨੂੰ ਮੰਡੀਆਂ ਵਿੱਚ ਸਰਕਾਰੀ ਤੰਤਰ ਅਤੇ ਆੜ੍ਹਤੀਏ ਮਿਲ ਕੇ ਲੁੱਟ ਰਹੇ ਹਨ। ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ। ਕਈ ਕਿਸਾਨ 15-15 ਦਿਨ ਤੋਂ ਮੰਡੀ ਵਿੱਚ ਰਾਤ-ਦਿਨ ਤੋਂ ਰਹਿ ਰਹੇ ਹਨ। ਦਿਨ ਵੇਲੇ ਕਿਸਾਨ ਮੰਡੀਆਂ ਦੇ ਪੱਕੇ ਅਤੇ ਕੱਚੇ ਫੜ੍ਹਾਂ 'ਤੇ ਝੋਨਾ ਖਿਲਾਰ ਕੇ ਸੁਕਾਉਂਦੇ ਰਹਿੰਦੇ ਹਨ ਤੇ ਸ਼ਾਮ ਨੂੰ ਫਿਰ ਢੇਰੀ ਲਾ ਦਿੰਦੇ ਹਨ ਕਿ ਤਰੇਲ ਨਾਲ ਗਿੱਲਾ ਨਾ ਹੋ ਜਾਏ। ਆਗੂਆਂ ਕਿਹਾ ਕਿ ਉਪਰੋਂ ਕਣਕ ਦੀ ਬਿਜਾਈ ਦਾ ਸਮਾਂ ਹੈ। ਕਿਸਾਨ ਬਹੁਤ ਬੁਰੀ ਹਾਲਤ ਵਿੱਚ ਫਸੇ ਪਏ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਆਖਦੀ ਹੈ ਕਿ ਪਰਾਲੀ ਨਾ ਸਾੜੋ, ਵਾਤਾਵਰਨ ਖ਼ਰਾਬ ਹੁੰਦਾ ਹੈ, ਪਰ ਸਰਕਾਰ ਪਰਾਲੀ ਨੂੰ ਚੁੱਕਣ ਦਾ ਪ੍ਰਬੰਧ ਨਹੀਂ ਕਰਦੀ। ਜੇ ਸਰਕਾਰਾਂ ਸੁਹਿਰਦ ਹੋਣ ਤਾਂ ਪਰਾਲੀ ਤੋਂ ਗੱਤਾ ਤੇ ਕਾਗਜ਼ ਆਦਿ ਬਣਾਉਣ ਵਾਲੇ ਕਾਰਖਾਨੇ ਪੰਜਾਬ ਵਿੱਚ ਲਾਉਣ ਦੀ ਜ਼ਰੂਰਤ ਹੈ।

ਕਾਰਖਾਨਿਆਂ ਵਿੱਚ ਵੱਡੇ ਪੱਧਰ 'ਤੇ ਬੇਰੁਜ਼ਗਾਰ ਜਵਾਨੀ ਨੂੰ ਰੁਜ਼ਗਾਰ ਮਿਲ ਸਕਦਾ ਹੈ, ਪਰ ਸਰਕਾਰਾਂ ਤੇ ਇਹ ਚਾਹੁੰਦੀਆਂ ਹਨ ਕਿ ਜਵਾਨੀ ਜ਼ਮੀਨ-ਜਾਇਦਾਦ ਵੇਚ ਕੇ ਪ੍ਰਵਾਸ ਕਰਦੀ ਰਹੇ। ਉਕਤ ਆਗੂਆਂ ਨੇ ਕਿਹਾ ਕਿ ਪਰਾਲੀ ਸਾਂਭਣ ਦਾ ਸਰਕਾਰ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ।

GIAN SAGAR HOSPITAL
A Multi Speciality Healthcare Provider
ਵਧੀਆ ਇਲਾਜ-ਘੱਟ ਖਰਚਾ




ਖੇਤਰ ਦਾ ਸਭ ਤੋਂ ਵੱਡਾ ਹਸਪਤਾਲ

ਵਧੀਆ ਸਰਜੀਕਲ ਪੈਕੇਜ ਗਿਆਨ ਸਾਗਰ ਹਸਪਤਾਲ ਵਿੱਚ ਉਪਲੱਬਧ ਹਨ।

- ਮੈਡੀਸਨ
  - ਬੁਖਾਰ/ਜ਼ੁਕਾਮ/ਫਲੂ
  - ਛਾਤੀ ਇਨਫੈਕਸ਼ਨ
  - ਪੇਟ ਦੀਆਂ ਬਿਮਾਰੀਆਂ ਦਾ ਇਲਾਜ
  - ਸ਼ਰਾਬ/ਨਸ਼ੇ ਨਾਲ ਸੰਬੰਧਤ ਜਿਗਰ ਦੀ ਬਿਮਾਰੀ
  - ਸ਼ੂਗਰ/ਥਾਈਰਾਇਡ ਦੀ ਬਿਮਾਰੀ
  - ਨਿਮੋਨੀਆ
- ਹੱਡੀਆਂ ਜੋੜਾਂ ਦੀਆਂ ਬਿਮਾਰੀਆਂ
  - ਪੂਰੇ ਗੋਡੇ ਬਦਲਣਾ (ਦੋਨੋਂ ਗੋਡੇ)
  - ਪੂਰਾ ਗੋਡਾ ਬਦਲਣਾ (ਇੱਕ ਗੋਡਾ)
  - ਚੂਲਾ ਬਦਲਣਾ
  - ਟੁੱਟੀਆਂ ਹੱਡੀਆਂ ਦਾ ਅਪ੍ਰੇਸ਼ਨ
  - ਰੀੜ ਦੀ ਹੱਡੀ ਦਾ ਇਲਾਜ
- ਦੂਰਬੀਨ ਨਾਲ ਅਪ੍ਰੇਸ਼ਨ
  - ਦੂਰਬੀਨ ਨਾਲ ਪਿੱਤੇ ਦਾ ਅਪ੍ਰੇਸ਼ਨ
  - ਹਰਨੀਆਂ ਦਾ ਅਪ੍ਰੇਸ਼ਨ
  - ਬਵਾਸੀਰ ਦਾ ਅਪ੍ਰੇਸ਼ਨ
  - ਅਪੈਂਡਿਕਸ/ਹਾਈਡਰੋਸੀਲ
  - ਏ.ਵੀ. (ਫਿਸਚੁਲਾ)
  - ਵੇਰੀਕੋਜ਼ ਵੇਨਸ (ਨਾੜਾਂ ਦਾ ਫੁੱਲਣਾ)
- ਯੂਰੋਲੋਜੀ ਸਰਜਰੀ
  - ਗੁਰਦੇ ਦੀ ਪੱਥਰੀ ਦਾ ਅਪ੍ਰੇਸ਼ਨ (ਪੀ ਸੀ ਐੱਨ ਐੱਲ)
  - ਪਿਸ਼ਾਬ ਦੀ ਨਲੀ ਦੇ ਰਸਤੇ ਪੱਥਰੀ ਦਾ ਅਪ੍ਰੇਸ਼ਨ
  - ਗੁਰਦੇ ਦਾ ਅਪ੍ਰੇਸ਼ਨ
  - ਗਦੂਦਾਂ ਦਾ ਅਪ੍ਰੇਸ਼ਨ
  - ਡੀ.ਜੇ. ਸਟੈਂਟ ਪਾਉਣਾ/ਹਟਾਉਣਾ
  - ਪਿਸ਼ਾਬ ਦੇ ਰੋਗਾਂ ਦਾ ਇਲਾਜ
- ਈ.ਐਨ.ਟੀ. ਸਰਜਰੀ
  - ਟਾਈਮਪੈਨੋਪਲਾਸਟੀ (ਕੰਨ ਦੇ ਪਰਦੇ ਦੀ ਰਿਪੇਅਰ)
  - ਮਾਸਟੋਇਡੈਕਟੋਮੀ (ਕੰਨ ਦਾ ਰਿਸਣਾ-ਹਟਾਉਣਾ)
  - ਟੇਡੇ ਨੱਕ ਦਾ ਅਪ੍ਰੇਸ਼ਨ
  - ਨੱਕ ਦੀ ਵਧੀ ਹੱਡੀ ਅਤੇ ਮਾਸ ਦਾ ਅਪ੍ਰੇਸ਼ਨ
  - ਵਧੇ ਹੋਏ ਟੌਂਸਲ ਦਾ ਅਪ੍ਰੇਸ਼ਨ
  - ਵਧੇ ਹੋਏ ਗਲੈਂਡ ਦਾ ਅਪ੍ਰੇਸ਼ਨ
- ਗਾਇਨਾਕੋਲੋਜੀ
  - ਨਾਰਮਲ ਡਲਿਵਰੀ • ਸਿਜ਼ੇਰੀਅਨ ਡਲਿਵਰੀ
  - ਬੱਚੇਦਾਨੀ ਦੀ ਰਸੌਲੀ • ਬੱਚੇਦਾਨੀ ਕੱਢਣੀ
  - ਵਜਾਇਨਲ ਇਨਫੈਕਸ਼ਨ
  - ਪਿਸ਼ਾਬ ਦੀ ਨਲੀ ਦੀ ਇਨਫੈਕਸ਼ਨ
  - ਅੰਡੇਦਾਨੀ ਦੀ ਬਿਮਾਰੀ

ਗਿਆਨ ਸਾਗਰ ਹਸਪਤਾਲ ਵਿੱਚ ਆਯੂਸ਼ਮਾਨ ਭਾਰਤ ਸਕੀਮ ਅਧੀਨ ਮੁਫਤ ਮੈਡੀਕਲ ਤੇ ਸਰਜੀਕਲ ਇਲਾਜ ਉਪਲੱਬਧ

• ਬਲੱਡ ਬੈਂਕ ਸਹੂਲਤ 24×7 ਸੇਵਾਵਾਂ

ਮੁਫਤ ਸਲਾਹ ਮਾਹਰ ਡਾਕਟਰਾਂ ਦੁਆਰਾ
ਸਮਾਂ : ਸਵੇਰੇ 9.00 ਵਜੇ ਤੋਂ ਸ਼ਾਮ 4 ਵਜੇ ਤੱਕ

24/7 Emergency Services • ਐਂਬੂਲੈਂਸ • ਦਵਾਈਆਂ • ਰੇਡੀਓਲੋਜੀ • ਲੈਬੋਰੇਟਰੀ

E.C.H.S. ਲਾਗੂ ਹੈ

ਰਾਮ ਨਗਰ, ਨੈਸ਼ਨਲ ਹਾਈਵੇ-7 ਰਾਜਪੁਰਾ, ਪਟਿਆਲਾ-140401

## ਨਵ-ਨਿਯੁਕਤ ਸਰਪੰਚ ਨੇ ਸੱਥ ਦੀ ਸਫਾਈ ਤੋਂ ਕੀਤੀ ਸੇਵਾ ਦੀ ਸ਼ੁਰੂਆਤ



**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)**-ਪਿੰਡ ਫਤਿਹਪੁਰ ਦੇ ਸਰਪੰਚ ਮੰਦਰ ਸਿੰਘ ਆਪਣੀ ਪੰਚਾਇਤ ਸਮੇਤ ਸੱਥ ਦੀ ਸਾਫ਼ ਸਫ਼ਾਈ ਕਰਕੇ ਆਪਣੇ ਪਿੰਡ ਦੇ ਸੇਵਾ ਕਾਰਜ ਦੀ ਸ਼ੁਰੂਆਤ ਕੀਤੀ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਮੁਲਾਜ਼ਮ ਆਗੂ ਬਾਬੂ ਸਿੰਘ ਫਤਿਹਪੁਰ ਨੇ ਦੱਸਿਆ ਕਿ ਨਵ-ਨਿਯੁਕਤ ਸਰਪੰਚ ਵੱਲੋਂ ਪਹਿਲਾਂ ਵੀ ਅਜਿਹੇ ਕਾਰਜਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾਂਦਾ ਸੀ ਜਿਵੇਂ ਛੱਪੜਾਂ ਦੇ ਵਿਗੜੇ ਹਾਲਾਤਾਂ ਕਾਰਨ ਪਿੰਡ ਵਾਸੀਆਂ ਨੂੰ ਆਉਂਦੀਆਂ ਸਮੱਸਿਆ ਨੂੰ ਉਠਾਉਣਾ, ਸ਼ਮਸ਼ਾਨ ਘਾਟ ਦੀ ਸਾਫ਼ ਸਫ਼ਾਈ, ਸਕੂਲਾਂ ਨਾਲ ਲੱਗਦੇ ਘੱਗਰ ਦਰਿਆ ਵਿੱਚ ਹੜ੍ਹਾਂ ਦੌਰਾਨ ਪੀੜਤਾਂ ਦੀ ਸਹਾਇਤਾ ਕਰਨਾ। ਇਨ੍ਹਾਂ ਦੀ ਇੱਛਾ ਸੀ ਕਿ ਪਿੰਡ ਵੱਲੋਂ ਜ਼ਿੰਮੇਵਾਰੀ ਮਿਲਣ 'ਤੇ ਉਹ ਆਪਣੇ ਪਿੰਡ ਨੂੰ ਨਾਲ ਲੈ ਕੇ ਪਿੰਡ ਦੀ ਨੁਹਾਰ ਬਦਲਣਗੇ।ਅੱਜ ਉਨ੍ਹਾਂ ਆਪਣੀ ਪੰਚਾਇਤ ਸਮੇਤ ਪਿੰਡ ਦੀ ਸੱਥ ਦੀ ਸਾਫ ਸਫਾਈ ਦੀ ਸ਼ੁਰੂਆਤ ਕੀਤੀ।ਪਿੰਡ ਦੀ ਸੱਥ, ਜੋ ਪਿੰਡ ਦਾ ਦਿਲ ਹੁੰਦੀ ਹੈ, ਸੱਥ ਵਿੱਚ ਹੀ ਬੈਠ ਸਾਡੇ ਬਾਬੇ ਬੋਹੜ ਬਜ਼ੁਰਗ ਆਪਣੇ ਦੁੱਖ-ਸੁੱਖ ਸਾਂਝੇ ਕਰ ਸਮਾਂ ਗੁਜ਼ਾਰਦੇ ਸਨ।ਬਾਹਰੋਂ ਆਉਣ ਵਾਲੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਤੋਂ ਜਾਣੂ ਕਰਵਾਉਣ, ਸਮਾਜ ਸੇਵੀ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਮਨੁੱਖਤਾ ਦੀ ਭਲਾਈ ਦੇ ਕਾਰਜਾਂ ਨੂੰ ਦਰਸਾਉਂਦੇ ਪ੍ਰੋਗਰਾਮ ਆਦਿ ਸੱਥਾਂ ਵਿੱਚ ਹੀ ਕਰਵਾਏ ਜਾਂਦੇ ਹਨ।

## ਸੰਤ ਦਲਜੀਤ ਸਿੰਘ ਸ਼ਿਕਾਗੋ ਵੱਲੋਂ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਦਾ ਦੌਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਥ ਦੇ ਪ੍ਰਸਿੱਧ ਵਿਦਵਾਨ ਤੇ ਦੇਸ਼-ਵਿਦੇਸ਼ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਸੰਤ ਦਲਜੀਤ ਸਿੰਘ ਸ਼ਿਕਾਗੋ ਵਾਲੇ ਇਤਿਹਾਸਕ ਨਗਰ ਮਾਛੀਵਾੜਾ ਸਾਹਿਬ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮੱਥਾ ਟੇਕਿਆ, ਉੱਥੇ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਦਾ ਦੌਰਾ ਕੀਤਾ ਅਤੇ ਪ੍ਰਸਿੱਧ ਚਿੱਤਰਕਾਰ ਤੇ ਅਜਾਇਬ ਘਰ ਦੇ ਚੇਅਰਮੈਨ ਜਗਦੀਸ਼ ਸਿੰਘ ਬਰਾੜ ਨਾਲ ਮੁਲਾਕਾਤ ਕੀਤੀ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸੰਤ ਦਲਜੀਤ ਸਿੰਘ ਆਪਣੀ ਧਰਮਪਤਨੀ ਨਾਲ ਇੱਥੇ ਪਹੁੰਚੇ ਤੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਇੱਕ ਨਿਮਾਣੇ ਸਿੱਖ ਵਾਂਗ ਗੁਰੂ ਘਰਾਂ ਦੇ ਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇੱਥੇ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਨੂੰ ਦੇਖ ਕੇ ਉਨ੍ਹਾਂ ਦਾ ਦਿਲ ਬਹੁਤ ਖੁਸ਼ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਿੱਖ ਅਜਾਇਬ ਘਰ ਹਰੇਕ ਗੁਰੂ ਘਰਾਂ ਨੇੜ੍ਹੇ ਸਥਾਪਤ ਹੋਣੇ ਚਾਹੀਦੇ ਹਨ ਤਾਂ ਜੋ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾਂ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਕੱਲਿਆਂ ਹੀ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਦੀ ਸਥਾਪਨਾ ਕਰਕੇ ਬੜਾ ਵੱਡਾ ਉਪਰਾਲਾ ਕੀਤਾ ਹੈ। ਜਗਦੀਸ਼ ਸਿੰਘ ਬਰਾੜ ਵੱਲੋਂ ਸੰਤ ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਨੂੰ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਦਿੱਤੀ ਤੇ ਬਾਅਦ ਵਿੱਚ ਵੱਡ ਅਕਾਰੀ ਚਿੱਤਰ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਕਾਹਲੋਂ, ਤਰਨਜੋਤ ਸਿੰਘ, ਪੰਥਵੀਰ ਸਿੰਘ, ਪਰਮਜੀਤ ਸਿੰਘ ਮੌਜੂਦ ਸਨ।

## ਮੰਡੀ ਪੰਜੇ ਕੇ ਉਤਾੜ ਸਕੂਲ 'ਚ ਸਰਾਰੀ ਨੇ ਫਲੋਰਿੰਗ ਟਾਈਲ ਲਗਾਉਣ ਦੀ ਕੀਤੀ ਸ਼ੁਰੂਆਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਮੰਡੀ ਪੰਜੇ ਕੇ ਉਤਾੜ ਦੇ ਨਵਨਿਯੁਕਤ ਸਰਪੰਚ ਰਮੇਸ਼ ਕੁਮਾਰ ਸੋਨੂੰ ਕੰਬੋਜ ਵੱਲੋਂ ਆਪਣੇ ਨਿੱਜੀ ਫੰਡ ਵਿੱਚੋਂ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਆਪਣੇ ਕੀਤੇ ਹੋਏ ਵਾਅਦੇ ਮੁਤਾਬਕ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਸ੍ਰ. ਫੌਜਾ ਸਿੰਘ ਸਰਾਰੀ ਹੱਥੋਂ ਲਾਕ ਟਾਇਲ ਲਗਾਉਣ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਬੋਲਦਿਆਂ ਸ੍ਰ. ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਸਰਪੰਚ ਵੱਲੋਂ ਕੰਮ ਦੀ ਸ਼ੁਰੂਆਤ ਵਿੱਦਿਆ ਦੇ ਮੰਦਰ ਤੋਂ ਕੀਤੀ ਗਈ ਹੈ, ਉਨ੍ਹਾਂ ਨੇ ਸਰਪੰਚ ਨੂੰ ਸਭ ਨੂੰ ਨਾਲ ਲੈ ਕੇ ਚੱਲਣ ਤੇ ਵਿਕਾਸ ਕਰਨ ਲਈ ਅਸ਼ੀਰਵਾਦ ਦਿੱਤਾ।ਇਸ ਮੌਕੇ ਸਰਪੰਚ ਰਮੇਸ਼ ਕੁਮਾਰ ਸੋਨੂੰ ਵੱਲੋਂ ਵਿਧਾਇਕ ਫੌਜਾ ਸਿੰਘ ਸਰਾਰੀ ਨੂੰ ਭਰੋਸਾ ਦਿੱਤਾ ਗਿਆ ਕਿ ਤੁਹਾਡੇ ਅਸ਼ੀਰਵਾਦ ਸਦਕਾ ਮੈਂ ਪੰਜੇ ਕੇ ਉਤਾੜ ਨੂੰ ਨਮੂਨੇ ਦਾ ਪਿੰਡ ਬਣਾਵਾਂਗਾ।ਉਨ੍ਹਾ ਕਿਹਾ ਕਿ ਛੇ ਮਹੀਨਿਆਂ ਦੇ ਅੰਦਰ ਅੰਦਰ ਨਗਰ ਨਿਵਾਸੀਆਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦਿੱਤਾ ਜਾਵੇਗਾ।ਇਸ ਮੌਕੇ ਹਰੀ ਚੰਦ ਸਾਬਕਾ ਸਰਪੰਚ ਨੇ ਬੋਲਦਿਆਂ ਕਿਹਾ ਕਿ ਮੈਂ ਹਰ ਉਸ ਨੌਜਵਾਨ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬੜੀ ਸੂਝ ਤੋਂ ਕੰਮ ਲੈਂਦਿਆਂ ਬਿਨਾਂ ਕਿਸੇ ਵਿਵਾਦ ਤੋਂ ਇਲੈਕਸ਼ਨ ਸਿਰੇ ਚੜ੍ਹਾਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਪਾਰ ਮੰਡਲ ਪੰਜੇ ਕੇ ਉਤਾੜ ਦੇ ਪ੍ਰਧਾਨ ਵਕੀਲ ਭਠੇਜਾ, ਮੁਰਾਰੀ ਲਾਲ ਨੰਬਰਦਾਰ, ਭਜਨ ਲਾਲ ਮਰੋਕ, ਕ੍ਰਿਸ਼ਨ ਲਾਲ, ਕਸ਼ਮੀਰ ਲਾਲ, ਦੀਪਕ ਭਠੇਜਾ, ਪਵਨ ਕੁਮਾਰ ਧਵਨ, ਡਿਪਟੀ ਲਾਲ, ਮਨੀਸ਼ ਭਠੇਜਾ, ਦਰਬਾਰ ਚੰਦ, ਰਾਮ ਕਿਸ਼ਨ ਢੋਟ, ਸੁੰਦਰ ਰਾਮ ਵਿਨਾਇਕ, ਬੱਬੂ ਢੋਟ, ਭਾਈ ਰਾਮ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਗੁਰਮੀਤ ਸਿੰਘ ਪ੍ਰਧਾਨ ਚਿੰਤਪੁਰਨੀ ਸੇਵਕ ਸਭਾ, ਜੰਗੀਰ ਸਿੰਘ ਮੈਂਬਰ, ਰਾਜ਼ ਸਿੰਘ ਮੈਂਬਰ ਆਦਿ ਹਾਜ਼ਰ ਸਨ।

## ਡਾ. ਨਰਵਿੰਦਰ ਕੌਸ਼ਲ ਨੂੰ ਗਵਰਨਿੰਗ ਕੌਂਸਲ ਦਾ ਮੈਂਬਰ ਬਣਨ 'ਤੇ ਕੀਤਾ ਸਨਮਾਨਤ



**ਸੰਗਰੂਰ (ਪ੍ਰਵੀਨ ਕੁਮਾਰ)**-ਸਥਾਨਕ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਮੁੱਖ ਦਫ਼ਤਰ ਬਨਾਸਰ ਬਾਗ ਵਿਖੇ ਸੰਸਥਾ ਦੇ ਪ੍ਰਧਾਨ ਤੇ ਸਾਬਕਾ ਡੀਨ ਕੁਰੂਕਸ਼ੇਤਰਾ ਯੂਨੀਵਰਸਿਟੀ ਡਾ. ਨਰਵਿੰਦਰ ਕੌਸ਼ਲ ਨੂੰ ਫੈਡਰੇਸ਼ਨ ਆਫ਼ ਸੀਨੀਅਰ ਸਿਟੀਜਨ ਐਸੋਸੀਏਸ਼ਨ ਪੰਜਾਬ ਦੀ ਗਵਰਨਿੰਗ ਕੌਂਸਲ ਦਾ ਮੈਂਬਰ ਮਨੋਨੀਤ ਕੀਤੇ ਜਾਣ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ੍ਰ. ਜਗਜੀਤ ਸਿੰਘ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਨੂੰ ਜੇਕਰ ਯੋਗ ਅਗਵਾਈ ਮਿਲਦੀ ਰਹੇ ਤਾਂ ਇੱਕ ਨਰੋਏ ਸਮਾਜ ਦੀ ਸਿਰਜਣਾ ਕਰਨ ਵਿੱਚ ਇਸ ਪ੍ਰਕਾਰ ਸੰਸਥਾਵਾਂ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਸਕਣ ਵਿੱਚ ਸਫਲ ਹੋ ਸਕਦੀਆਂ ਹਨ। ਐਸੋਸੀਏਸ਼ਨ ਦੇ ਚੇਅਰਮੈਨ ਇੰਜੀਨੀਅਰ ਪ੍ਰਵੀਨ ਬਾਂਸਲ ਨੇ ਇਸ ਮੌਕੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਪ੍ਰਧਾਨ ਨੂੰ ਫੈਡਰੇਸ਼ਨ ਆਫ ਸੀਨੀਅਰ ਸਿਟੀਜਨ ਐਸੋਸੀਏਸ਼ਨ ਪੰਜਾਬ ਵਿੱਚ ਨੁਮਾਇੰਦਗੀ ਮਿਲੀ ਹੈ।ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਤੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾਈ ਮੁੱਖ ਬੁਲਾਰੇ ਤੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਨਰਵਿੰਦਰ ਸਿੰਘ ਕੌਸ਼ਲ ਨੂੰ ਮੈਂਬਰ ਮਨੋਨੀਤ ਕੀਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।ਪ੍ਰਧਾਨ ਡਾ. ਨਰਵਿੰਦਰ ਕੌਸ਼ਲ ਨੇ ਮੈਂਬਰ ਬਣਾਏ ਜਾਣ 'ਤੇ ਫੈਡਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਹੀ ਬਜ਼ੁਰਗਾਂ ਦੀ ਭਲਾਈ ਲਈ ਕੰਮ ਕਰਦੇ ਆ ਰਹੇ ਹਨ ਤੇ ਅੱਗੇ ਤੋਂ ਵੀ ਕਰਦੇ ਰਹਿਣਗੇ।ਇਸ ਮੌਕੇ ਸੰਸਥਾ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਸੀਨੀਅਰ ਮੀਤ ਪ੍ਰਧਾਨ ਪ੍ਰੋਫੈਸਰ ਸੁਰੇਸ਼ ਗੁੱਪਤਾ, ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਜੱਸੀ, ਵਿੱਤ ਸਕੱਤਰ ਸ਼ਕਤੀ ਮਿੱਤਲ ਤੇ ਰਾਜ ਕੁਮਾਰ ਬਾਂਸਲ ਵੱਲੋਂ ਡਾ. ਨਰਵਿੰਦਰ ਸਿੰਘ ਕੌਸ਼ਲ ਨੂੰ ਮੁਬਾਰਕਬਾਦ ਦਿੰਦੇ ਹੋਏ ਸਨਮਾਨਤ ਕੀਤਾ ਗਿਆ ਅਤੇ ਸ਼ੁੱਭ-ਇੱਛਾਵਾਂ ਦਿੱਤੀਆਂ ਗਈਆਂ।

## ਜਾਦੂਗਰ ਮਨੋਜ ਕੁਮਾਰ ਨੇ ਦਿਖਾਈ ਕਲਾਕਾਰੀ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ. ਸੈਕੰ. ਸਕੂਲ ਵਿਖੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਜਾਦੂਗਰ ਮਨੋਜ ਕੁਮਾਰ ਦੀ ਜਾਦੂਗਰੀ ਦਾ ਪ੍ਰੋਗਰਾਮ ਕਰਾਇਆ ਗਿਆ।ਬੰਗਾਲ ਦੇ ਰਹਿਣ ਵਾਲੇ ਇਸ ਜਾਦੂਗਰ ਵੱਲੋਂ ਵਿਦਿਆਰਥੀਆਂ ਤੇ ਸਮੂਹ ਅਧਿਆਪਕ ਸਹਿਬਾਨਾਂ ਦਾ ਜਾਦੂ ਦੀ ਕਲਾ ਨਾਲ ਮਨੋਰੰਜਨ ਕੀਤਾ ਗਿਆ, ਜਿਵੇਂ ਇੱਕ 50 ਦੇ ਨੋਟ ਤੋਂ ਕਈ 500 ਦੇ ਨੋਟ ਬਣਾਉਣੇ, ਫੁੱਲਾਂ ਤੇ ਰੁਮਾਲਾਂ ਦਾ ਰੰਗ ਬਦਲਣਾ, ਕਿਸੇ ਚੀਜ਼ ਨੂੰ ਗਾਇਬ ਕਰਨਾ।ਮਨੋਜ ਕੁਮਾਰ ਨੇ ਦੱਸਿਆ ਕਿ ਇਹ ਇੱਕ ਕਲਾ ਤੇ ਹੱਥ ਦੀ ਸਫ਼ਾਈ ਹੈ, ਕੋਈ ਤੰਤਰ-ਮੰਤਰ ਨਹੀਂ, ਜਿਸ ਵਿੱਚ ਕਿਸੇ ਨੂੰ ਭਰਮਾਇਆ ਜਾ ਸਕੇ।ਇਸ ਨੂੰ ਆਮ ਵਿਅਕਤੀ ਵੀ ਸਖ਼ਤ ਮਿਹਨਤ ਨਾਲ ਸਿੱਖ ਸਕਦਾ ਹੈ, ਜਿਸ ਲਈ ਉਨ੍ਹਾਂ ਨੇ ਬੱਚਿਆ ਨੂੰ ਕਿਤਾਬਾਂ ਵੀ ਦਿੱਤੀਆਂ ਕਿ ਕਿਵੇਂ ਇਸ ਕਲਾ ਨੂੰ ਸਿੱਖਿਆ ਜਾ ਸਕਦਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਪ੍ਰੋ. ਬਲਜੀਤ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਰੈੱਡ ਕਰਾਸ ਸੰਸਥਾ ਵੱਲੋਂ ਸਕੂਲ ਵਿੱਚ ਆਯੋਜਤ ਕਰਾਇਆ ਗਿਆ ਹੈ, ਜਿਸ ਅਨੁਸਾਰ ਰੈੱਡ ਕਰਾਸ ਸੰਸਥਾ ਵੱਲੋਂ ਚੰਦਾ ਇਕੱਠਾ ਕੀਤਾ ਜਾਂਦਾ ਹੈ ਤੇ ਉਸ ਚੰਦੇ ਤੋਂ ਅੰਗਹੀਣਾਂ ਲਈ ਬੈਟਰੀ ਵਾਲੇ ਰਿਕਸ਼ਾ, ਵਿਧਵਾ ਔਰਤਾਂ ਲਈ ਸਿਲਾਈ ਮਸ਼ੀਨਾਂ ਅਤੇ ਹੋਰ ਕਈ ਲੋੜਵੰਦ ਪਵਿਾਰਾਂ ਲਈ ਜ਼ਰੂਰੀ ਸਹੂਲਤਾਂ ਸੰਸਥਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।ਇਸ ਸਮੇਂ ਸਾਰਾ ਟੀਚਿੰਗ ਤੇ ਨਾਨ-ਟੀਚਿੰਗ ਅਮਲਾ ਹਾਜ਼ਰ ਸੀ, ਜਿਨ੍ਹਾਂ ਵਿੱਚ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ, ਹਰਿੰਦਰ ਦੀਪ ਸ਼ਰਮਾ, ਕਾਜਲ ਅਨੰਦ, ਸਿਮਰਜੀਤ ਕੌਰ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਜਯੋਤੀ, ਮਨਜੋਤ ਕੌਰ, ਨਰਿੰਦਰ ਸਿੰਘ (ਕਮਿਸਟਰੀ) ਤੇ ਰਜਿੰਦਰ ਸਿੰਘ ਆਦਿ ਸ਼ਾਮਿਲ ਸਨ।

## ਭਾਸ਼ਾ ਵਿਭਾਗ ਵੱਲੋਂ ਸਰਵੋਤਮ ਪੁਸਤਕ ਪੁਰਸਕਾਰਾਂ ਦਾ ਐਲਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਉਰਦੂ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਤਹਿਤ ਵਿਭਾਗ ਵੱਲੋਂ ਸਾਲ 2024 ਲਈ ਹਿੰਦੀ ਦੇ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 4 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ।ਇਸ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ੍ਰ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2024 ਦੇ ਪੰਜਾਬੀ ਮਾਹ ਦੇ ਰਾਜ ਪੱਧਰੀ ਸਮਾਗਮਾਂ ਦੌਰਾਨ ਭਾਸ਼ਾ ਭਵਨ ਪਟਿਆਲਾ ਵਿਖੇ ਪ੍ਰਦਾਨ ਕੀਤੇ ਜਾਣਗੇ।ਉਨ੍ਹਾ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ 2023 ਸਾਲ ਦੌਰਾਨ ਛਪੀਆਂ ਪੁਸਤਕਾਂ ਦੀ ਸਰਵੋਤਮ ਪੁਸਤਕ ਪੁਰਸਕਾਰਾਂ ਲਈ ਮੰਗ ਕੀਤੀ ਗਈ ਸੀ ਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਵਿਸ਼ਾ ਮਾਹਰਾਂ ਤੋਂ ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਕਰਵਾਇਆ ਗਿਆ ਅਤੇ ਸਰਵੋਤਮ ਪੁਸਤਕਾਂ ਦੀ ਚੋਣ ਕੀਤੀ ਗਈ। ਇਸ ਪੁਰਸਕਾਰ 'ਚ ਇਨਾਮੀ ਰਾਸ਼ੀ ਦੇ ਨਾਲ-ਨਾਲ ਇਕ ਪਲੇਕ ਤੇ ਸ਼ਾਲ ਭੇਟ ਕੀਤੀ ਜਾਵੇਗੀ।ਸ੍ਰ. ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਐਲਾਨੇ ਗਏ ਸਾਲ 2024 ਨਾਲ ਸਬੰਧਤ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਤਹਿਤ ਗਿਆਨੀ ਸੰਤ ਸਿੰਘ ਪੁਰਸਕਾਰ (ਕਵਿਤਾ) ਡਾ. ਬਲਵਿੰਦਰ ਸਿੰਘ ਦੀ ਪੁਸਤਕ 'ਉਮੀਦ ਕੀ ਹਥੇਲੀਆਂ' ਨੂੰ, ਸੁਦਰਸ਼ਨ ਪੁਰਸਕਾਰ (ਕਹਾਣੀ/ਨਾਵਲ) ਰਾਘਵੇਂਦ੍ਰ ਸੈਨੀ ਦੀ ਪੁਸਤਕ 'ਚੁਨੌਤੀਆਂ' ਨੂੰ, ਇੰਦਰਨਾਥ ਮਦਾਨ ਪੁਰਸਕਾਰ (ਆਲੋਚਨਾ/ ਸੰਪਾਦਨ) ਮਨੋਜ ਕੁਮਾਰ ਪ੍ਰੀਤ ਦੀ ਪੁਸਤਕ 'ਬਾਬਾ ਬੁੱਲੇਸ਼ਾਹ' ਨੂੰ, ਬਾਲ ਸਾਹਿਤਯ ਪੁਰਸਕਾਰ ਡਾ. ਫਕੀਰ ਚੰਦ ਸ਼ੁਕਲਾ ਦੀ ਪੁਸਤਕ 'ਸਫਲਤਾ ਕਦਮ ਚੁੰਮੇਗੀ' ਨੂੰ ਪ੍ਰਦਾਨ ਕੀਤਾ ਜਾਵੇਗਾ।ਸਾਲ 2021 ਦਾ ਨਾਨਕ ਸਿੰਘ ਪੁਰਸਕਾਰ (ਨਾਵਲ) ਬਲਦੇਵ ਸਿੰਘ ਦੀ ਪੁਸਤਕ 'ਸੂਰਜ ਕਦੇ ਮਰਦਾ ਨਹੀਂ' ਨੂੰ ਦਿੱਤਾ ਜਾਵੇਗਾ।

## ਜ਼ਮੀਨ ਮੁਆਵਜ਼ੇ ਸੰਬੰਧੀ ਘੁਟਾਲੇ 'ਚ ਏ ਡੀ ਸੀ (ਡੀ) ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸੂਬੇ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਢਿੱਲੋਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਦੱਸਣਯੋਗ ਹੈ ਕਿ ਇਸ ਮੁਲਜ਼ਮ ਨੂੰ ਪਟਿਆਲਾ ਜ਼ਿਲ੍ਹੇ 'ਚ ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਪ੍ਰਾਜੈਕਟ ਲਈ ਐਕੁਆਇਰ ਕੀਤੀ ਜ਼ਮੀਨ ਸਬੰਧੀ ਜਾਰੀ ਮੁਆਵਜ਼ੇ ਵਿੱਚ ਘਪਲਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਟਿਆਲਾ ਦੇ ਤਤਕਾਲੀ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ (ਡੀ.ਡੀ.ਪੀ.ਓ.) ਸੁਰਿੰਦਰ ਢਿੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਵਿੱਚ ਨਾਮਜ਼ਦ ਕੀਤਾ ਗਿਆ ਸੀ।ਉਸ ਖ਼ਿਲਾਫ਼ ਆਈ.ਪੀ.ਸੀ. ਦੀ ਬੀ ਦੇ ਨਾਲ-ਨਾਲ ਪੀ.ਸੀ. (ਸੋਧ) ਰਾਹੀਂ ਸੋਧੇ ਹੋਏ ਭ੍ਰਿਸ਼ਟਾਚਾਰ ਰੋਕ ਤਹਿਤ ਮਾਮਲਾ ਦਰਜ ਕੀਤਾ ਗਿਆ।ਇਹ ਦੋਸ਼ ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਪ੍ਰਾਜੈਕਟ ਲਈ ਪਟਿਆਲਾ ਜ਼ਿਲ੍ਹੇ ਦੇ ਸ਼ੰਭੂ ਬਲਾਕ ਦੇ ਪਿੰਡ ਆਕੜੀ, ਸੇਹਰਾ, ਸੇਹਰੀ, ਤਖ਼ਤੂਮਾਜਰਾ ਤੇ ਪੱਬਰਾ ਦੀ ਐਕੁਆਇਰ ਕੀਤੀ ਗਈ 1,103 ਏਕੜ ਜ਼ਮੀਨ ਸਬੰਧੀ ਜਾਰੀ ਕੀਤੇ ਗਏ 285 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵਿੱਚ ਘਪਲਾ ਕਰਨ ਤੇ ਡਿਊਟੀ ਸਹੀ ਢੰਗ ਨਾਲ ਨਿਭਾਉਣ ਵਿੱਚ ਨਾਕਾਮ ਰਹਿਣ ਨਾਲ ਸਬੰਧਤ ਹਨ।ਵਿਜੀਲੈਂਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਅਲਾਟ ਕੀਤੇ ਗਏ ਫੰਡਾਂ ਦਾ 30 ਫ਼ੀਸਦ ਬੀ.ਡੀ.ਪੀ.ਓ. ਦਫ਼ਤਰ ਦੇ ਸਕੱਤਰ, ਤਨਖ਼ਾਹਾਂ ਦੇ ਖਾਤੇ ਵਿੱਚ ਜਮ੍ਹਾਂ ਹੋਣਾ ਸੀ, ਜੋ ਸਹੀ ਢੰਗ ਨਾਲ ਨਹੀਂ ਕਰਾਇਆ ਗਿਆ।ਇਸ ਦੇ ਨਾਲ ਹੀ ਨਿਯਮਾਂ ਅਨੁਸਾਰ ਬਾਕੀ ਬਚੇ ਫੰਡਾਂ ਦਾ ਮਹਿਜ਼ 10 ਫ਼ੀਸਦੀ ਹੀ ਇਨ੍ਹਾਂ ਪੰਜ ਪਿੰਡਾਂ ਦੇ ਵਿਕਾਸ 'ਤੇ ਲਾਇਆ ਜਾਣਾ ਸੀ, ਜਦੋਂਕਿ ਉਕਤ ਮੁਲਜ਼ਮ ਨੇ ਕਾਗਜ਼ਾਂ ਵਿੱਚ ਦਿਖਾਏ ਰਿਕਾਰਡ ਅਨੁਸਾਰ 65 ਕਰੋੜ ਰੁਪਏ ਵਿਕਾਸ ਕਾਰਜਾਂ 'ਤੇ ਖਰਚ ਦਿੱਤੇ।ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਵਿਕਾਸ ਪ੍ਰਾਜੈਕਟ ਤਾਂ ਸਿਰਫ਼ ਕਾਗਜ਼ਾਂ ਵਿੱਚ ਹੀ ਹਨ ਤੇ ਜੋ ਕੰਮ ਕੀਤਾ ਗਿਆ ਹੈ, ਉਹ ਵੀ ਲੋੜੀਂਦੇ ਤਕਨੀਕੀ ਮਾਪਦੰਡਾਂ 'ਤੇ ਖ਼ਰਾ ਨਹੀਂ ਉੱਤਰਦਾ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਸ ਕੇਸ ਦੀ ਜਾਂਚ ਦੌਰਾਨ ਇਨ੍ਹਾਂ ਪਿੰਡਾਂ ਦੇ ਕੁਝ ਸਰਪੰਚਾਂ ਤੇ ਪੰਚਾਇਤ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।ਇਸ ਤੋਂ ਇਲਾਵਾ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਸਮੇਤ ਉਨ੍ਹਾਂ ਦੇ ਪੁੱਤਰ ਅਤੇ ਸਾਥੀਆਂ ਨੂੰ ਵੀ ਪੁੱਛਗਿੱਛ ਦੌਰਾਨ ਕੇਸ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ।

## ਪੰਜਾਬ ਸਰਕਾਰ ਵੱਲੋਂ ਯੂਥ ਕਲੱਬਾਂ ਨੂੰ ਦਿੱਤੀ ਜਾਵੇਗੀ ਨਗਦ ਰਾਸ਼ੀ : ਡੀ ਸੀ

### ਜ਼ਿਲ੍ਹੇ ਦੇ ਯੂਥ ਕਲੱਬ 15 ਨਵੰਬਰ ਤੱਕ ਕਰ ਸਕਦੇ ਹਨ ਅਪਲਾਈ

**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਮਾਨਸਾ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁਵਕ ਸੇਵਾਵਾਂ ਵਿਭਾਗ ਮਾਨਸਾ ਨਾਲ ਸਬੰਧਤ ਯੂਥ ਕਲੱਬਾਂ ਨੂੰ ਨਗਦ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ।ਇਸ ਸਬੰਧੀ ਪਿਛਲੇ 2 ਸਾਲਾਂ ਤੋਂ ਕੰਮ ਕਰ ਰਹੇ ਯੂਥ ਕਲੱਬ ਆਪਣੀ ਫਾਇਲ 15 ਨਵੰਬਰ 2024 ਤੱਕ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫ਼ਤਰ, ਬਹੁਮੰਤਵੀ ਖੇਡ ਸਟੇਡੀਅਮ ਮਾਨਸਾ ਵਿਖੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਜਮ੍ਹਾਂ ਕਰਵਾ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਲੱਬ ਯੁਵਕ ਸੇਵਾਵਾਂ ਵਿਭਾਗ ਤੋਂ ਮਾਨਤਾ ਪ੍ਰਾਪਤ ਹੋਣਾ ਚਾਹੀਦਾ ਹੈ ਤੇ ਕਲੱਬ ਦਾ ਬੈਂਕ ਖਾਤਾ ਹੋਣਾ ਲਾਜ਼ਮੀ ਹੈ।ਕਲੱਬ ਸਿਰਫ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਹੋਣੇ ਚਾਹੀਦੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਵਿੱਤੀ ਸਹਾਇਤਾ ਪ੍ਰਾਪਤ ਕਰ ਚੁੱਕੇ ਕਲੱਬ ਵਿਚਾਰੇ ਨਹੀਂ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਰਘਵੀਰ ਸਿੰਘ ਮਾਨ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਮਿਸ਼ਨ ਨੇ ਬਜ਼ੁਰਗਾਂ ਨਾਲ ਸਾਂਝੀ ਕੀਤੀ ਦੀਵਾਲੀ ਦੀ ਖੁਸ਼ੀ

### ਮਠਿਆਈਆਂ ਤੇ ਫਲ ਵੰਡ ਕੇ ਅਸ਼ੀਰਵਾਦ ਲਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸੰਸਥਾ ਵੱਲੋਂ ਸਥਾਨਕ ਜਲਾਲਾਬਾਦ ਰੋਡ ਸਥਿਤ ਬਿਰਧ ਆਸ਼ਰਮ ਵਿਖੇ ਦਿਵਾਲੀ ਸਮਾਰੋਹ ਕੀਤਾ ਗਿਆ।ਮਿਸ਼ਨ ਦੇ ਚੇਅਰਮੈਨ ਲਾਇਨ ਨਿਰੰਜਣ ਸਿੰਘ ਰੱਖਰਾ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਰੋਹ ਵਿੱਚ ਮਿਸ਼ਨ ਦੇ ਪੈਟਰਨ ਡਾ. ਸੁਰਿੰਦਰ ਗਿਰਧਰ ਤੇ ਪ੍ਰਦੀਪ ਧੁੜੀਆ, ਸੀਨੀਅਰ ਮੀਤ ਪ੍ਰਧਾਨ ਚੌ. ਬਲਬੀਰ ਸਿੰਘ, ਸੀਨੀਅਰ ਆਗੂ ਸ਼ੈਲਜਾ ਗਿਰਧਰ, ਸੀਨੀਅਰ ਮੈਂਬਰ ਬਲਜੀਤ ਸਿੰਘ ਕੋਅਪ੍ਰੇਟਿਵ, ਅਰਨਵ ਗਿਰਧਰ, ਨਰਿੰਦਰ ਕਾਕਾ ਫੋਟੋਗ੍ਰਾਫਰ, ਪ੍ਰਿਆ (ਵਿੱਕੀ) ਆਦਿ ਮੌਜੂਦ ਸਨ।ਬਿਰਧ ਆਸ਼ਰਮ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਦਰਦੀ, ਜਨਰਲ ਸਕੱਤਰ ਭੂਸ਼ਣ ਸੁਖੀਜਾ ਤੇ ਸਮਾਜ ਸੇਵਕਾ ਦੇ ਮੋਹਰੀ ਲਾਇਨ ਬੂਟਾ ਰਾਮ ਕਮਰਾ ਵਿਸ਼ੇਸ਼ ਰੂਪ ਵਿੱਚ ਮੌਜੂਦ ਸਨ।ਸਮਾਰੋਹ ਦੌਰਾਨ ਚੇਅਰਮੈਨ ਰੱਖਰਾ ਨੇ ਸਭਨਾਂ ਨੂੰ ਦਿਵਾਲੀ ਦੀ ਅਗਾਊਂ ਵਧਾਈ ਦਿੱਤੀ ਅਤੇ ਸਾਰਿਆਂ ਲਈ ਤੰਦਰੁਸਤੀ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ।ਸਮਾਰੋਹ ਦੌਰਾਨ ਮਿਸ਼ਨ ਦੇ ਸੰਸਥਾਪਕ ਮੈਂਬਰ ਨੀਰਜ ਚਾਵਲਾ ਦੇ ਸਹਿਯੋਗ ਨਾਲ ਆਸ਼ਰਮ ਵਿਖੇ ਸੇਬ, ਕੇਲੇ ਤੇ ਨਾਸ਼ਪਾਤੀਆਂ ਵੰਡੀਆਂ। ਮਿਸ਼ਨ ਦੀ ਸੀਨੀਅਰ ਮੈਂਬਰ ਸ਼ੈਲਜਾ ਗਿਰਧਰ ਦੇ ਪਰਵਾਰ ਵੱਲੋਂ ਆਸ਼ਰਮ ਵਿਖੇ ਗੁਲਾਬ ਜਾਮੁਨ ਵੰਡ ਕੇ ਸਾਰਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ।

ਉਕਤ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਰੱਖਰਾ ਨੇ ਦੱਸਿਆ ਕਿ ਸਮਾਰੋਹ ਦੌਰਾਨ ਆਸ਼ਰਮ ਦੀ ਕਮੇਟੀ ਵੱਲੋਂ ਲਾਇਨ ਬੂਟਾ ਰਾਮ ਕਮਰਾ ਨੇ ਸਮੂਹ ਮਿਸ਼ਨ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ।

ਆਪਣੇ ਸੰਬੋਧਨ ਸਮੇਂ ਸ੍ਰੀ ਕਮਰਾ ਨੇ ਮਿਸ਼ਨ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਵੱਲੋਂ ਸੰਸਥਾ ਨੂੰ ਦਿੱਤੀ ਜਾ ਰਹੀ ਅਗਵਾਈ ਤੇ ਵਧੀਆ ਸੋਚ ਲਈ ਉਨ੍ਹਾਂ ਨੂੰ ਵਧਾਈ ਦਿੱਤੀ।ਸਮਾਰੋਹ ਦੇ ਅੰਤ ਵਿੱਚ ਮਿਸ਼ਨ ਮੈਂਬਰਾਂ ਤੇ ਪ੍ਰਬੰਧਕੀ ਕਮੇਟੀ ਨੇ ਬਜ਼ੁਰਗਾਂ ਨਾਲ ਚਾਹ ਪਾਣੀ ਦਾ ਵੀ ਅਨੰਦ ਮਾਣਿਆ।

## ਵਿਦਿਆਰਥੀਆਂ ਨੂੰ ਲਵਾਇਆ ਹਿਮਾਚਲ ਪ੍ਰਦੇਸ਼ ਦਾ ਟੂਰ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕੌਮੀ ਸੇਵਾ ਯੋਜਨਾ (ਐਨਐਸਐਸ) ਵਿਭਾਗ, ਚੇਅਰਮੈਨ ਐਸ.ਐਸ.ਚੱਠਾ ਦੀ ਰਹਿਨੁਮਾਈ ਹੇਠ ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਦਾ ਤਿੰਨ ਦਿਨ-ਰਾਤਾਂ ਦਾ ਸਫ਼ਲ ਟੂਰ ਪ੍ਰੋਗਰਾਮ ਆਯੋਜਤ ਕਰਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਸ਼ੋਭਾ ਸਿੰਘ ਆਰਟ ਗੈਲਰੀ, ਸਾਇੰਸ ਸਿਟੀ, ਪ੍ਰਾਚੀਨ ਬੈਜਨਾਥ ਮੰਦਰ, ਬੀੜ ਬਿਲਿੰਗ ਵਿਖੇ ਪੈਰਾਗਲਾਈਡਿੰਗ, ਬੁੱਧ ਧਰਮ ਮੰਦਰ ਮੋਨਟੈਸਰੀ, ਮੈਕਲੋਡਗੰਜ ਵਾਟਰ ਫਾਲ ਸਮੇਤ ਧਰਮਸ਼ਾਲਾ ਦੀਆਂ ਪਹਾੜੀਆਂ, ਪਾਣੀ ਝਰਨਿਆਂ ਦੇ ਅਦਭੁੱਤ ਨਜ਼ਾਰਿਆਂ ਦਾ ਆਨੰਦ ਲੈਣ ਤੋਂ ਇਲਾਵਾ ਪਹਾੜੀਆਂ ਵਿੱਚ ਟ੍ਰੈਕਿੰਗ ਤੇ ਕਈ ਹੋਰ ਸੁੰਦਰ ਸਥਾਨਾਂ ਦੀ ਸੈਰ ਕੀਤੀ ਤੇ ਭਰਪੂਰ ਜਾਣਕਾਰੀ ਹਾਸਲ ਕੀਤੀ।ਫ਼ਤਿਹ ਗਰੁੱਪ ਦੇ ਸੀਨੀਅਰ ਸੈਕੰਡਰੀ ਸਕੂਲ ਤੇ ਐਜੂਕੇਸ਼ਨ ਕਾਲਜ ਦੇ ਵਿਦਿਆਰਥੀਆਂ ਨੇ 13 ਅਕਤੂਬਰ ਸਵੇਰੇ ਕਾਲਜ ਕੈਂਪਸ ਤੋਂ ਹਿਮਾਚਲ ਪ੍ਰਦੇਸ਼ ਲਈ ਟੂਰਿਸਟ ਏਸੀ ਬੱਸ 'ਤੇ ਰਵਾਨਾ ਹੋਏ।ਉਨ੍ਹਾਂ ਆਪਣੇ ਸਟਾਫ਼ ਦੀ ਮਦਦ ਨਾਲ ਟੂਰ ਸਫ਼ਰ ਦੌਰਾਨ ਗੀਤ ਸੰਗੀਤ ਦੀ ਪੇਸ਼ਕਾਰੀ ਕਰਦਿਆਂ ਸਾਜ਼ਗਾਰ ਮਾਹੌਲ ਸਿਰਜਿਆ।ਟੂਰ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਧਰਮਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ ਤੇ ਜਾਣਕਾਰੀ ਲਈ।ਸਾਇੰਸ ਸਿਟੀ ਪਾਲਮਪੁਰ ਵਿਸ਼ੇਸ਼ ਆਕਰਸ਼ਨ ਦਾ ਕੇਂਦਰ ਰਹੀ, ਜਿੱਥੇ ਵਿਦਿਆਰਥੀਆਂ ਨੇ ਸਾਇੰਸ ਨਾਲ ਜੁੜੇ ਮਹੱਤਵਪੂਰਨ ਵਿਸ਼ਿਆਂ ਦੇ ਮਾਡਲ ਤੇ ਨਵੀਆਂ ਤਕਨੀਕਾਂ ਦੀ ਜਾਣਕਾਰੀ ਪ੍ਰਾਪਤ ਕੀਤੀ।ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਨੇ ਕਿਹਾ ਕਿ ਐਨਐਸਐਸ, ਸਕਾਊਟ ਐਂਡ ਗਾਈਡਜ਼ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਬੇਹੱਦ ਰੋਮਾਂਚਕ ਪ੍ਰੋਗਰਾਮ ਸੰਚਾਲਿਤ ਕੀਤੇ ਜਾਂਦੇ ਹਨ, ਜਿਸਦਾ ਵਿਦਿਆਰਥੀ ਜੀਵਨ 'ਤੇ ਗਹਿਰਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ।ਉਨ੍ਹਾਂ ਦੱਸਿਆ ਕਿ ਸੰਸਥਾ ਦੇ ਵਿਦਿਆਰਥੀ ਉਕਤ ਗਤੀਵਿਧੀਆਂ ਕਾਰਨ ਦੇਸ਼ਾਂ-ਵਿਦੇਸ਼ਾਂ ਤੋਂ ਇਲਾਵਾ ਦੇਸ਼ ਦੇ ਰਾਸ਼ਟਰਪਤੀ ਤੋਂ ਵੀ ਸਨਮਾਨਤ ਹੋ ਕੇ ਸੰਸਥਾ ਦਾ ਮਾਣ ਵਧਾ ਚੁੱਕੇ ਹਨ।ਸਾਇੰਸ ਵਿਭਾਗ ਮੁਖੀ ਕਰਮਜੀਤ ਕੌਰ, ਐਜੂਕੇਸ਼ਨ ਵਿਭਾਗ ਦੇ ਡਾ ਗੁਰਵਿੰਦਰ ਸਿੰਘ, ਕ੍ਰਿਸ਼ਨ ਸਿੰਘ, ਪ੍ਰੋ ਅਨੀਕਾ ਦੀ ਯੋਗ ਅਗਵਾਈ ਹੇਠ ਟੂਰ ਦੇ ਸਫ਼ਲ ਹੋਣ ਤੇ ਸੰਸਥਾ ਦੇ ਐਮਡੀ ਮਨਜੀਤ ਕੌਰ ਚੱਠਾ, ਪ੍ਰਿੰਸੀਪਲ ਡਾ. ਜਗਵਿੰਦਰ ਸਿੰਘ, ਰਜਿਸਟਰਾਰ ਡਾ. ਰਜਿੰਦਰ ਕੁਮਾਰ ਤ੍ਰਿਪਾਠੀ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਮੁੱਖ ਕੈਸ਼ੀਅਰ ਚਿੰਟੂ ਕੁਮਾਰ ਰਾਮਪੁਰਾ, ਸੁਪਰਡੈਂਟ ਕੁਲਵਿੰਦਰ ਸਿੰਘ, ਕੁਲਦੀਪ ਕੌਰ, ਐਜੂਕੇਸ਼ਨ ਵਿਭਾਗ ਦੇ ਸੰਦੀਪ ਕੌਰ, ਸੁਖਜੀਤ ਕੌਰ, ਰਮਨਪ੍ਰੀਤ ਕੌਰ, ਮਨਦੀਪ ਕੌਰ, ਜਸਪ੍ਰੀਤ ਕੌਰ ਤੋਂ ਇਲਾਵਾ ਸਮੂਹ ਸਟਾਫ ਨੇ ਸ਼ੁਭਕਾਮਨਾਵਾਂ ਦਿੱਤੀਆਂ।

## ਆਸਰਾ ਫਾਊਂਡੇਸ਼ਨ ਵੱਲੋਂ ਮਹੀਨਾਵਾਰੀ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ

**ਬਰੇਟਾ (ਰੀਤਵਾਲ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 118ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵਿਖੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵੱਲੋਂ ਡਾਕਟਰ ਰੁਚੀ ਸਿੰਘ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿੱਚ 365 ਲੋੜਵੰਦ ਚੈੱਕ ਕਰਕੇ 63 ਮਰੀਜ਼ ਫਰੀ ਲੈਂਜ ਪਾਉਣ ਲਈ ਸਿਲੈਕਟ ਕੀਤੇ ਗਏ।ਟੀਮ ਆਸਰਾ ਦੇ ਵਾਈਸ ਪ੍ਰਧਾਨ ਡਾਕਟਰ ਅਵਤਾਰ ਸਿੰਘ, ਵਾਈਸ ਪ੍ਰਧਾਨ ਡਾਕਟਰ ਜਲਵਿੰਦਰ ਸਿੰਘ, ਸੋਸ਼ਲ ਮੀਡੀਆ ਇੰਚਾਰਜ ਬਲਵਿੰਦਰ ਸਿੰਘ ਢਾਣੀ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਹਾਰੇ ਵਿਸਥਾਰ ਪੂਰਵਕ ਦੱਸਿਆ ਗਿਆ।ਹਰ ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੋਦੀਆ ਸੰਸਥਾਪਕ ਸਾਵਨ ਐਜੂਕੇਸ਼ਨਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ।ਇਸ ਮੌਕੇ ਮਲਕੀਤ ਸਿੰਘ ਸਮਾਓਂ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮਾਨਸਾ, ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੀ ਟੀਮ ਮਾਸਟਰ ਕੁਲਵੰਤ ਸਿੰਘ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਰੂਰਲ ਯੂਥ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਸਟੇਟ ਐਵਾਰਡੀ ਰਜਿੰਦਰ ਕੁਮਾਰ ਵੱਲੋਂ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਟੀਮ ਆਸਰਾ ਵੱਲੋਂ ਲਗਾਤਾਰ ਹਰ ਮਹੀਨੇ ਦੇ ਆਖਰੀ ਐਤਵਾਰ ਲਗਾਏ ਜਾ ਰਹੇ ਕੈਂਪ ਬਹੁਤ ਹੀ ਵੱਡਾ ਨੇਕ ਉਪਰਾਲਾ ਹੈ।

## ਰਿਪੁਦਮਨ ਕਾਲਜ ਸਟੇਡੀਅਮ ਵਿਖੇ ਨਾਭਾ ਕਬੱਡੀ ਕੱਪ 16 ਤੇ 17 ਨੂੰ : ਚੇਅਰਮੈਨ ਜੱਸੀ

### ਅਖੀਰਲੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮਹਿਮਾਨ ਵਜੋਂ ਹੋਣਗੇ ਸ਼ਾਮਲ



**ਨਾਭਾ (ਵਰਿੰਦਰ ਵਰਮਾ)**-ਆਜ਼ਾਦ ਵੈੱਲਫੇਅਰ ਐਂਡ ਸਪੋਰਟਸ ਕਲੱਬ ਨਾਭਾ ਵੱਲੋਂ ਐੱਨ.ਆਰ.ਆਈ. ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਦੋ ਦਿਨਾਂ ਛੇਵਾਂ ਨਾਭਾ ਕਬੱਡੀ ਕੱਪ 16 ਤੇ 17 ਨਵੰਬਰ ਨੂੰ ਰਿਪੁਦਮਨ ਕਾਲਜ ਸਟੇਡੀਅਮ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਪ੍ਰਧਾਨ ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੇ ਅਖੀਰਲੇ ਦਿਨ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ।ਇਸ ਮੌਕੇ ਉਨ੍ਹਾਂ ਨਾਲ ਮਾਲ ਤੇ ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ, ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਹਲਕਾ ਵਿਧਾਇਕ ਦੇਵ ਮਾਨ, ਮੀਡੀਆ ਸਲਾਹਕਾਰ ਬਲਤੇਜ ਪੰਨੂ ਤੇ ਐੱਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਪਰਮਿੰਦਰ ਕੌਰ ਬੰਗਾ ਆਦਿ ਸ਼ਮੂਲੀਅਤ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਕਰਨਗੇ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਇਸ ਕਬੱਡੀ ਕੱਪ ਦੇ ਪਹਿਲੇ ਦਿਨ ਕਬੱਡੀ 45, 55 ਤੇ 65 ਕਿੱਲੋ ਵਜ਼ਨ ਦੀਆਂ ਟੀਮਾਂ ਵਿਚਕਾਰ ਮੈਚ ਖੇਡੇ ਜਾਣਗੇ ਅਤੇ ਦੂਜੇ ਤੇ ਅਖੀਰਲੇ ਦਿਨ ਕਬੱਡੀ ਆਲ ਓਪਨ ਦੀਆਂ ਸੱਦੇ ਵਾਲੀਆਂ 8 ਕਲੱਬਾਂ ਦੀਆਂ ਟੀਮਾਂ ਦੇ ਫਸਵੇਂ ਮੈਚ ਕਰਵਾਏ ਜਾਣਗੇ, ਜਿਸ ਵਿੱਚ ਜੇਤੂ ਟੀਮ ਨੂੰ ਇੱਕ ਲੱਖ ਰੁਪਏ ਤੇ ਦੂਜੇ ਸਥਾਨ ਵਾਲੀ ਟੀਮ ਨੂੰ 75 ਹਜ਼ਾਰ ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ ਅਤੇ ਬੈਸਟ ਰੇਡਰ ਤੇ ਜਾਫੀ ਦਾ 21000-21000 ਰੁਪਏ ਨਾਲ ਸਨਮਾਨਤ ਕੀਤਾ ਜਾਵੇਗਾ ਅਤੇ 75 ਕਿੱਲੋ ਵਜ਼ਨ ਦੀਆਂ ਟੀਮਾਂ ਦੇ ਮੈਚ ਵੀ ਕਰਵਾਏ ਜਾਣਗੇ।ਇਨਾਮਾਂ ਦੀ ਵੰਡ ਉਪਰੰਤ ਪ੍ਰਸਿੱਧ ਗਾਇਕ ਗੀਤਾ ਜੈਲਦਾਰ, ਬੀਤ ਬਲਜੀਤ, ਅੰਗਰੇਜ ਅਲੀ, ਦੀਪ ਢਿੱਲੋਂ ਤੇ ਜੈਸਮੀਨ ਜੱਸੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ ਅਤੇ ਹਾਸਿਆਂ ਦੀ ਪਟਾਰੀ ਦੇ ਕਾਮੇਡੀ ਕਲਾਕਾਰ ਕੁਲਵੰਤ ਸੇਖੋਂ ਸਰੋਤਿਆਂ ਦੇ ਢਿੱਡੀਂ ਪੀੜਾਂ ਪਾਉਣਗੇ।

## ਜ਼ਿਲ੍ਹੇ ਅੰਦਰ ਲਿਫਟਿੰਗ ਦੇ ਕੰਮ 'ਚ ਆਈ ਤੇਜ਼ੀ : ਡੀ ਸੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਦਾ ਕੰਮ ਲਗਾਤਾਰ ਜਾਰੀ ਹੈ ਤੇ ਬੀਤੀ ਸ਼ਾਮ ਤੱਕ ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ 183889 ਮੀਟਰਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਝੋਨੇ ਦੀ ਲਿਫਟਿੰਗ ਦਾ ਕੰਮ ਵੀ ਲਗਾਤਾਰ ਜੰਗੀ ਪੱਧਰ 'ਤੇ ਜਾਰੀ ਹੈ।ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ 226041 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 183889 ਮੀਟ੍ਰਿਕ ਟਨ ਝੋਨੇ ਦੀ ਖਰੀਦ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਫ਼ਸਲ ਵੇਚਣ ਵਿਚ ਕਿਸੇ ਪ੍ਰਕਾਰ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਮੰਡੀਆਂ ਵਿਚ ਨਿਰਧਾਰਤ ਨਮੀ ਵਾਲਾ ਝੋਨਾ ਲਿਆਉਣ ਤਾਂ ਜੁ ਉਨ੍ਹਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਖਰੀਦ ਪ੍ਰਕਿਰਿਆ ਹੋਰ ਸੁਖਾਲੀ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਪੀਣ ਵਾਲੇ ਪਾਣੀ, ਸਾਫ਼-ਸਫ਼ਾਈ, ਛਾਂ, ਤਿਰਪਾਲ ਤੇ ਬਾਰਦਾਨੇ ਦੀ ਵਿਵਸਥਾ ਕੀਤੀ ਗਈ ਹੈ।

## ਤਾਨੀਆ ਸੋਢੀ ਨੇ ਕੈਨੇਡਾ 'ਚ ਵਿਧਾਇਕ ਬਣ ਕੇ ਇਤਿਹਾਸ ਰਚਿਆ : ਵਿਜੇ ਧੀਰ, ਜੈਦਕਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਖੱਤਰੀ ਬਿਰਾਦਰੀ ਨਾਲ ਸੰਬੰਧਤ ਪੰਜਾਬ ਦੇ ਪਟਿਆਲਾ ਦੀ ਧੀ ਤਾਨੀਆ ਸੋਢੀ ਕੈਨੇਡਾ ਦੇ ਬਰੋਂਜਵਿਕ ਸੂਬੇ ਦੀਆਂ ਹਾਲ ਹੀ ਵਿੱਚ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿੱਚ ਮੌਨਕਟੋਨ ਵਿਧਾਨ ਸਭਾ ਸੀਟ ਤੋਂ ਲਿਬਰਲ ਪਾਰਟੀ ਦੀ ਟਿਕਟ 'ਤੇ ਕੈਨੇਡਾ ਦੇ ਸਾਬਕਾ ਵਿੱਤ ਮੰਤਰੀ ਏਰੀਨ ਸਟੀਵਸ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਵੋਟਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਵਿਧਾਇਕ ਚੁਣੀ ਗਈ ਹੈ। ਤਾਨੀਆ ਸੋਢੀ ਨੂੰ 47% ਤੇ ਵਿਰੋਧੀ ਉਮੀਦਵਾਰ ਏਰੀਨ ਸਟੀਵਸ ਨੂੰ 43% ਵੋਟਾਂ ਪਈਆਂ ਹਨ। ਇਹ ਜਾਣਕਾਰੀ ਇਥੇ ਖੱਤਰੀ ਭਵਨ ਵਿੱਚ ਸਭਾ ਦੇ ਮੈਂਬਰਾਂ ਨਾਲ ਸਾਂਝੀ ਕਰਦਿਆਂ ਖੱਤਰੀ ਸਭਾ ਮੋਗਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਦੱਸਿਆ ਕਿ ਕੈਨੇਡਾ ਵਿੱਚ ਵਿਧਾਇਕ ਚੁਣੀ ਗਈ ਤਾਨੀਆ ਸੋਢੀ ਪਟਿਆਲਾ ਤੋਂ ਬ੍ਰਾਹਮਣ ਭਲਾਈ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਤੇ ਬ੍ਰਾਹਮਣ ਵੈੱਲਫੇਅਰ ਫਰੰਟ ਪੰਜਾਬ ਦੇ ਪ੍ਰਧਾਨ ਹਰਿੰਦਰ ਪਾਲ ਸ਼ਰਮਾ ਕੋਰਜੀਵਾਲਾ ਐਡਵੋਕੇਟ ਦੀ ਨੂੰਹ ਅਤੇ ਕਿਸਾਨ ਆਗੂ ਡਾਕਟਰ ਦਰਸ਼ਨ ਪਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਭਤੀਜ ਨੂੰਹ ਹੈ। ਤਾਨੀਆ ਸੋਢੀ ਦੇ ਪਤੀ ਨਮਨ ਸ਼ਰਮਾ ਪੇਸ਼ੇ ਤੋਂ ਐਡਵੋਕੇਟ ਹਨ ਅਤੇ ਕੈਨੇਡਾ ਦੇ ਵਸਨੀਕ ਹਨ। ਇਸ ਮੌਕੇ ਚੇਅਰਮੈਨ ਵਿਜੇ ਧੀਰ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਨੇ ਕਿਹਾ ਕਿ ਤਾਨੀਆ ਸੋਢੀ ਨੇ ਕੈਨੇਡਾ ਵਿੱਚ ਵਿਧਾਇਕ ਬਣ ਕੇ ਭਾਰਤ, ਪੰਜਾਬ, ਪਟਿਆਲਾ ਤੇ ਖੱਤਰੀ ਭਾਈਚਾਰੇ ਦਾ ਨਾਮ ਰੋਸ਼ਨ ਕੀਤਾ ਹੈ। ਧੀਰ ਤੇ ਜੈਦਕਾ ਨੇ ਕਿਹਾ ਕਿ ਤਾਨੀਆ ਸੋਢੀ ਨੇ ਇਤਿਹਾਸ ਰਚਿਆ ਹੈ। ਉਨ੍ਹਅ ਕਿਹਾ ਕਿ ਤਾਨੀਆ ਸੋਢੀ ਦੇ ਕੈਨੇਡਾ ਵਿੱਚ ਵਿਧਾਇਕ ਬਣਨ ਦੀ ਸੂਚਨਾ ਮਿਲਣ 'ਤੇ ਪੰਜਾਬ ਦੇ ਖੱਤਰੀ ਸਮਾਜ ਵਿੱਚ ਖੁਸ਼ੀ ਦੀ ਲਹਿਰ ਵੇਖਣ ਨੂੰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵ-ਨਿਰਵਾਚਿਤ ਵਿਧਾਇਕਾ ਤਾਨੀਆ ਸੋਢੀ ਦੇ ਪੰਜਾਬ ਆਉਣ 'ਤੇ ਖੱਤਰੀ ਸਭਾ ਉਸ ਨੂੰ ਸਨਮਾਨਤ ਕਰੇਗੀ। ਇਸ ਮੌਕੇ ਖੱਤਰੀ ਸਭਾ ਮੋਗਾ ਨੇ ਤਾਨੀਆ ਸੋਢੀ ਤੇ ਉਸ ਦੇ ਸਹੁਰੇ ਪਰਿਵਾਰ ਦੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸ਼ੀਲ ਸਿਆਲ, ਪਵਨ ਕਪੂਰ, ਸੱਤਪਾਲ ਭੋਲੇ ਵਾਲੀਆਂ ਤੇ ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਕਾਂਸ਼ੀ ਰਾਮ ਮੜੌਲੀ, ਜੂਲੀਅਸ...

ਪੂਰਤੀ ਲਈ ਵਿਸ਼ੇਸ਼ ਉਦਮ ਜੁਟਾਏ ਜਾ ਰਹੇ ਹਨ।ਉਹਨਾਂ ਕਿਹਾ ਕਿ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ ਕਾਰਪੋਰੇਟ ਅਤੇ ਫਾਸ਼ੀਵਾਦ ਖ਼ਿਲਾਫ਼ ਜੂਝਦੀਆਂ ਲਹਿਰਾਂ ਨੂੰ ਸਮਰਪਿਤ ਕੀਤੇ ਜਾ ਰਹੇ ਮੇਲੇ ਵਿੱਚ ਇਹ ਪ੍ਰਭਾਵ ਡੁੱਲ੍ਹ-ਡੁੱਲ੍ਹ ਪਵੇਗਾ ਕਿ ਕਿਵੇਂ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਉਹਨਾਂ ਦੇ ਹਿੱਤਾਂ ਵਿੱਚ ਗਲਤਾਨ ਸਾਡੇ ਮੁਲਕ ਦੇ ਹੁਕਮਰਾਨ ਕਿਵੇਂ ਦੇਸ਼ ਅਤੇ ਲੋਕ ਹਿੱਤਾਂ ਦੇ ਖ਼ਿਲਾਫ਼ ਭੁਗਤਣ ਦਾ ਕੁਕਰਮ ਕਰ ਰਹੇ ਹਨ।ਮੇਲੇ ਵਿਚ ਭਾਸ਼ਣ, ਗੀਤ-ਸੰਗੀਤ, ਨਾਟਕ ਵੰਨ-ਸੁਵੰਨੇ ਮੁਕਾਬਲੇ ਮੇਲਾ ਸਮਰਪਣ ਵਿਸ਼ੇ ਅਤੇ ਨਗਰਾਂ ਨੂੰ ਵਿਸ਼ਾ-ਵਸਤੂ ਦੇ ਕੇਂਦਰ ਵਿਚ ਰੱਖਦੇ ਹੋਏ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ ਹੈ।ਕਮੇਟੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੇਲੇ ਵਾਂਗ ਹੀ ਆਪਣੀਆਂ ਸੰਸਥਾਵਾਂ ਅਤੇ ਸਰਗਰਮੀਆਂ ਵਿਚ ਇਹਨਾਂ ਨਾਇਕਾਂ ਨੂੰ ਯਾਦ ਕਰਦੇ ਹੋਏ ਉਹਨਾਂ ਦੀ ਸਪਿਰਟ ਗ੍ਰਹਿਣ ਕਰਨ ਲਈ ਤਿੰਨ ਰੋਜ਼ਾ ਮੇਲੇ ਵਿੱਚ ਪਰਵਾਰਾਂ ਸਮੇਤ ਸ਼ਾਮਲ ਹੋਣਗੇ, ਇਹ ਕਮੇਟੀ ਨੂੰ ਵਿਸ਼ਵਾਸ ਹੈ।

## ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ 15 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸਲਾਈਟ ਦੇ ਗੁਰਦੁਆਰਾ ਭਾਈ ਕੀ ਸਮਾਧ ਵਿਖੇ 15 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਇੰਚਾਰਜ ਜਗਸੀਰ ਸਿੰਘ ਗਾਂਧੀ ਸਾਬਕਾ ਕੌਂਸਲਰ, ਭਾਈ ਧੁਨਵੰਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਸਬੰਧੀ 15 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਅਰੰਭ ਹੋਣਗੇ ਤੇ 14 ਨਵੰਬਰ ਨੂੰ ਦੀਵਾਨ ਸਜਾਏ ਜਾਣਗੇ ਅਤੇ 15 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਸਮਿਤ ਸਿੰਘ ਮਾਨ ਸੰਸਦੀ ਕਮੇਟੀ ਚੇਅਰਪਰਸਨ ਦੇ ਪ੍ਰਮੁੱਖ ਸਲਾਹਕਾਰ ਨਿਯੁਕਤ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਆਲ ਇੰਡੀਆ ਕਾਂਗਰਸ ਕਮੇਟੀ ਦੇ ਆਗੂ ਤੇ ਸੰਸਦ ਮੈਂਬਰ ਰਾਹੁਲ ਗਾਂਧੀ ਦੇ ਸਲਾਕਹਾਰ ਵਜੋਂ ਸੇਵਾਵਾਂ ਨਿਭਾ ਰਹੇ ਹਲਕਾ ਅਮਰਗੜ੍ਹ ਤੋਂ ਇੰਚਾਰਜ ਸਮਿਤ ਸਿੰਘ ਮਾਨ ਨੂੰ ਮੈਂਬਰ ਪਾਰਲੀਮੈਂਟ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਲੋਕ ਸਪੀਕਰ ਵੱਲੋਂ ਗਠਿਤ ਕੀਤੀ ਗਈ। ਸੰਸਦੀ ਕਮੇਟੀ ਦੇ ਚੇਅਰਪਰਸਨ ਚਰਨਜੀਤ ਸਿੰਘ ਚੰਨੀ ਦਾ ਪ੍ਰਮੁੱਖ ਸਲਾਹਕਾਰ ਨਿਯੁਕਤ ਕੀਤਾ ਹੈ।

ਸਮਿਤ ਸਿੰਘ ਮਾਨ ਨੇ ਦੱਸਿਆ ਕਿ 2024 ਵਿਚ ਕਾਂਗਰਸ ਦੀ 99 ਲੋਕ ਸਭਾ ਸੀਟਾਂ 'ਤੇ ਹੋਈ ਜਿੱਤ ਤੋਂ ਬਾਅਦ ਕਾਂਗਰਸ ਨੂੰ ਭਾਰਤ ਸਰਕਾਰ ਦੀਆਂ ਤਿੰਨ ਸੰਸਦੀ ਸਥਾਈ ਕਮੇਟੀਆਂ ਦੀ ਚੇਅਰਪਰਸਨਸ਼ਿਪ ਮਿਲੀ ਹੈ, ਜਿਸ ਵਿੱਚ ਖੇਤੀਬਾੜੀ, ਕਿਸਾਨ ਭਲਾਈ, ਖੇਤੀਬਾੜੀ ਖੋਜ, ਮੱਛੀ ਪਾਲਣ, ਡੇਅਰੀ, ਪਸ਼ੂ ਪਾਲਣ, ਫੂਡ ਪ੍ਰੋਸੈਸਿੰਗ ਅਤੇ ਸਹਿਕਾਰਤਾ ਬਾਰੇ ਕਮੇਟੀ ਵੀ ਸ਼ਾਮਲ ਹੈ, ਜਿਸ ਦੇ ਕਾਰਜ ਖੇਤਰ ਵਿੱਚ ਭਾਰਤ ਸਰਕਾਰ ਦੇ ਚਾਰ ਮੰਤਰਾਲੇ, ਛੇ ਵਿਭਾਗ ਤੇ 126 ਜਨਤਕ ਖੇਤਰ ਦੇ ਉਦਯੋਗ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਹਾਈਕਮਾਂਡ ਅਤੇ ਸਪੀਕਰ ਲੋਕ ਸਭਾ ਵੱਲੋਂ ਇਸ ਕਮੇਟੀ ਦਾ ਚੇਅਰਪਰਸਨ ਬਣਾਇਆ ਗਿਆ ਹੈ। ਕਮੇਟੀ ਦੇ ਚੇਅਰਪਰਸਨ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋਂ ਸਮਿਤ ਸਿੰਘ ਮਾਨ ਨੂੰ ਸੰਸਦੀ ਕਮੇਟੀ ਦੇ ਪ੍ਰਮੁੱਖ ਸਲਾਹਕਾਰ ਵਜੋਂ ਨਿਯੁਕਤ ਕਰਕੇ, ਭਾਰਤ ਦੇ ਗਰੀਬ ਤੇ ਛੋਟੇ ਕਿਸਾਨਾਂ, ਸਹਿਕਾਰਤਾਵਾਂ, ਭਾਰਤ ਭਰ ਵਿੱਚ ਫੂਡ ਪ੍ਰੋਸੈਸਿੰਗ ਅਤੇ ਖੇਤੀਬਾੜੀ ਤਕਨਾਲੋਜੀ ਕੰਪਨੀਆਂ ਦੀ ਮਦਦ ਕਰਨ ਤੇ ਖੇਤੀਬਾੜੀ 'ਤੇ ਖੋਜ ਅਤੇ ਸਿੱਖਿਆ ਨੂੰ ਉਤਸ਼ਾਹਤ ਕਰਨ ਦੇ ਹੱਕ ਵਿੱਚ ਲੰਬੀ ਮਿਆਦ ਦੀਆਂ ਨੀਤੀਆਂ ਬਣਾਉਣ ਵਿੱਚ ਸਹਿਯੋਗ ਕਰਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ। ਕਮੇਟੀ ਕੋਲ ਸਾਰੇ ਨੀਤੀ ਮਾਮਲਿਆਂ ਬਾਰੇ ਜਾਨਣ ਲਈ ਭਾਰਤ ਸਰਕਾਰ ਦੇ ਸਾਰੇ ਵਿਭਾਗਾਂ ਦੇ ਸਕੱਤਰਾਂ ਨੂੰ ਤਲਬ ਕਰਨ ਦੀ ਸ਼ਕਤੀ ਹੁੰਦੀ ਹੈ। ਸਰਕਾਰ ਤੋਂ ਮੰਤਰਾਲਿਆਂ ਦੁਆਰਾ ਵਿੱਤੀ ਗ੍ਰਾਂਟਾਂ ਲਈ ਸਾਰੀਆਂ ਮੰਗਾਂ ਲਈ ਲਾਜ਼ਮੀ ਹੁੰਦਾ ਹੈ ਕਿ ਹਰ ਮੰਗ 'ਤੇ ਕਮੇਟੀ ਦੀ ਰਿਪੋਰਟ ਸੰਸਦ 'ਚ ਪੇਸ਼ ਕੀਤੀ ਜਾਵੇ। ਕਮੇਟੀ ਦੀ ਰਿਪੋਰਟ ਸੰਸਦ ਦੁਆਰਾ ਪਾਸ ਕੀਤੇ ਜਾਣ ਤੋਂ ਬਾਅਦ ਹੀ ਸਰਕਾਰ ਨੀਤੀਗਤ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਸਮਰੱਥ ਹੁੰਦੀ ਹੈ।

## ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਭਾਦਲਾ ਦੇ ਸਟਾਫ਼ ਵੱਲੋਂ ਨਵੀਆਂ ਪੰਚਾਇਤਾਂ ਨਾਲ ਮੀਟਿੰਗ

**ਖੰਨਾ (ਸੁਖਵਿੰਦਰ ਸਿੰਘ ਭਾਦਲਾ ਪਰਮਿੰਦਰ ਸਿੰਘ ਮੋਨੂੰ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਭਾਦਲਾ ਦੇ ਸੈਂਟਰ ਹੈਡ ਟੀਚਰ ਲਖਵਿੰਦਰ ਕੌਰ ਦੀ ਅਗਵਾਈ ਵਿੱਚ ਸਮੂਹ ਕਲੱਬ ਵੱਲੋਂ ਪਿੰਡ ਭਾਦਲਾ ਉੱਚਾ ਤੇ ਪਿੰਡ ਭਾਦਲਾ ਨੀਚਾ ਦੋਵੇਂ ਪਿੰਡਾਂ ਦੀਆਂ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਟਾਫ਼ ਵੱਲੋਂ ਅਧਿਆਪਕਾਂ ਤੇ ਬੱਚਿਆਂ ਨੂੰ ਆ ਰਹੀਆਂ ਮੁਸ਼ਕਲਾਂ ਸਾਂਝੀਆਂ ਕੀਤੀਆਂ। ਸਾਲ 2025 ਦੇ ਦਾਖਲੇ ਲਈ ਸਹਿਯੋਗ ਦੀ ਮੰਗਿਆ, ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਦਿਆਕ ਖੇਤਰ, ਖੇਡਾਂ, ਸਾਹਿਤ ਤੇ ਸੱਭਿਆਚਾਰ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਵਾਰੇ ਜਾਣਕਾਰੀ ਸਾਂਝੀ ਕੀਤੀ ਗਈ। ਸੈਂਟਰ ਹੈਡ ਟੀਚਰ ਲਖਵਿੰਦਰ ਕੌਰ ਵੱਲੋਂ ਤੇ ਸਮੂਹ ਸਟਾਫ ਵੱਲੋਂ ਨਵੇਂ ਚੁਣੇ ਗਏ ਪਿੰਡ ਭਾਦਲਾ ਉੱਚਾ ਦੇ ਸਰਪੰਚ ਹਰਿੰਦਰ ਸਿੰਘ ਬੈਨੀਪਾਲ ਤੇ ਪੰਜਾਬੀ ਲੋਕ ਗਾਇਕ ਹੁਸ਼ਿਆਰ ਮਾਹੀ ਦੀ ਧਰਮ ਪਤਨੀ ਸਰਪੰਚ ਸੁਖਦੀਪ ਕੌਰ ਭਾਦਲਾ ਨੀਚਾ ਨੂੰ ਸਨਮਾਨ ਚਿੰਨ ਦੇ ਕੇ ਤੇ ਸਮੂਹ ਮੈਂਬਰ ਪੰਚਾਇਤ ਸੁਖਵਿੰਦਰ ਸਿੰਘ, ਬਹਾਦਰ ਸਿੰਘ, ਸਿਮਰਜੀਤ ਸਿੰਘ, ਗੁਰਜੀਤ ਕੌਰ ਦੇ ਪੁੱਤਰ ਹਰਦੀਪ ਸਿੰਘ, ਮਨਜੀਤ ਕੌਰ ਦੇ ਪਤੀ ਜਿੰਦਰ ਸਿੰਘ, ਜਸਵਿੰਦਰ ਕੌਰ ਦੇ ਪਤੀ ਮਨਜੀਤ ਸਿੰਘ ਸਾਰੇ ਮੈਂਬਰ ਪੰਚਾਇਤ ਭਾਦਲਾ ਉੱਚਾ ਰੁਪਿੰਦਰ ਕੌਰ, ਸਤਵੀਰ ਕੌਰ, ਸੰਦੀਪ ਸਿੰਘ, ਰਘਬੀਰ ਸਿੰਘ, ਲਾਲ ਸਿੰਘ, ਕੰਵਲਜੀਤ ਕੌਰ, ਬਲਵਿੰਦਰ ਕੌਰ ਸਾਰੇ ਮੈਂਬਰ ਪੰਚਾਇਤ ਭਾਦਲਾ ਨੀਚਾ ਨੂੰ ਹਾਰ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਅਧਿਆਪਕ ਬਲਵਿੰਦਰ ਸਿੰਘ, ਪਰਮਜੀਤ ਸਿੰਘ ਅਧਿਆਪਕਾ ਨਰਿੰਦਰ ਕੌਰ, ਸਵੀਟੀ ਬੱਤਾ, ਬਲਜੀਤ ਕੌਰ ਮੋਨਿਕਾ ਰਾਣੀ ਸਮੇਤ ਸਮੂਹ ਸਟਾਫ ਹਾਜ਼ਰ ਸੀ।ਪੰਜਾਬੀ ਲੋਕ ਗਾਇਕ ਹੁਸ਼ਿਆਰ ਮਾਹੀ ਵੱਲੋਂ ਦੋਵੇਂ ਹੀ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਸੈਂਟਰ ਹੈਡ ਟੀਚਰ ਲਖਵਿੰਦਰ ਕੌਰ ਤੇ ਸਮੂਹ ਸਟਾਫ ਨੂੰ ਬੱਚਿਆਂ ਦੇ ਚੰਗੇ ਭਵਿੱਖ ਲਈ ਹਮੇਸ਼ਾ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਸਹਿਯੋਗ ਦੇਵਾਂਗੇ।



## ਬਾਬਾ ਗਾਂਧਾ ਸਿੰਘ ਐਜੂਕੇਸ਼ਨ ਟਰੱਸਟ ਵੱਲੋਂ ਦਰਜਾ ਚਾਰ ਕ੍ਰਮਚਾਰੀਆਂ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਬਾਬਾ ਗਾਂਧਾ ਸਿੰਘ ਐਜੂਕੇਸ਼ਨ ਟਰੱਸਟ ਦੇ ਸੈਕਟਰੀ ਸ੍ਰੀ ਸੰਦੀਪ ਕੁਮਾਰ ਲੱਠ ਵੱਲੋਂ ਦਿਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਦਰਜਾ ਚਾਰ ਕ੍ਰਮਚਾਰੀਆਂ ਨੂੰ ਗਿਫ਼ਟ ਤੇ ਮਠਿਆਈਆਂ ਭੇਟ ਕਰਕੇ ਸਨਮਾਨਤ ਕੀਤਾ ਗਿਆ।ਸੰਸਥਾ ਦੇ ਐਮ ਡੀ ਰਣਪ੍ਰੀਤ ਸਿੰਘ ਰਾਏ ਵੱਲੋਂ ਸਕੂਲ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੇ ਸਾਰੇ ਕ੍ਰਮਚਾਰੀਆਂ ਨੂੰ ਦਿਵਾਲੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।ਪ੍ਰਿੰਸੀਪਲ ਡਾ. ਹਿਮਾਂਸ਼ੂ ਦੱਤ ਸ਼ਰਮਾ ਵੱਲੋਂ ਸਕੂਲ ਦੇ ਸਾਰੇ ਅਧਿਆਪਕ, ਕ੍ਰਮਚਾਰੀ ਤੇ ਵਿਦਿਆਰਥੀਆਂ ਨੂੰ ਗਰੀਨ ਦਿਵਾਲੀ ਮਨਾਉਣ ਦਾ ਸੰਦੇਸ਼ ਦਿੱਤਾ ਗਿਆ।

## ਤਵਰਿਆਨ ਸਿੰਘ ਚਹਿਲ ਦੀ ਅੰਡਰ-14 ਬਾਸਕਟਬਾਲ ਟੀਮ 'ਚ ਚੋਣ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਖੁੱਡੀਆਂ ਤੋਂ ਪੰਜਾਬ ਕਾਂਗਰਸ ਦੇ ਬੁਲਾਰੇ ਤੇ ਆਲ ਇੰਡੀਆ ਕਾਂਗਰਸ ਦੇ ਮੀਡੀਆ ਕੋਆਡੀਨੇਟਰ ਰਾਣਾ ਬਲਜੀਤ ਸਿੰਘ ਚਹਿਲ ਦੇ ਪੁੱਤਰ ਤਵਰਿਆਨ ਸਿੰਘ ਚਹਿਲ ਦੀ ਇੰਟਰ ਸਕੂਲ ਪੰਜਾਬ ਬਾਸਕਟਬਾਲ ਦੀ ਅੰਡਰ-14 ਵਿਚ ਚੋਣ ਹੋਈ ਹੈ। ਤਵਰਿਆਨ ਸਿੰਘ ਨੇ ਕਿਹਾ ਕਿ ਉਸ ਦਾ ਬਾਸਕਟਬਾਲ ਖੇਡਣਾ ਕੋਈ ਸਰਕਾਰੀ ਨੌਕਰੀ ਲੈਣ ਤੱਕ ਸੀਮਿਤ ਨਹੀਂ ਹੈ, ਬਲਕਿ ਉਸਦਾ ਸੁਪਨਾ ਆਪਣੇ ਪਿੰਡ ਤੇ ਇਲਾਕੇ ਦਾ ਨਾਂਅ ਐਨ.ਬੀ.ਏ ਤੱਕ ਪਹੁੰਚਣ ਤੱਕ ਦਾ ਹੈ, ਜਿਸਦੇ ਲਈ ਉਹ ਹੋਰ ਮਿਹਨਤ ਕਰਨਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28-Oct-PAGE-4-Edtiorial.qxd 10/27/2024 9:32 PM Page 1

ਨਵਾਂ ਜ਼ਮਾਨਾ
ਸੋਮਵਾਰ, 28 ਅਕਤੂਬਰ 2024

# ਮੋਦੀ ਨੂੰ ਭੈਣ ਪਿੰਕੀ ਗੰਗਵਾਰ ਦਾ ਪੱਤਰ

ਬਣਦੀ ਉਜਰਤ ਤੇ ਬੋਨਸ ਹਾਸਲ ਕਰਨ ਲਈ ਮਰਨ ਵਰਤ 'ਤੇ ਬੈਠੀ ਉੱਤਰਾਖੰਡ ਦੀ ਪਿੰਕੀ ਗੰਗਵਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਜਜ਼ਬਾਤੀ ਪੱਤਰ 'ਚ ਇੱਛਾ ਜ਼ਾਹਰ ਕੀਤੀ ਹੈ ਕਿ ਉਸ ਦਾ ਅੰਤਮ ਸੰਸਕਾਰ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਜੋ ਕਿ ਸੂਬੇ ਦੇ ਕਿਰਤ ਮੰਤਰੀ ਵੀ ਹਨ, ਦੇ ਖਟੀਮਾ ਸਥਿਤ ਘਰ 'ਤੇ ਕੀਤਾ ਜਾਣਾ ਯਕੀਨੀ ਬਣਾਉਣ। ਪਿੰਕੀ ਨੇ ਲਿਖਿਆ ਹੈ—ਡਾਲਫਿਨ ਕੰਪਨੀ 'ਚ ਕੰਮ ਕਰਦੇ ਅਸੀਂ ਕਰੀਬ 500 ਮਜ਼ਦੂਰ ਜਨਵਰੀ ਤੋਂ ਸੰਘਰਸ਼ ਕਰ ਰਹੇ ਹਾਂ, ਪਰ ਉੱਤਰਾਖੰਡ ਵਿਚ ਭਾਜਪਾ ਦੀ ਡਬਲ ਇੰਜਣ ਦੀ ਸਰਕਾਰ ਕਿਰਤ ਕਾਨੂੰਨਾਂ ਦੀ ਉਲੰਘਣਾ ਰੋਕਣ ਅਤੇ ਡਾਲਫਿਨ ਕੰਪਨੀ ਦੇ ਮਾਲਕ ਖਿਲਾਫ ਕਾਰਵਾਈ ਕਰਨ ਦੀ ਥਾਂ ਗਰੀਬ ਮਜ਼ਦੂਰਾਂ ਨੂੰ ਹੀ ਦਬਾਅ ਰਹੀ ਹੈ। ਹਾਈ ਕੋਰਟ ਦੇ ਹੁਕਮਾਂ ਦੀ ਵੀ ਪਰਵਾਹ ਨਹੀਂ ਕੀਤੀ ਜਾ ਰਹੀ। ਅਸੀਂ ਸਿਰਫ ਸਰਕਾਰ ਵੱਲੋਂ ਨਿਰਧਾਰਤ ਘੱਟੋ-ਘੱਟ ਉਜਰਤ ਤੇ ਬੋਨਸ ਦੀ ਹੀ ਮੰਗ ਕਰ ਰਹੇ ਹਾਂ। ਡਾਲਫਿਨ ਕੰਪਨੀ ਵਿਚ ਅੱਠ-ਦਸ ਸਾਲ ਤੋਂ ਕੰਮ ਕਰ ਰਹੀਆਂ ਪੱਕੀਆਂ ਮਹਿਲਾ ਮਜ਼ਦੂਰਾਂ ਨੂੰ ਜਨਵਰੀ ਤੱਕ ਸਿਰਫ 5500 ਤੋਂ 6000 ਰੁਪਏ ਤੱਕ ਮਾਸਕ ਵੇਤਨ ਮਿਲਦਾ ਸੀ। ਬੋਨਸ ਸਿਰਫ 300 ਤੋਂ 500 ਰੁਪਏ ਤੱਕ। ਕੀ ਇਹ ਨੈਤਿਕ ਤੇ ਕਾਨੂੰਨੀ ਤੌਰ 'ਤੇ ਵਾਜਬ ਹੈ? ਕਾਨੂੰਨ ਮੁਤਾਬਕ 250 ਜਾਂ ਵੱਧ ਮਜ਼ਦੂਰਾਂ ਵਾਲੀ ਕੰਪਨੀ ਵਿਚ ਕੰਟੀਨ ਲਾਜ਼ਮੀ ਹੁੰਦੀ ਹੈ, ਪਰ ਸਾਡੀ ਕੰਪਨੀ ਵਿਚ ਇਕ ਹਜ਼ਾਰ ਤੋਂ ਵੱਧ ਮਜ਼ਦੂਰ ਹਨ, ਪਰ ਕੰਟੀਨ ਨਹੀਂ ਹੈ। ਮੈਂ ਤਿੰਨ ਹੋਰ ਮਹਿਲਾ ਮਜ਼ਦੂਰਾਂ ਤੇ ਦੋ ਮਰਦ ਮਜ਼ਦੂਰਾਂ ਨਾਲ 21 ਅਕਤੂਬਰ ਤੋਂ ਮਰਨ ਵਰਤ 'ਤੇ ਬੈਠੀ ਹਾਂ। ਰੁਦਰਪੁਰ ਦੇ ਕਿਰਤ ਅਫਸਰਾਂ ਨੇ ਮਾਲਕ ਤੇ ਸਾਨੂੰ ਗੱਲਬਾਤ ਲਈ ਸੱਦਿਆ, ਪਰ ਮਾਲਕ ਪੁੱਜਿਆ ਨਹੀਂ ਅਤੇ ਅਫਸਰਾਂ ਨੇ ਸਾਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਸਾਫ ਹੈ ਕਿ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੇ ਕਿਰਤ ਵਿਭਾਗ ਮਾਲਕ ਨਾਲ ਖੜ੍ਹੇ ਹਨ। ਪ੍ਰਧਾਨ ਮੰਤਰੀ ਜੀ, ਤੁਹਾਡੇ ਚਹੇਤੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਜੀ ਉੱਤਰਾਖੰਡ ਦੇ ਕਿਰਤ ਮੰਤਰੀ ਵੀ ਹਨ, ਇਸ ਕਰਕੇ ਮਹਿਲਾ ਮਜ਼ਦੂਰਾਂ ਨਾਲ ਹੋ ਰਹੇ ਇਸ ਅੱਤਿਆਚਾਰ ਲਈ ਮੁੱਖ ਤੌਰ 'ਤੇ ਉਹ ਹੀ ਜ਼ਿੰਮੇਵਾਰ ਹਨ। ਤੁਹਾਡੀ ਪਾਰਟੀ ਦੇ ਸਥਾਨਕ ਵਿਧਾਇਕ ਸ਼ਿਵ ਅਰੋੜਾ ਨੇ ਕਈ ਵਾਰ ਮਾਮਲਾ ਸੁਲਝਾ ਦੇਣ ਦਾ ਵਾਅਦਾ ਕੀਤਾ, ਪਰ ਕੀਤਾ ਕੁਝ ਨਹੀਂ। ਪ੍ਰਧਾਨ ਮੰਤਰੀ ਜੀ, ਤੁਸੀਂ ਖੁਦ ਨੂੰ ਓ ਬੀ ਸੀ ਸਮਾਜ ਦਾ ਬੇਟਾ ਤੇ ਸਭ ਤੋਂ ਵੱਧ ਹਿਤੈਸ਼ੀ ਐਲਾਨਦੇ ਹੋ। ਬਨਾਰਸ ਤੋਂ ਚੋਣ ਲੜਦੇ ਸਮੇਂ ਖੁਦ ਨੂੰ ਗੰਗਾ ਮਈਆ ਤੇ ਯੂ ਪੀ ਦਾ ਬੇਟਾ ਬੋਲਦੇ ਰਹੇ ਹੋ। ਮੈਂ ਓ ਬੀ ਸੀ ਸਮਾਜ ਦੀ ਤੇ ਯੂ ਪੀ ਦੀ ਬੇਟੀ ਹਾਂ। ਇਸ ਲਈ ਮੈਂ ਤੁਹਾਡੀ ਭੈਣ ਤੇ ਤੁਸੀਂ ਮੇਰੇ ਭਰਾ, ਪਰ ਤੁਹਾਡੀ ਡਬਲ ਇੰਜਣ ਦੀ ਸਰਕਾਰ ਵਿਚ ਸਾਡੀ ਇਸ ਕਰਕੇ ਸੁਣਵਾਈ ਨਹੀਂ ਹੋ ਰਹੀ, ਕਿਉਂਕਿ ਮੈਂ ਮਜ਼ਦੂਰ ਵਰਗ ਦੀ ਮੈਂਬਰ ਹਾਂ ਤੇ ਗਰੀਬ ਹਾਂ। ਪ੍ਰਧਾਨ ਮੰਤਰੀ ਜੀ, ਮੈਂ ਮਰਨਾ ਨਹੀਂ ਚਾਹੁੰਦੀ ਤੇ ਜਿਊਣਾ ਚਾਹੁੰਦੀ ਹਾਂ ਅਤੇ ਜ਼ਿੰਦਗੀ ਨੂੰ ਬਹੁਤ ਪਿਆਰ ਕਰਦੀ ਹਾਂ, ਪਰ ਜਤਿਨ ਦਾਸ ਤੇ ਭਗਤ ਸਿੰਘ ਵਰਗੇ ਮਹਾਪੁਰਸ਼ਾਂ ਤੋਂ ਪ੍ਰੇਰਤ ਹੋ ਕੇ ਇਹੀ ਸੋਚ ਰੱਖਦੀ ਹਾਂ ਕਿ ਦੇਸ਼ ਤੇ ਸਮਾਜ ਦੇ ਹਿੱਤ 'ਚ ਮਜ਼ਦੂਰਾਂ, ਗਰੀਬਾਂ ਦੀ ਆਜ਼ਾਦੀ ਤੇ ਅਧਿਕਾਰਾਂ ਲਈ ਮਰਨ ਵਰਤ 'ਤੇ ਬੈਠ ਕੇ ਪ੍ਰਾਣ ਨਿਛਾਵਰ ਕਰਨਾ ਬਹੁਤ ਸੁਭਾਗ ਦੀ ਗੱਲ ਹੈ। ਅੰਤਮ ਸਾਹ ਤੱਕ ਮੈਂ ਆਪਣੇ ਮਜ਼ਦੂਰ ਸਾਥੀਆਂ ਦੇ ਅਧਿਕਾਰਾਂ ਲਈ ਬਹਾਦਰੀ ਨਾਲ ਲੜਦੀ ਰਹਾਂਗੀ, ਇਹ ਮੇਰਾ ਵਾਅਦਾ ਹੈ। ਪ੍ਰਧਾਨ ਮੰਤਰੀ ਜੀ, ਜੇ ਤੁਸੀਂ ਆਪਣੀ ਸੂਬਾ ਸਰਕਾਰ ਤੋਂ ਇਨਸਾਫ ਨਾ ਦਿਵਾ ਪਾਏ ਤਾਂ ਘੱਟੋ-ਘੱਟ ਇਹ ਜ਼ਰੂਰ ਯਕੀਨੀ ਬਣਾ ਦੇਣਾ ਕਿ ਮੇਰਾ ਅੰਤਮ ਸੰਸਕਾਰ ਧਾਮੀ ਜੀ ਦੇ ਖਟੀਮਾ ਸਥਿਤ ਘਰ ਵਿਖੇ ਹੋਵੇ, ਤਾਂ ਕਿ ਉੱਤਰਾਖੰਡ ਤੇ ਭਾਰਤ ਦੇ ਲੋਕ ਇਹ ਦੇਖ ਤੇ ਮਹਿਸੂਸ ਕਰ ਸਕਣ ਕਿ ਤੁਹਾਡੀ ਡਬਲ ਇੰਜਣ ਦੀ ਸਰਕਾਰ ਦੇ ਕਿਰਤ ਮੰਤਰੀ ਤੇ ਮੁੱਖ ਮੰਤਰੀ ਧਾਮੀ ਜੀ ਮਜ਼ਦੂਰ ਮਹਿਲਾਵਾਂ ਪ੍ਰਤੀ ਕਿੰਨੇ ਲਾਪਰਵਾਹ, ਨਿਰਦਈ ਤੇ ਨਿਰੰਕੁਸ਼ ਹਨ।

## ਬੈਂਗਣੀ ਰੰਗ ਵਰਗਾ !

ਪੱਲਾ ਝਾੜਿਆ ਚੋਣਾਂ ਦੇ ਕੋਲ ਆ ਕੇ,
ਫਿੱਕਾ ਰੰਗ ਹੈ ਗੂੜ੍ਹੇ ਅਕਾਲੀਆਂ ਦਾ।
ਤਾਰੂ ਡੁੱਬ ਗਏ ਆਣ ਕੇ ਪੱਤਣਾਂ 'ਤੇ,
ਘਰ ਪੁੱਟਿਆ ਗਿਆ ਮਵਾਲੀਆਂ ਦਾ।
ਚੱਟ ਲਿਆ ਹੈ ਬਾਗ ਪੰਖੇਰੂਆਂ ਨੇ,
ਬੁਰਾ ਹਾਲ ਹੈ ਫੁੱਲਾਂ ਦੇ ਮਾਲੀਆਂ ਦਾ।
ਅਹੁਦੇਦਾਰ ਨਹੀਂ ਕੋਈ ਜਵਾਬ ਦਿੰਦਾ,
ਹੱਥ ਖੜ੍ਹਾ ਹੈ ਤਾਹੀਂ ਸਵਾਲੀਆਂ ਦਾ।
ਖਾਂਦੇ ਲਿੱਦ ਜੋ ਘੋੜੇ ਦੀ, ਯਾਤਰਾ 'ਤੇ,
ਨੀਲੇ ਰੰਗ ਦਾ ਝੱਗਾ ਸਵਾਣਗੇ ਉਹ।
ਕੈਮ ਰੱਖਣ ਲਈ ਆਪਣੀ ਬਾਦਸ਼ਾਹੀ,
ਟਿੱਕਾ ਮੱਥੇ 'ਤੇ ਲਹੂ ਦਾ ਲਾਣਗੇ ਉਹ।

-ਗੁਲਪੁਰ

# ਵਧ ਰਹੀ ਹਿੰਸਾ ਦੇ ਮਾਹੌਲ ਵਿੱਚ ਡਾਕਟਰੀ ਪੇਸ਼ੇ ਦੇ ਸਾਹਮਣੇ ਚੁਣੌਤੀਆਂ



ਡਾ. ਅਰੁਣ ਮਿੱਤਰਾ

ਜਦੋਂ ਤੱਕ ਅਸੀਂ ਕੋਲਕਾਤਾ ਵਿੱਚ ਇੱਕ ਨੌਜਵਾਨ ਮਹਿਲਾ ਡਾਕਟਰ ਦੇ ਬਲਾਤਕਾਰ ਅਤੇ ਘਿਨਾਉਣੇ ਕਤਲ ਦੀ ਖ਼ਬਰ ਨਹੀਂ ਸੁਣੀ, ਸ਼ਾਇਦ ਅਸੀਂ ਉਦੋਂ ਤੱਕ ਇਹ ਨਹੀਂ ਸਮਝ ਸਕੇ ਕਿ ਸਾਡੇ ਸਮਾਜ ਵਿੱਚ ਨੈਤਿਕ ਸੰਕਟ ਕਿੰਨੇ ਚਿੰਤਾਜਨਕ ਪੱਧਰ ਤੱਕ ਡੂੰਘਾ ਹੋ ਗਿਆ ਹੈ। ਪੱਛਮੀ ਬੰਗਾਲ ਵਿੱਚ ਜੂਨੀਅਰ ਡਾਕਟਰ ਆਪਣੇ ਅੰਦੋਲਨ ਨੂੰ ਵੱਡੇ ਪੱਧਰ 'ਤੇ ਜਾਰੀ ਰੱਖ ਰਹੇ ਹਨ ਤੇ ਸਹੀ ਜਾਂਚ ਅਤੇ ਤੇਜ਼ੀ ਨਾਲ ਸੁਣਵਾਈ, ਹਸਪਤਾਲਾਂ ਵਿੱਚ ਸੁਰੱਖਿਆ ਅਤੇ ਸਰਕਾਰੀ ਹਸਪਤਾਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਸੁਧਾਰਨ ਅਤੇ ਇਸ ਤਰ੍ਹਾਂ ਮਰੀਜ਼ਾਂ ਦੀ ਦੇਖਭਾਲ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਮੰਗ ਕਰ ਰਹੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਡਾਕਟਰਾਂ ਨੂੰ ਬਹੁਤ ਸਾਰੀਆਂ ਥਾਵਾਂ 'ਤੇ ਜ਼ਿਆਦਾਤਰ ਫਜ਼ੂਲ ਕਾਰਨਾਂ ਕਰਕੇ ਭੀੜ ਦੀ ਹਿੰਸਾ ਦਾ ਨਿਸ਼ਾਨਾ ਬਣਾਇਆ ਗਿਆ ਹੈ। ਇਸ ਲਈ, ਕੰਮ ਵਾਲੀ ਥਾਂ 'ਤੇ ਖਾਸ ਤੌਰ 'ਤੇ ਮਹਿਲਾ ਡਾਕਟਰਾਂ ਦੀ ਸੁਰੱਖਿਆ ਦੀ ਮੰਗ ਨੂੰ ਲੈ ਕੇ ਡਾਕਟਰਾਂ ਦਾ ਗੁੱਸਾ ਜਾਇਜ਼ ਹੈ। ਇਹ ਅਜਿਹੇ ਮੁੱਦੇ ਹਨ, ਜਿਨ੍ਹਾਂ ਲਈ ਡਾਕਟਰਾਂ ਨੂੰ ਅੰਦੋਲਨ ਕਰਨ ਦੀ ਲੋੜ ਨਹੀਂ ਪੈਣੀ ਚਾਹੀਦੀ। ਇਹ ਸੰਬੰਧਤ ਸਰਕਾਰਾਂ ਦਾ ਫਰਜ਼ ਹੈ ਕਿ ਉਹ ਵੱਖ-ਵੱਖ ਖੇਤਰਾਂ ਵਿੱਚ ਲੱਗੇ ਸਾਰੇ ਨਾਗਰਿਕਾਂ ਨੂੰ ਕੰਮ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ। ਸਿਹਤ ਸਹੂਲਤਾਂ ਅਤੇ ਮੈਡੀਕਲ ਪੇਸ਼ੇਵਰਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਨੂੰ ਦਿਨ-ਰਾਤ ਕੰਮ ਕਰਨਾ ਪੈਂਦਾ ਹੈ। ਅਜੋਕੇ ਸਮੇਂ ਵਿੱਚ ਜਦੋਂ ਮਹਿਲਾ ਡਾਕਟਰਾਂ ਦੀ ਗਿਣਤੀ ਪੁਰਸ਼ ਸਾਥੀਆਂ ਨਾਲੋਂ ਵੱਧ ਹੈ, ਉਨ੍ਹਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ।

ਕੋਈ ਵੀ ਇਲਾਜ ਦੀ ਪ੍ਰਕ੍ਰਿਆ ਸਰਜੀਕਲ ਅਸਫਲਤਾ, ਦਵਾਈਆਂ ਦੇ ਬੁਰੇ ਪ੍ਰਭਾਵ ਜਾਂ ਅਣਜਾਣੇ ਵਿੱਚ ਅਣਗਹਿਲੀ ਤੋਂ 100 ਫੀਸਦੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੀ। ਇਸ ਲਈ ਜਦੋਂ ਡਾਕਟਰਾਂ ਅਤੇ ਬਾਕੀ ਦੇ ਮੈਡੀਕਲ ਸਟਾਫ 'ਤੇ ਹਮਲਾ ਕੀਤਾ ਜਾਂਦਾ ਹੈ ਅਤੇ ਬੁਨਿਆਦੀ ਢਾਂਚਾ ਤੇ ਸਾਜ਼ੋ-ਸਮਾਨ, ਜਿਸ ਨੇ ਸੈਂਕੜੇ ਮਰੀਜ਼ਾਂ ਨੂੰ ਬਿਮਾਰੀ ਤੋਂ ਠੀਕ ਹੋਣ ਵਿਚ ਮਦਦ ਕੀਤੀ ਹੈ, ਨੂੰ ਤਬਾਹ ਕਰ ਦਿੱਤਾ ਜਾਏ, ਬਿਲਕੁਲ ਵੀ ਸਵੀਕਾਰਨ ਯੋਗ ਨਹੀਂ ਹੈ।

ਆਰ ਜੀ ਕਰ ਮੈਡੀਕਲ ਕਾਲਜ ਦੇ ਮਾਮਲੇ ਵਿੱਚ ਇਹ ਸੰਗਠਿਤ ਬੇਕਾਬੂ ਭੀੜ ਸੀ, ਜਿਸ ਨੇ ਸੀ ਸੀ ਟੀ ਵੀ ਕੈਮਰੇ ਤੋੜ ਦਿੱਤੇ ਅਤੇ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਇਹ ਕੇਸ ਹੁਣ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਅਧੀਨ ਹੈ।

ਆਰ ਜੀ ਕਰ ਮੈਡੀਕਲ ਕਾਲਜ ਕੋਲਕਾਤਾ ਦੀ ਘਟਨਾ ਇਸ ਗੱਲ ਦਾ ਦੁਖਦਾਈ ਪ੍ਰਤੀਬਿੰਬ ਹੈ ਕਿ ਅਸੀਂ ਕਿੰਨੇ ਬੇਸਬਰ, ਬੇਚੈਨ, ਹਮਲਾਵਰ ਪਰਵਿਰਤੀ ਵਾਲੇ ਅਤੇ ਬੇਪਰਵਾਹ ਸਮਾਜ ਬਣ ਗਏ ਹਾਂ। ਹਸਪਤਾਲਾਂ, ਕਲੀਨਿਕਾਂ ਜਾਂ ਹੋਰ ਸਿਹਤ ਸਹੂਲਤਾਂ ਨੂੰ ਹੁਣ ਤੱਕ ਪੂਜਾ ਸਥਾਨ ਮੰਨਿਆ ਜਾਂਦਾ ਰਿਹਾ ਹੈ ਅਤੇ ਸਮਾਜ ਦੁਆਰਾ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਰਿਹਾ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਲੋਕਾਂ ਨੂੰ ਉਕਸਾ ਕੇ ਲੁੱਟ-ਖੋਹ ਕਰਨ ਵਾਲੇ ਜਾਂ ਅਨੇਕਾਂ ਵਾਰ ਗੈਰ-ਸਮਾਜਿਕ ਤੱਤ ਹਿੰਸਕ ਕਾਰੇ ਕਰ ਰਹੇ ਹਨ।

ਬਲਾਤਕਾਰੀਆਂ ਅਤੇ ਕਾਤਲਾਂ ਨੂੰ ਵਾਰ-ਵਾਰ



ਪੈਰੋਲ ਮਿਲਣ ਨੇ ਸਮਾਜ ਵਿੱਚ ਇੱਕ ਮਾਨਸਿਕ ਸਥਿਤੀ ਬਣਾਈ ਹੈ, ਜਿੱਥੇ ਹਮਲਾਵਰ ਰੁਚੀ ਨੂੰ ਬੁਰਾ ਨਹੀਂ ਮੰਨਿਆ ਜਾਂਦਾ।ਹਿੰਸਾ ਦੇ ਸਿਆਸੀਕਰਨ ਨੇ ਆਬਾਦੀ ਨੂੰ ਲਗਭਗ ਅਸੰਵੇਦਨਸ਼ੀਲ ਬਣਾ ਦਿੱਤਾ ਹੈ। ਇਸ ਲਈ ਹੁਣ ਡਾਕਟਰੀ ਪੇਸ਼ੇ ਲਈ ਆਪਣੇ ਮੁੱਦਿਆਂ ਦੇ ਨਾਲ-ਨਾਲ ਇਹਨਾਂ ਮੁੱਦਿਆਂ 'ਤੇ ਬਹਿਸ ਕਰਨ ਦਾ ਸਮਾਂ ਹੈ।

ਸਿਹਤ ਸੇਵਾਵਾਂ ਵਿੱਚ ਕਾਰਪੋਰੇਟ ਸੈਕਟਰ ਦੇ ਦਾਖਲੇ ਨਾਲ ਡਾਕਟਰੀ ਪੇਸ਼ਾ ਗੰਭੀਰ ਪ੍ਰਤੀਯੋਗੀ ਕਾਰੋਬਾਰੀ ਮਾਡਲ ਬਣ ਗਿਆ ਹੈ, ਜਿਸ ਵਿੱਚ ਪੀੜਤਾਂ ਜਾਂ ਉਨ੍ਹਾਂ ਦੇ ਪਰਵਾਰ ਨਾਲ ਹਮਦਰਦੀ ਦੀ ਕੋਈ ਥਾਂ ਨਹੀਂ। ਕਾਰਪੋਰੇਟ ਸੰਚਾਲਿਤ ਸਿਹਤ ਖੇਤਰ ਵਿੱਚ, ਸਮਾਜ ਵਿੱਚ ਵਧ ਰਹੀ ਆਰਥਕ ਅਸਮਾਨਤਾ ਅਤੇ ਲੋਕਾਂ ਦੀ ਗੁਣਵੱਤਾ ਵਾਲੀ ਸਿਹਤ ਸੰਭਾਲ ਨੂੰ ਹਾਸਲ ਕਰਨ ਵਿੱਚ ਅਸਮਰੱਥਾ ਦੇ ਨਤੀਜੇ ਵਜੋਂ ਡਾਕਟਰੀ ਪੇਸ਼ੇ ਦੀ ਅਖੰਡਤਾ ਸਵਾਲਾਂ ਵਿੱਚ ਹੈ। ਇਹ ਮੰਦਭਾਗਾ ਹੈ ਕਿ ਕੁਝ ਮੈਡੀਕਲ ਪੇਸ਼ੇਵਰਾਂ ਨੇ ਸਿਹਤ ਸੰਭਾਲ ਦੀ ਕਾਰਪੋਰੇਟ ਪ੍ਰਣਾਲੀ ਨੂੰ ਅਪਣਾ ਲਿਆ ਹੈ ਅਤੇ ਜਨਤਕ ਸਿਹਤ ਦੇਖਭਾਲ ਪ੍ਰਣਾਲੀ ਬਾਰੇ ਚਿੰਤਾ ਕਰਨਾ ਬੰਦ ਕਰ ਦਿੱਤਾ ਹੈ।

ਨੈਤਿਕ ਨਿਘਾਰ ਘਰ ਤੋਂ ਸ਼ੁਰੂ ਹੁੰਦਾ ਹੈ, ਜਿੱਥੇ ਪਰਵਾਰ ਵਿੱਚ ਗੁਣਾਤਮਕ ਚਰਚਾ ਘਟ ਗਈ ਹੈ। ਸਕੂਲਾਂ ਵਿੱਚ ਸਿੱਖਿਆ ਦੇ ਸ਼ੁਰੂਆਤੀ ਦੌਰ ਵਿੱਚ ਗੁਣਵੱਤਾ ਦੀ ਘਾਟ ਨੇ ਇਸ ਵਿੱਚ ਹੋਰ ਵਾਧਾ ਕੀਤਾ ਹੈ।

ਬਹੁਤ ਸਾਰੇ ਨੌਜਵਾਨ ਡਾਕਟਰ ਭਵਿੱਖ ਵਿੱਚ ਮਹਾਂਮਾਰੀ ਵਿਗਿਆਨੀ ਜਾਂ ਜਨਤਕ ਸਿਹਤ ਮਾਹਰ ਬਣ ਜਾਣਗੇ। ਉਨ੍ਹਾਂ ਨੂੰ ਬਿਮਾਰੀਆਂ, ਲਾਗ ਅਤੇ ਐਂਟੀ-ਮਾਈਕ੍ਰੋਬਾਇਲ ਪ੍ਰਤੀਰੋਧ ਨੂੰ ਰੋਕਣ ਲਈ ਸਥਿਤੀਆਂ ਨਾਲ ਨਜਿੱਠਣਾ ਹੋਵੇਗਾ। ਉਨ੍ਹਾਂ ਨੂੰ ਪੀਣ ਵਾਲੇ ਸਾਫ਼ ਪਾਣੀ, ਸੀਵਰੇਜ ਦੀ ਸਹੂਲਤ, ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਸਿਹਤਮੰਦ ਪੌਸ਼ਟਿਕ ਆਹਾਰ ਅਤੇ ਇਸ ਤਰ੍ਹਾਂ ਦੇ ਹੋਰ ਮੁੱਦਿਆਂ ਨੂੰ ਉੱਚ ਅਧਿਕਾਰੀਆਂ ਕੋਲ ਉਠਾਉਣਾ ਹੋਵੇਗਾ। ਉਨ੍ਹਾਂ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ ਵਰਗੀਆਂ ਅਨੇਕਾਂ ਬਿਮਾਰੀਆਂ ਦੀ ਰੋਕਥਾਮ ਦੇ ਪ੍ਰੋਗਰਾਮਾਂ, ਟੀਕਾਕਰਨ, ਬਰਸਾਤ ਦੇ ਮੌਸਮ ਦੌਰਾਨ ਫੌਗਿੰਗ ਕਰਵਾਉਣ ਵਿਚ ਪ੍ਰਸ਼ਾਸਨ ਦੀਆਂ ਨਾਕਾਮੀਆਂ 'ਤੇ ਪ੍ਰਤੀਕਿਰਿਆ ਕਰਨੀ ਪਵੇਗੀ।

ਇਹ ਸਹੀ ਸਮਾਂ ਹੈ ਕਿ ਅਸੀਂ ਅਜਿਹੇ ਮੁੱਦਿਆਂ 'ਤੇ ਉਭਰਦੇ ਡਾਕਟਰਾਂ ਨੂੰ ਸਿਖਲਾਈ ਦੇਈਏ। ਕੁਦਰਤੀ ਆਫਤਾਂ ਵਿੱਚ ਡਾਕਟਰਾਂ ਨੂੰ ਆਪਣੀ ਜਾਨ ਖਤਰੇ ਵਿੱਚ ਪਾ ਕੇ ਮਾੜੇ ਹਾਲਾਤ ਵਿੱਚ ਕੰਮ ਕਰਨਾ ਪੈਂਦਾ ਹੈ। ਇਸ ਲਈ ਜਲਵਾਯੂ ਪਰਿਵਰਤਨ ਅਤੇ ਇਸ ਦੇ ਨਿਘਾਰ ਵੱਲ ਸਾਡੀ ਪਹੁੰਚ ਨੂੰ ਵੀ ਕੇਂਦਰਤ ਕਰਨਾ ਅਵੱਸ਼ਕ ਬਣ ਗਿਆ ਹੈ।

ਪੇਸ਼ੇਵਰ ਡਿਊਟੀ ਨਿਭਾਉਂਦੇ ਹੋਏ ਵੀ ਹਿੰਸਾ ਦੀ ਸਥਿਤੀ ਦੌਰਾਨ ਜ਼ਖਮੀਆਂ ਨੂੰ ਦੇਖਣਾ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨਾ ਬਹੁਤ ਤਣਾਅਪੂਰਨ ਹੁੰਦਾ ਹੈ। ਅੱਜਕੱਲ੍ਹ ਹਿੰਸਾ ਦੀ ਰੋਕਥਾਮ ਇੱਕ ਗੰਭੀਰ ਜਨਤਕ ਸਿਹਤ ਐਮਰਜੈਂਸੀ ਹੈ। ਇਸ ਲਈ ਡਾਕਟਰਾਂ ਨੂੰ ਹਿੰਸਾ ਨੂੰ ਰੋਕਣ ਲਈ ਸਮਾਜਿਕ ਸਦਭਾਵਨਾ ਅਤੇ ਤਣਾਅ ਨੂੰ ਘਟਾਉਣ ਲਈ ਵੀ ਕੰਮ ਕਰਨਾ ਚਾਹੀਦਾ ਹੈ।

ਇਹ ਮੰਦਭਾਗਾ ਹੈ ਕਿ ਹਿੰਸਾ ਵਿੱਚ ਵਾਧਾ ਇੱਕ ਵਿਸ਼ਵਵਿਆਪੀ ਵਰਤਾਰਾ ਬਣਦਾ ਜਾ ਰਿਹਾ ਹੈ। ਦੁਨੀਆ ਦੇ ਕਈ ਹਿੱਸੇ ਅਤਿਅੰਤ ਕਿਸਮ ਦੀ ਹਿੰਸਾ ਦੇ ਹਾਲਾਤ ਨਾਲ ਜੂਝ ਰਹੇ ਹਨ। ਮੱਧ ਪੂਰਬ ਅਤੇ ਯੂਕਰੇਨ ਵਿੱਚ ਜੰਗ ਵਿੱਚ ਹਜ਼ਾਰਾਂ ਬੇਸਹਾਰਾ ਬੱਚੇ ਅਤੇ ਔਰਤਾਂ ਮਰ ਰਹੇ ਹਨ। ਅਫਰੀਕਾ ਦੇ ਕਈ ਹਿੱਸਿਆਂ ਵਿੱਚ ਸੰਘਰਸ਼ਾਂ ਵਿੱਚ ਸੈਂਕੜੇ ਲੋਕ ਭੁੱਖ, ਕੁਪੋਸ਼ਣ ਅਤੇ ਬਿਮਾਰੀਆਂ ਨਾਲ ਮਰ ਰਹੇ ਹਨ। ਡਾਕਟਰਾਂ ਦੇ ਤੌਰ 'ਤੇ ਸਾਨੂੰ ਦੁਨੀਆ ਭਰ ਦੇ ਸ਼ਾਂਤੀਪਸੰਦ ਲੋਕਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨਾ ਹੋਵੇਗਾ ਅਤੇ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਲਈ ਜ਼ੋਰਦਾਰ ਆਵਾਜ਼ ਉਠਾਉਣੀ ਹੋਵੇਗੀ।

**# ਸੰਪਰਕ : 94170-00360**

# ਇਨਕਲਾਬੀ ਵਚਨਬੱਧਤਾ ਦਾ ਮੁਜੱਸਮਾ ਕਾਮਰੇਡ ਜਗਜੀਤ ਸਿੰਘ ਸੋਹਲ

**ਬੂਟਾ ਸਿੰਘ ਮਹਿਮੂਦਪੁਰ**



ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਿਰਮੌਰ ਆਗੂ ਅਤੇ ਪੰਜਾਬ ਵਿਚ ਨਕਸਲੀ ਲਹਿਰ ਤੇ ਸੀ ਪੀ ਆਈ (ਐੱਮ ਐੱਲ) ਦੇ ਮੋਢੀ ਆਗੂਆਂ ਵਿੱਚੋਂ ਇਕ ਕਾਮਰੇਡ ਜਗਜੀਤ ਸਿੰਘ ਸੋਹਲ (ਕਾਮਰੇਡ ਸ਼ਰਮਾ) 20 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ। 96 ਸਾਲ ਲੰਮੀ ਭਰਪੂਰ ਜ਼ਿੰਦਗੀ ਦੇ ਸੱਤ ਦਹਾਕੇ ਉਨ੍ਹਾ ਸਮਾਜ ਨੂੰ ਮਨੁੱਖ ਦੇ ਜਿਊਣਯੋਗ ਬਣਾਉਣ ਲਈ ਇਨਕਲਾਬੀ ਸੰਗਰਾਮ ਦੇ ਲੇਖੇ ਲਾਏ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ਾਹਪੁਰ ਦੇ ਰਹਿਣ ਵਾਲੇ ਜਗਜੀਤ ਸਿੰਘ ਨੇ ਜਦੋਂ ਜਵਾਨੀ 'ਚ ਪੈਰ ਧਰਿਆ ਤਾਂ ਸਮਾਜ ਨੂੰ ਵਿਗਿਆਨਕ ਨਜ਼ਰੀਏ ਨਾਲ ਮੁੱਢੋਂ ਬਦਲਣ ਲਈ ਯਤਨਸ਼ੀਲ ਕਮਿਊਨਿਸਟ ਲਹਿਰ ਦੁਨੀਆ ਭਰ 'ਚ ਲੋਕ-ਮੁਕਤੀ ਦਾ ਨਵਾਂ ਇਤਿਹਾਸ ਰਚਦੀ ਹੋਈ ਤੂਫ਼ਾਨੀ ਰਫ਼ਤਾਰ ਨਾਲ ਅੱਗੇ ਵਧ ਰਹੀ ਸੀ। ਭਾਰਤ ਵਿਚ ਵੀ ਘੋਰ ਨਬਰਾਬਰੀ ਅਤੇ ਨੰਗੀ ਚਿੱਟੀ ਬੇਇਨਸਾਫ਼ੀ 'ਤੇ ਟਿਕੇ ਲੋਟੂ ਪ੍ਰਬੰਧ ਨੂੰ ਖ਼ਤਮ ਕਰਨ ਲਈ ਕਮਿਊਨਿਸਟ ਅਗਵਾਈ ਹੇਠ ਇਨਕਲਾਬੀ ਸੰਘਰਸ਼ ਮਜ਼ਬੂਤ ਤਾਕਤ ਬਣ ਕੇ ਵੱਡੇ ਹੰਭਲੇ ਮਾਰ ਰਹੇ ਸਨ। ਪੈਪਸੂ ਦਾ ਮੁਜ਼ਾਰਾ ਘੋਲ ਰਜਵਾੜਾਸ਼ਾਹੀ ਉੱਪਰ ਵਦਾਣੀ ਸੱਟਾਂ ਮਾਰਦਾ ਅੱਗੇ ਵਧ ਰਿਹਾ ਸੀ। ਉਸ ਦੌਰ 'ਚ ਬੇਸ਼ੁਮਾਰ ਨੌਜਵਾਨ ਆਪਣਾ ਨਿੱਜੀ ਭਵਿੱਖ ਤਿਆਗ ਕੇ ਪੂਰੇ ਸਮਾਜ ਦੇ ਭਵਿੱਖ ਨੂੰ ਸੰਵਾਰਨ ਤੇ ਉੱਜਲ ਬਣਾਉਣ ਲਈ ਕਮਿਊਨਿਸਟ ਲਹਿਰ 'ਚ ਸ਼ਾਮਲ ਹੋਏ। ਇਹ ਪਰਵਾਰ ਵੀ ਕਮਿਊਨਿਸਟ ਲਹਿਰ ਨਾਲ ਜੁੜਿਆ ਹੋਇਆ ਸੀ ਅਤੇ ਇਹ ਪੱਖ ਨੌਜਵਾਨ ਜਗਜੀਤ ਸਿੰਘ ਨੂੰ ਕਮਿਊਨਿਸਟ ਬਣਾਉਣ 'ਚ ਵੱਡੀ ਪ੍ਰੇਰਨਾ ਬਣਿਆ।

ਜਗਜੀਤ ਸਿੰਘ ਨੇ ਵੀ ਜਵਾਨੀ ਸਮੇਂ ਅਧਿਆਪਕ ਦੀ ਨੌਕਰੀ ਛੱਡ ਕੇ ਆਪਣੀ ਜ਼ਿੰਦਗੀ ਲੋਕ ਮੁਕਤੀ ਦੇ ਲੇਖੇ ਲਾਉਣ ਦਾ ਫ਼ੈਸਲਾ ਕੀਤਾ। ਇਕ ਵਾਰ ਫ਼ੈਸਲਾ ਲੈਣ ਤੋਂ ਬਾਅਦ ਉਨ੍ਹਾ ਪਿੱਛੇ ਮੁੜ ਕੇ ਨਹੀਂ ਦੇਖਿਆ। ਚੜ੍ਹਦੀ ਜਵਾਨੀ 'ਚ ਉਹ ਪੈਪਸੂ ਦੇ ਮੁਜ਼ਾਰਾ ਘੋਲ ਨਾਲ ਜੁੜੇ ਅਤੇ ਆਖਰੀ ਸਾਹਾਂ ਤੱਕ ਇਨਕਲਾਬ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਇਨਕਲਾਬੀ ਸੰਘਰਸ਼ ਰਾਹੀਂ ਮਜ਼ਦੂਰਾਂ-ਕਿਸਾਨਾਂ ਦੀ ਪੁੱਗਤ ਵਾਲਾ ਸੱਚਾ ਲੋਕ ਜਮਹੂਰੀ ਰਾਜ ਲਿਆਉਣ ਦੇ ਕਾਜ ਨੂੰ ਸਮਰਪਿਤ ਰਹੇ।

ਲਾਲ ਪਾਰਟੀ, ਸੀ ਪੀ ਆਈ, ਸੀ ਪੀ ਐੱਮ ਸੀ ਪੀ ਆਈ (ਐੱਮ ਐੱਲ) ਤੋਂ ਲੈ ਕੇ ਮੌਜੂਦਾ ਮਾਓਵਾਦੀ ਧਾਰਾ ਤੱਕ ਉਨ੍ਹਾ ਦੇ ਆਗੂ ਯੋਗਦਾਨ ਦਾ ਸੱਤ ਦਹਾਕੇ ਲੰਮਾ ਸ਼ਾਨਦਾਰ ਇਤਿਹਾਸ ਹੈ। ਕਮਿਊਨਿਸਟ ਵਿਚਾਰਧਾਰਾ ਦੇ ਡੂੰਘੇ ਅਧਿਐਨ ਦੇ ਆਧਾਰ 'ਤੇ ਆਪਣੀ ਦ੍ਰਿੜ੍ਹ ਸਿਧਾਂਤਕ ਵਚਨਬੱਧਤਾ ਦੀ ਬਦੌਲਤ ਉਹ ਆਮ ਪਾਰਟੀ ਮੈਂਬਰ ਤੋਂ ਪੰਜਾਬ ਅਤੇ ਭਾਰਤ ਪੱਧਰ ਦੇ ਆਗੂ ਬਣਕੇ ਉੱਭਰੇ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਵੱਖ-ਵੱਖ ਆਗੂ ਪੱਧਰਾਂ 'ਤੇ ਇਤਿਹਾਸਕ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ।

ਉਹ ਪੰਜਾਬ ਵਿਚ ਨਕਸਲੀ ਲਹਿਰ ਦੀ ਸ਼ੁਰੂਆਤ ਸਮੇਂ ਹੀ ਸਰਗਰਮ ਹੋ ਗਏ ਸਨ ਅਤੇ ਸੀ ਪੀ ਆਈ (ਐੱਮ ਐੱਲ) ਦੀ ਮੁੱਢਲੀ ਆਗੂ ਟੀਮ ਵਿਚ ਸ਼ੁਮਾਰ ਸਨ। ਪਹਿਲੇ ਸੂਬਾ ਸਕੱਤਰ ਕਾਮਰੇਡ ਦਇਆ ਸਿੰਘ ਦੀ ਸ਼ਹਾਦਤ ਤੋਂ ਬਾਅਦ ਉਨ੍ਹਾ ਨੂੰ ਸੂਬਾ ਸਕੱਤਰ ਬਣਾਇਆ ਗਿਆ ਅਤੇ ਫਿਰ ਪ੍ਰਮੁੱਖ ਆਗੂ ਚਾਰੂ ਮਜ਼ੂਮਦਾਰ ਦੀ ਸ਼ਹਾਦਤ ਤੋਂ ਬਾਅਦ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਬਣਾਏ ਗਏ। ਇਸ ਤੋਂ ਬਾਅਦ ਉਨ੍ਹਾ ਪਾਰਟੀ ਯੂਨਿਟੀ ਵਿਚ ਕੇਂਦਰੀ ਆਗੂ ਦੇ ਰੂਪ ਅਤੇ ਫਿਰ ਏਕਤਾ ਤੋਂ ਬਾਅਦ ਪੀਪਲਜ਼ ਵਾਰ ਤੇ ਮਾਓਵਾਦੀ ਪਾਰਟੀ ਵਿਚ ਵੀ ਵੱਖ-ਵੱਖ ਪੱਧਰਾਂ 'ਤੇ ਕੰਮ ਕੀਤਾ।

ਉਨ੍ਹਾ ਸੀ ਪੀ ਆਈ (ਐੱਮ ਐੱਲ) ਦੀ 1970 ਦੀ ਖੱਬੀ ਸਿਆਸੀ ਲਾਈਨ ਅਤੇ ਅਭਿਆਸ ਦਾ ਲੇਖਾਜੋਖਾ ਕਰਕੇ ਗ਼ਲਤੀਆਂ ਨੂੰ ਦਰੁਸਤ ਕਰਨ ਅਤੇ ਇਤਿਹਾਸਕ ਪ੍ਰਾਪਤੀਆਂ ਨੂੰ ਬੁਲੰਦ ਕਰਦੇ ਹੋਏ ਗਰੁੱਪਾਂ 'ਚ ਵੰਡੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਨੂੰ ਇਕਜੁੱਟ ਕਰਨ 'ਚ ਆਗੂ ਭੂਮਿਕਾ ਨਿਭਾਈ। ਕੱਟੜਪੰਥੀ ਰਟਣ-ਮੰਤਰ ਦੀ ਬਜਾਏ ਉਹ ਮੁਲਕ ਦੇ ਠੋਸ ਹਾਲਾਤ ਨੂੰ ਸਮਝਣ ਲਈ ਪੂਰੀ ਸੁਹਿਰਦਤਾ ਨਾਲ ਜੁਟੇ ਰਹੇ। ਉਹ ਨਕਸਲੀ ਲਹਿਰ ਦੀ ਬੁਨਿਆਦੀ ਲਾਈਨ ਦੇ ਝੰਡਾਬਰਦਾਰ ਆਗੂਆਂ 'ਚੋਂ ਸਨ, ਜਿਨ੍ਹਾਂ ਲਹਿਰ ਦੇ ਉਤਰਾਵਾਂ-ਚੜ੍ਹਾਵਾਂ ਅਤੇ ਵੱਡੇ ਸੰਕਟਾਂ 'ਚੋਂ ਗੁਜ਼ਰਦਿਆਂ ਤਾਉਮਰ ਮਾਰਕਸਵਾਦ-ਲੈਨਿਨਵਾਦ ਤੇ ਮਾਓਵਾਦੀ ਵਿਚਾਰਧਾਰਾ 'ਚ ਅਡੋਲ ਭਰੋਸੇ ਨਾਲ ਕੰਮ ਕੀਤਾ ਅਤੇ ਪਾਰਲੀਮੈਂਟਰੀ ਰਾਹ ਨੂੰ ਰੱਦ ਕਰਕੇ ਇਨਕਲਾਬੀ ਤਬਦੀਲੀ ਦੇ ਸੱਚੇ ਕਮਿਊਨਿਸਟ ਮਾਰਗ ਉੱਪਰ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਉਨ੍ਹਾ ਦੀ ਪੰਜ ਦਹਾਕੇ ਲੰਮੀ ਰੂਪੋਸ਼ ਜ਼ਿੰਦਗੀ ਭਾਰਤ ਅੰਦਰ ਨਵ-ਜਮਹੂਰੀ ਇਨਕਲਾਬ ਦੇ ਕਾਜ ਨੂੰ ਪ੍ਰਣਾਏ ਕਮਿਊਨਿਸਟ ਇਨਕਲਾਬੀਆਂ ਦੇ ਸਿਦਕ, ਸਿਰੜ ਅਤੇ ਆਪਣੇ ਅਕੀਦਿਆਂ ਲਈ ਮਰ-ਮਿਟਣ ਦਾ ਮੁਜੱਸਮਾ ਹੈ।

ਕਾਮਰੇਡ ਸੋਹਲ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕਰਨ ਅਤੇ ਭਾਰਤ ਦੀ ਨਕਸਲੀ ਲਹਿਰ ਵਿਚ ਉਹਨਾ ਦੇ ਇਤਿਹਾਸਕ ਯੋਗਦਾਨ ਨੂੰ ਬੁਲੰਦ ਕਰਨ ਲਈ ਉਨ੍ਹਾ ਨਮਿਤ ਸ਼ਰਧਾਂਜਲੀ ਸਮਾਗਮ 28 ਅਕਤੂਬਰ, (ਸੋਮਵਾਰ) ਨੂੰ ਸਵੇਰੇ 11 ਵਜੇ ਕਮਿਊਨਿਟੀ ਹਾਲ, ਪਟਿਆਲਾ ਵਿਖੇ ਕੀਤਾ ਜਾ ਰਿਹਾ ਹੈ।

# ਬਿਰਧ ਆਸ਼ਰਮ ਤੋਂ ਮੰਤਰੀ ਬਣਨ ਤੱਕ ਦਾ ਸਫਰ



ਡਾ. ਸੰਦੀਪ ਘੰਡ

ਸਕੂਲ ਦੇ ਸਲਾਨਾ ਸਮਾਗਮ ਦੀਆਂ ਰੌਣਕਾਂ ਅਤੇ ਤਾੜੀਆਂ ਦੀ ਅਵਾਜ਼ ਨਾਲ ਸਮਾਜ ਭਲਾਈ ਅਤੇ ਸਿੱਖਿਆ ਮੰਤਰੀ ਮਾਤਾ ਤੇਜ ਕੌਰ ਦਾਖਲ ਹੋਈ ਤਾਂ ਬਹੁਤ ਹੀ ਆਦਰ ਅਤੇ ਮਾਣ-ਸਨਮਾਨ ਨਾਲ ਉਨ੍ਹਾ ਨੂੰ ਸਟੇਜ 'ਤੇ ਲਿਆਂਦਾ ਗਿਆ।ਸਟੇਜ 'ਤੇ ਮੁੱਖ ਮਹਿਮਾਨ ਵਜੋਂ ਹਾਜਰ ਤੇਜ ਕੌਰ ਨੂੰ ਉਹ ਪੁਰਾਣੇ ਦਿਨ ਯਾਦ ਆ ਰਹੇ ਸਨ, ਜਦੋਂ ਉਹ ਆਪਣੇ ਦੋਨਾਂ ਪੁੱਤਰਾਂ ਨਾਲ ਉਨ੍ਹਾਂ ਦੇ ਨਾਲ ਸਮਾਗਮ ਵਿੱਚ ਆਇਆ ਕਰਦੀ ਸੀ।ਅੱਜ ਵੀ ਉਹੀ ਸਲਾਨਾ ਸਮਾਗਮ ਸੀ, ਉਸ ਦੇ ਦੋਨੋਂ ਪੁੱਤਰ ਵੀ ਬੇਸ਼ੱਕ ਸਮਾਗਮ ਵਿੱਚ ਹਾਜਰ ਸਨ, ਪਰ ਬੈਠੇ ਬੜੇ ਸ਼ਾਂਤ ਅਤੇ ਸਿਰ ਨੀਵਾਂ ਕਰਕੇ।ਸਟੇਜ ਸਕੱਤਰ ਮਾਤਾ ਜੀ ਦੇ ਕੰਮਾਂ ਦੀ ਵਡਿਆਈ ਕਰਦਾ ਹੋਇਆ ਬੱਚਿਆਂ ਦੀ ਪ੍ਰਾਪਤੀ ਦਾ ਵੀ ਜ਼ਿਕਰ ਕਰ ਰਿਹਾ ਸੀ।ਮਾਤਾ ਤੇਜ ਕੌਰ ਦੇ ਦਿਮਾਗ ਵਿੱਚ ਉਸ ਦੇ ਅੱਗੇ ਉਸ ਦੀ ਜ਼ਿੰਦਗੀ ਦੀ ਕਹਾਣੀ ਰੀ-ਟੇਕ ਵਾਂਗ ਦੁਬਾਰਾ ਚੱਲਣ ਲੱਗੀ।

ਉਸ ਨੂੰ ਅੱਜ ਵੀ ਉਹ ਦਿਨ ਯਾਦ ਸਨ, ਜਦੋਂ ਦੋਨੋਂ ਪੁੱਤਰਾਂ ਦਾ ਪਿਓ ਅਚਾਨਕ ਉਨ੍ਹਾਂ ਨੂੰ ਇਸ ਦੁਨੀਆ 'ਤੇ ਇਕੱਲਿਆਂ ਨੂੰ ਛੱਡ ਗਿਆ।ਉਸ ਸਮੇ ਵੱਡੇ ਬੇਟੇ ਜਸਬੀਰ ਦੀ ਉਮਰ ਮਸਾਂ ਪੰਜ ਸਾਲ ਅਤੇ ਛੋਟੇ ਬੇਟੇ ਪਰਮ ਦੀ ਉਮਰ ਤਿੰਨ ਸਾਲ ਸੀ।ਉਹ ਸਾਰਾ-ਸਾਰਾ ਦਿਨ ਸੋਚਦੀ ਕਿ ਬੱਚਿਆਂ ਨੂੰ ਪੜ੍ਹਾਉਣ ਦਾ ਉਨ੍ਹਾਂ ਦੇ ਪਿਤਾ ਦਾ ਸੁਪਨਾ ਕਿਵੇਂ ਪੂਰਾ ਕਰੇ।ਉਹ ਸੋਚਦੀ ਕਿ ਜ਼ਿੰਦਗੀ ਜਿਊਣ ਲਈ ਸਭ ਕੁਝ ਕਰਨਾ ਪਵੇਗਾ।ਬੱਚਿਆਂ ਨੂੰ ਅਸੀ ਆਪਣੀ ਇੱਛਾ ਅਨੁਸਾਰ ਜਨਮ ਦਿੱਤਾ ਨਾ ਕਿ ਉਹਨਾਂ ਦੀ ਇੱਛਾ ਅਨੁਸਾਰ।ਆਪਣੇ ਬਾਰੇ ਸੋਚਣ ਦੀ ਬਜਾਏ ਉਹ ਬੱਚਿਆਂ ਬਾਰੇ ਹੀ ਸੋਚਦੀ।ਉਸ ਦੀ ਸੋਚ ਸੀ ਕਿ ਜਦੋਂ ਕਿਸੇ ਕੰਮ ਨੂੰ ਤੁਸੀਂ ਜ਼ਿੰਦਗੀ ਦਾ ਹਿੱਸਾ ਬਣਾ ਲੈਂਦੇਂ ਹੋ ਤਾਂ ਤੁਹਾਡੀ ਇਹ ਆਦਤ ਬਣ ਜਾਂਦੀ ਹੈ, ਫੇਰ ਤੁਸੀਂ ਇਸ ਨੂੰ ਬਦਲ ਨਹੀ ਸਕਦੇ ਅਤੇ ਕਈ ਵਾਰ ਸਾਡੀਆਂ ਇਹ ਆਦਤਾਂ ਸਾਨੂੰ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਹਿੱਤ ਸਹਾਈ ਹੁੰਦੀਆਂ ਹਨ।ਇਸ ਲਈ ਸਾਨੂੰ ਚਾਹੀਦਾ ਕਿ ਸਾਨੂੰ ਅਜਿਹੇ ਹਾਲਾਤ ਬਣਾਉਣੇ ਚਾਹੀਦੇ ਕਿ ਸਾਡਾ ਕੰਮ ਕਰਨਾ ਹੀ ਸਾਡੀ ਆਦਤ ਬਣ ਜਾਵੇ।

ਆਖਰ ਉਹ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਲੱਗੀ।ਆਪਣੀ ਰੋਟੀ ਦੀ ਭੁੱਖ ਉਹ ਲੋਕਾਂ ਦੇ ਘਰਾਂ ਤੋਂ ਪੂਰੀ ਕਰਨ ਲੱਗੀ।ਬੱਚਿਆਂ ਨੂੰ ਉਹ ਚੰਗਾ ਖਾਣਾ ਘਰੇ ਬਣਾ ਕੇ ਖਵਾਉਂਦੀ।ਉਨ੍ਹਾਂ ਨੂੰ ਪੜ੍ਹਨ ਲਈ ਜਿਸ ਚੀਜ਼ ਦੀ ਜ਼ਰੂਰਤ ਪੈਂਦੀ, ਉਨ੍ਹਾਂ ਨੂੰ ਪੂਰਾ ਕਰਦੀ।ਜਿਵੇਂ-ਜਿਵੇਂ ਬੱਚੇ ਵੱਡੀਆਂ ਕਲਾਸਾਂ ਵਿੱਚ ਚਲੇ ਗਏ ਤਾਂ ਉਹ ਹੋਰ ਮਦਦ ਕਰਦੀ ਅਤੇ ਤਾਂ ਕਿ ਬੱਚਿਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਪਵੇ।ਉਸ ਨੂੰ ਕਿਸੇ ਨੇ ਦੱਸਿਆ ਕਿ ਬੱਚਿਆਂ ਦੀ ਫੀਸ ਵੀ ਮੁਆਫ ਹੋ ਸਕਦੀ ਹੈ ਅਤੇ ਸਕਾਲਰਸ਼ਿਪ ਵੀ ਮਿਲ ਸਕਦਾ, ਪਰ ਜਦੋਂ ਉਸ ਨੇ ਸਕੂਲ ਦੇ ਅਧਿਆਪਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਵਜ਼ੀਫਾ ਕੇਵਲ ਅਨੁਸੂਚਿਤ ਜਾਂ ਪੱਛੜੀ ਸ਼੍ਰੇਣੀ ਦੇ ਬੱਚਿਆਂ ਨੂੰ ਮਿਲਦਾ ਹੈ, ਇਥੇ ਵੀ ਆਮ ਜਾਤੀ ਦਾ ਹੋਣਾ ਉਸ ਅੱਗੇ ਕੰਧ ਬਣ ਗਿਆ।ਬੱਚਿਆਂ ਨੇ ਘੱਟ ਆਮਦਨ ਦਾ ਸਰਟੀਫਿਕੇਟ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ ਕਿ ਸਾਡੇ ਦੋਸਤਾਂ ਵਿੱਚ ਸਾਡੀ ਬੇਇੱਜ਼ਤੀ ਹੋਵੇਗੀ ਤੇ ਸਾਨੂੰ ਕਹਿਣਗੇ ਕਿ ਇਹ ਵਜ਼ੀਫੇ ਨਾਲ ਪੜ੍ਹ ਰਹੇ ਹਨ, ਪਰ ਉਸ ਨੇ ਬੱਚਿਆਂ ਨੂੰ ਪੜ੍ਹਾਉਣ ਦਾ ਸੰਕਲਪ ਲਿਆ ਸੀ, ਉਹ ਸਾਰੀ-ਸਾਰੀ ਰਾਤ ਬੈਠ ਕੇ ਲੋਕਾਂ ਦੇ ਕੱਪੜੇ ਸਿਊਣ ਲੱਗੀ।ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨਾ ਪਵੇ, ਉਸ ਦੇ ਘਰ ਦੇ ਨਜ਼ਦੀਕ ਹੀ ਲੋਅਰ ਬਣਾਉਣ ਵਾਲੀ ਫੈਕਟਰੀ ਸੀ, ਉਹ ਉਥੋਂ ਲੋਅਰ ਲੈ ਆਉਂਦੀ, ਸਾਰੀ-ਸਾਰੀ ਰਾਤ ਕੰਮ ਕਰਕੇ ਬੱਚਿਆਂ ਦੀ ਹਰ ਮੰਗ ਪੂਰੀ ਕਰਨ ਲੱਗੀ।

ਜਸਬੀਰ ਅਤੇ ਪਰਮ ਦੋਨਾਂ ਨੇ ਐੱਮ.ਏ ਕਰਨ ਤੋਂ ਬਾਅਦ ਬੀ.ਐੱਡ ਕਰ ਲਈ ਅਤੇ ਜਲਦੀ ਹੀ ਸਰਕਾਰੀ ਅਧਿਆਪਕ ਭਰਤੀ ਹੋ ਗਏ।ਉਸ ਦਿਨ ਤੇਜ ਕੌਰ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਦੇ ਮਾੜੇ ਦਿਨ ਖਤਮ ਹੋ ਗਏ ਹੋਣ।ਜਲਦੀ ਹੀ ਉਸ ਨੇ ਦੋਨੋਂ ਬੱਚਿਆਂ ਦਾ ਵਿਆਹ ਕਰ ਦਿੱਤਾ।ਪਹਿਲਾਂ-ਪਹਿਲਾ ਤਾਂ ਉਹ ਮਾਂ ਦਾ ਧਿਆਨ ਵੀ ਰੱਖਦੇ, ਪਰ ਵਿਆਹ ਤੋਂ ਬਾਅਦ ਹੁਣ ਦੋਨੋਂ ਮੁੰਡੇ ਆਪਣੀਆਂ ਘਰਵਾਲੀਆਂ ਵੱਲ ਹੀ ਧਿਆਨ ਦਿੰਦੇ। ਕਈ ਵਾਰ ਤਾਂ ਮਾਂ ਦੇ ਬਿਮਾਰ ਹੋਣ 'ਤੇ ਦਵਾਈ ਵੀ ਨਾ ਲੈ ਕੇ ਦਿੰਦੇ। ਮਾਂ ਨੂੰ ਇਹਨਾਂ ਗੱਲਾਂ ਦਾ ਬਿਲਕੁਲ ਅੰਦਾਜ਼ਾ ਨਹੀ ਸੀ।

ਵਿਆਹ ਤੋਂ ਕੁਝ ਦਿਨ ਬਾਅਦ ਹੀ ਦੋਨੋਂ ਪੁੱਤਰ ਅਤੇ ਨੂੰਹਾਂ ਮਾਂ ਨੂੰ ਪਿੰਡ ਛੱਡ ਕੇ ਸ਼ਹਿਰ ਜਾ ਕੇ ਰਹਿਣ ਲੱਗੇ।ਕਦੇ-ਕਦਾਈਂ ਛੁੱਟੀ ਵਾਲੇ ਦਿਨ ਗੇੜਾ ਮਾਰ ਜਾਂਦੇ। ਮਾਂ ਸਾਰਾ ਸਾਰਾ ਦਿਨ ਮੰਜੇ 'ਤੇ ਪਈ ਸੋਚਦੀ ਰਹਿੰਦੀ। ਕੰਮ ਦੀ ਆਦੀ ਹੋਣ ਕਾਰਣ ਉਹ ਬੇਹੱਦ ਸਿਹਤਮੰਦ ਸੀ।ਪੋਤੇ ਦੇ ਜਨਮ ਦਿਨ 'ਤੇ ਦਾਦੀ ਨੇ ਬਹੁਤ ਖੁਸ਼ੀ ਮਨਾਈ।ਬੱਚਿਆਂ ਦੀ ਦੇਖਭਾਲ ਲਈ ਉਹ ਮਾਂ ਨੂੰ ਆਪਣੇ ਨਾਲ ਸ਼ਹਿਰ ਲੈ ਗਏ।ਪਿੰਡ ਵਾਲਾ ਇੱਕ ਛੋਟਾ ਜਿਹਾ ਮਕਾਨ ਸੀ, ਉਹ ਵੀ ਵੇਚ ਦਿੱਤਾ।

ਆਪਣੀ ਅਜ਼ਾਦੀ ਲਈ ਉਹਨਾਂ ਬੱਚਿਆਂ ਨੂੰ ਹੋਸਟਲ ਵਿੱਚ ਛੱਡ ਦਿੱਤਾ। ਹੁਣ ਮਾਂ ਉਹਨਾਂ ਨੂੰ ਇੱਕ ਵਾਧੂ ਆਈਟਮ ਲੱਗਣ ਲੱਗੀ।ਉਹਨਾਂ ਮਾਂ ਨੂੰ ਕਿਹਾ ਕਿ ਸਾਨੂੰ ਬਾਹਰ ਕੈਂਪਾਂ 'ਤੇ ਜਾਣਾ ਪੈਂਦਾ, ਇਸ ਲਈ ਉਹ ਮਾਂ ਨੂੰ ਬਿਰਧ ਆਸ਼ਰਮ ਛੱਡ ਆਏ।ਮਾਂ ਨੂੰ ਵੀ ਹੁਣ ਉਥੇ ਰਹਿਣਾ ਬੋਝ ਲੱਗ ਰਿਹਾ ਸੀ।ਕੰਮ ਕਰਨ ਦੀ ਆਦਤ ਉਸ ਨੂੰ ਉਥੇ ਟਿਕਣ ਨਹੀ ਸੀ ਦੇ ਰਹੀ।ਇਸ ਲਈ ਉਹ ਬਿਰਧ ਆਸ਼ਰਮ ਵਿੱਚ ਆ ਕੇ ਖੁਸ਼ ਸੀ।ਪਹਿਲੇ ਕੁਝ ਮਹੀਨੇ ਉਹ ਬਿਰਧ ਆਸ਼ਰਮ ਨੂੰ ਕੁਝ ਪੈਸੇ ਦਿੰਦੇ ਰਹੇ, ਪਰ ਫੇਰ ਉਹ ਵੀ ਦੇਣੇ ਛੱਡ ਦਿੱਤੇ, ਪਰ ਏਨੇ ਸਮੇਂ ਵਿੱਚ ਮਾਂ ਨੇ ਬਿਰਧ ਆਸ਼ਰਮ ਵਿੱਚ ਆਪਣੀ ਚੰਗੀ ਪਹਿਚਾਣ ਬਣਾ ਲਈ।ਉਸ ਦੇ ਕੰਮ ਕਰਨ ਦੀ ਆਦਤ ਕਾਰਣ ਉਸ ਨੂੰ ਬਿਰਧ ਆਸ਼ਰਮ ਵਿੱਚ ਇੱਜ਼ਤ ਮਿਲਣ ਲੱਗੀ।

ਬਿਰਧ ਆਸ਼ਰਮ ਵਿੱਚ ਰਹਿਣ ਵਾਲੇ ਬਜ਼ੁਰਗਾਂ ਅਤੇ ਆਉਣ ਵਾਲੇ ਸਮਾਜ ਸੇਵੀਆਂ ਅਤੇ ਬਿਰਧ ਆਸ਼ਰਮ ਦੇ ਮੈਂਬਰਾਂ ਨੂੰ ਇਝ ਲੱਗਣ ਲੱਗਾ ਕਿ ਜਿਵੇਂ ਸਾਰਾ ਬਿਰਧ ਆਸ਼ਰਮ ਮਾਤਾ ਤੇਜ ਕੌਰ ਹੀ ਸਾਂਭ ਰਹੀ ਹੋਵੇ।ਬਿਰਧ ਆਸ਼ਰਮ ਵਿੱਚ ਆਉਣ ਵਾਲਾ ਹਰ ਅਫਸਰ ਅਤੇ ਰਾਜਨੀਤਕ ਨੇਤਾ ਤੇਜ ਕੌਰ ਨੂੰ ਬਹੁਤ ਇੱਜ਼ਤ ਦਿੰਦੇ।ਬਿਰਧ ਆਸ਼ਰਮ ਵਿੱਚ ਸਾਰੇ ਬਜ਼ੁਰਗਾਂ ਦੀ ਦੇਖਭਾਲ ਕਰਨ ਕਾਰਨ ਬਿਰਧ ਆਸ਼ਰਮ ਵਿੱਚ ਲੋੜਵੰਦਾਂ ਦੀ ਗਿਣਤੀ ਵਧ ਗਈ।ਸਮਾਜ ਸੇਵੀ ਸੰਸਥਾਵਾਂ ਵੀ ਮਾਂ ਨੂੰ ਸਾਰਾ ਦਿਨ ਕੰਮ ਕਰਦੇ ਦੇਖ ਕੇ ਬਹੁਤ ਉਤਸ਼ਾਹਤ ਹੁੰਦੀਆਂ, ਉਸ ਦੀ ਸਮਾਜ ਵਿੱਚ ਗੱਲ ਕਰਦੀਆਂ।ਤੇਜ ਕੌਰ 60 ਸਾਲ ਦੀ ਉਮਰ ਵਿੱਚ ਵੀ ਸਾਰੇ ਬਜ਼ੁਰਗਾਂ ਦੀ ਦੇਖਭਾਲ ਚੰਗੀ ਤਰ੍ਹਾਂ ਕਰਦੀ।

ਅਚਾਨਕ ਜ਼ਿੰਦਗੀ ਨੇ ਇਕਦਮ ਕਰਵਟ ਲਈ। ਸਾਰੀਆਂ ਸਮਾਜ ਸੇਵੀ ਸੰਸਥਾਵਾਂ, ਜੋ ਤੇਜ ਕੌਰ ਦੇ ਕੰਮ ਅਤੇ ਉਸ ਦੀਆਂ ਗੱਲਾਂ ਤੋਂ ਪ੍ਰਭਾਵਿਤ ਸਨ, ਨੇ ਮਾਤਾ ਤੇਜ ਕੌਰ ਨੂੰ ਵਿਧਾਨ ਸਭਾ ਚੋਣਾਂ ਵਿੱਚ ਵਿਧਾਇਕ ਵਜੋਂ ਖੜੇ ਹੋਣ ਲਈ ਮਨਾ ਲਿਆ।ਜਿਸ ਤਰ੍ਹਾਂ ਕਿਹਾ ਜਾਂਦਾ 'ਸਚੈ ਮਾਰਗ ਚਲਦਿਆਂ ਉਸਤਿਤੁ ਕਰੇ ਜਹਾਨ' ਮਾਤਾ ਤੇਜ ਕੌਰ ਜਿੱਤ ਗਈ ਅਤੇ ਉਸ ਨੂੰ ਸਿੱਖਿਆ ਅਤੇ ਸਮਾਜ ਭਲਾਈ ਮੰਤਰੀ ਵੀ ਬਣਾ ਦਿੱਤਾ।ਮਾਂ ਦੇ ਦੋਨੋਂ ਪੁੱਤਰਾਂ ਅਤੇ ਨੂੰਹਾਂ ਨੂੰ ਵੀ ਪਤਾ ਲੱਗਿਆ ਤਾਂ ਉਹ ਮਾਤਾ ਨੂੰ ਲੈਣ ਲਈ ਆਏ, ਪਰ ਮਾਂ ਨੇ ਕਿਹਾ ਮੈਂ ਬਿਰਧ ਆਸ਼ਰਮ ਨੂੰ ਹੀ ਆਪਣਾ ਪਰਵਾਰ ਮੰਨਿਆ ਹੈ।ਉਨ੍ਹਾਂ ਨੂੰ ਦੱਸਿਆ ਕਿ ਮੇਰੀ ਕੋਈ ਔਲਾਦ ਨਹੀਂ, ਨਾ ਹੀ ਮੇਰਾ ਕੋਈ ਘਰ ਹੈ, ਜਿਥੇ ਜਾ ਸਕਾਂ।ਅਚਾਨਕ ਇੱਕ ਦਿਨ ਮਾਤਾ ਤੇਜ ਕੌਰ ਨੂੰ ਮੰਤਰੀ ਵਜੋਂ ਉਸ ਸਕੂਲ ਦੇ ਸਲਾਨਾ ਸਮਾਗਮ ਲਈ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ, ਜਿਥੇ ਮਾਤਾ ਦੇ ਪੁੱਤਰ ਅਤੇ ਨੂੰਹਾਂ ਅਧਿਆਪਕ ਸਨ।ਉਹ ਅੱਜ ਆਪਣੇ ਆਪ ਨੂੰ ਸ਼ਰਮਸਾਰ ਮਹਿਸੂਸ ਕਰ ਰਹੇ ਸਨ।ਜਿਵੇਂ ਹੀ ਸਟੇਜ 'ਤੇ ਮਾਤਾ ਤੇਜ ਕੌਰ ਨੂੰ ਕੁਝ ਸ਼ਬਦ ਕਹਿਣ ਲਈ ਬੁਲਾਇਆ ਗਿਆ ਤਾਂ ਮਾਂ ਦੀ ਡੂੰਘੀ ਸੋਚ ਟੁੱਟ ਗਈ।ਮਾਤਾ ਤੇਜ ਕੌਰ ਨੇ ਰੁਮਾਲ ਨਾਲ ਅੱਖਾਂ ਸਾਫ ਕਰਦਿਆ ਬੱਚਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ- ਤੁਹਾਡੇ ਵਿੱਚ ਕੰਮ ਕਰਨ ਦੀ ਸ਼ਕਤੀ ਅਤੇ ਦ੍ਰਿੜ੍ਹ ਇਰਾਦੇ ਨਾਲ ਤੁਸੀ ਚੁਣੌਤੀ ਭਰਪੂਰ ਕੰਮ ਵੀ ਅਸਾਨੀ ਨਾਲ ਕਰ ਸਕਦੇ ਹੋ।ਉਨ੍ਹਾਂ ਬੱਚਿਆਂ ਨੂੰ ਕੰਮ ਨੂੰ ਆਪਣੀ ਆਦਤ ਬਣਾਉਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਇਸ ਨਾਲ ਤੁਸੀਂ ਜ਼ਿੰਦਗੀ ਦੀ ਹਰ ਜੰਗ ਜਿੱਤ ਸਕਦੇ ਹੋ।

**# ਸੰਪਰਕ : 98151-39576**

27-OCT-PAGE-7.qxd 10/27/2024 10:05 PM Page 1



## ਜੇ ਐੱਮ ਐੱਸ ਨੇ ਰਫਿਊਜ਼ਲ ਦੇ ਬਾਵਜੂਦ ਲਵਾਇਆ ਕੈਨੇਡਾ ਦਾ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮਸ਼ਹੂਰ ਤੇ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਹੁਣ ਤੱਕ ਅਨੇਕਾਂ ਹੀ ਰਿਫਿਊਜ਼ ਹੋਏ ਕੇਸਾਂ ਨੂੰ ਹੱਲ ਕਰਕੇ ਲੋਕਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਪੂਰਾ ਕਰ ਚੁੱਕੀ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਪਵਨਦੀਪ ਸਿੰਘ ਵਾਸੀ ਵੈਰੋਕੇ ਜ਼ਿਲ੍ਹਾ ਮੋਗਾ ਦਾ ਕਿਸੇ ਹੋਰ ਸੰਸਥਾ ਵੱਲੋਂ 1 ਵਾਰ ਵੀਜ਼ਾ ਰਫਿਊਜ਼ ਹੋਣ ਦੇ ਬਾਵਜੂਦ ਜੇ.ਐਮ.ਐੱਸ. ਨੇ ਬਹੁਤ ਹੀ ਜਲਦ ਸਪਾਊਸ ਵੀਜ਼ਾ ਲਗਾ ਕੇ ਉਨ੍ਹਾਂ ਦਾ ਵਿਦੇਸ਼ ਜਾਣ ਦਾ ਸੁਪਨਾ ਪੂਰਾ ਕੀਤਾ ਹੈ।ਸੰਸਥਾਂ ਵੱਲੋਂ ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ ਵਿੱਚ ਲਗਾਏ ਜਾਂਦੇ ਹਨ।ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ੇ ਸਬੰਧੀ ਸਲਾਹ ਦਿੰਦੇ ਹੋਏ ਜਾਣਕਾਰੀ ਸਾਂਝੀ ਕੀਤੀ ਕਿ ਜੇਕਰ ਕਿਸੇ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਅਜਿਹੇ ਵੀਜ਼ਾ ਚਾਹਵਾਨ ਇੱਕ ਵਾਰ ਸਲਾਹ ਲੈਣ ਲਈ ਆਪਣੇ ਦਸਤਾਵੇਜ਼ ਸਮੇਤ ਸੰਸਥਾ ਵਿਖੇ ਜ਼ਰੂਰ ਪਹੁੰਚੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਪਵਨਦੀਪ ਸਿੰਘ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾ ਕੀਤੀ।

## ਮਾਤਾ ਹਰਦੇਈ ਸਕੂਲ 'ਚ ਮਨੋਜ ਕੁਮਾਰ ਨੇ ਦਿਖਾਇਆ ਜਾਦੂ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਾਛੀਵਾੜਾ ਸਾਹਿਬ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ. ਸੈਕੰ. ਸਕੂਲ ਵਿਖੇ ਵਿਦਿਆਰਥੀਆਂ ਦੇ ਮਨੋਰੰਜਨ ਲਈ ਜਾਦੂਗਰ ਮਨੋਜ ਕੁਮਾਰ ਦੀ ਜਾਦੂਗਰੀ ਦਾ ਪ੍ਰੋਗਰਾਮ ਕਰਵਾਇਆ ਗਿਆ।ਬੰਗਾਲ ਦੇ ਰਹਿਣ ਵਾਲੇ ਇਸ ਜਾਦੂਗਰ ਵੱਲੋਂ ਵਿਦਿਆਰਥੀਆਂ ਤੇ ਸਮੂਹ ਅਧਿਆਪਕ ਸਾਹਿਬਾਨਾਂ ਦਾ ਜਾਦੂ ਦੀ ਕਲਾ ਨਾਲ ਮਨੋਰੰਜਨ ਕੀਤਾ ਗਿਆ।ਜਿਵੇਂ ਇੱਕ 50 ਦੇ ਨੋਟ ਤੋਂ ਕਈ 500 ਦੇ ਨੋਟ ਬਣਾਉਣੇ, ਫੁੱਲਾਂ ਤੇ ਰੁਮਾਲਾਂ ਦਾ ਰੰਗ ਬਦਲਣਾ, ਚੀਜ਼ਾਂ ਨੂੰ ਗਾਇਬ ਕਰਨਾ ਆਦਿ।ਮਨੋਜ ਕੁਮਾਰ ਨੇ ਦੱਸਿਆ ਕਿ ਇਹ ਇੱਕ ਕਲਾ ਤੇ ਹੱਥ ਦੀ ਸਫ਼ਾਈ ਹੈ, ਕੋਈ ਤੰਤਰ-ਮੰਤਰ ਨਹੀਂ ਹੈ, ਜਿਸ ਵਿੱਚ ਕਿਸੇ ਨੂੰ ਭਰਮਾਇਆ ਜਾ ਸਕੇ।ਇਸ ਨੂੰ ਆਮ ਵਿਅਕਤੀ ਵੀ ਸਖ਼ਤ ਮਿਹਨਤ ਨਾਲ ਸਿੱਖ ਸਕਦਾ ਹੈ, ਜਿਸ ਲਈ ਉਨ੍ਹਾਂ ਨੇ ਬੱਚਿਆਂ ਨੂੰ ਕਿਤਾਬਾਂ ਵੀ ਦਿੱਤੀਆਂ।ਇਸ ਮੌਕੇ ਸਕੂਲ ਪ੍ਰਿੰਸੀਪਲ ਪ੍ਰੋ: ਬਲਜੀਤ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਰੈੱਡ ਕਰਾਸ ਸੰਸਥਾ ਵੱਲੋਂ ਸਕੂਲ ਵਿੱਚ ਕਰਵਾਇਆ ਗਿਆ, ਜਿਸ ਅਨੁਸਾਰ ਰੈੱਡ ਕਰਾਸ ਸੰਸਥਾ ਵੱਲੋਂ ਚੰਦਾ ਇਕੱਠਾ ਕੀਤਾ ਜਾਂਦਾ ਹੈ ਤੇ ਉਸ ਚੰਦੇ ਤੋਂ ਅੰਗਹੀਣਾਂ ਲਈ ਬੈਟਰੀ ਵਾਲੇ ਰਿਕਸ਼ਾ, ਵਿਧਵਾ ਔਰਤਾਂ ਲਈ ਸਿਲਾਈ ਮਸ਼ੀਨਾਂ ਤੇ ਹੋਰ ਕਈ ਲੋੜਵੰਦ ਪਰਿਵਾਰਾਂ ਲਈ ਜ਼ਰੂਰੀ ਸਹੂਲਤਾਂ ਸੰਸਥਾਂ ਵੱਲੋਂ ਮੁੱਹਈਆ ਕਰਵਾਈਆਂ ਜਾਂਦੀਆਂ ਹਨ।ਇਸ ਸਮੇਂ ਸਾਰਾ ਟੀਚਿੰਗ ਤੇ ਨਾਨ-ਟੀਚਿੰਗ ਅਮਲਾ ਹਾਜ਼ਰ ਸੀ, ਜਿਨ੍ਹਾਂ ਵਿੱਚ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ, ਹਰਿੰਦਰ ਦੀਪ ਸ਼ਰਮਾ, ਕਾਜਲ ਅਨੰਦ, ਸਿਮਰਜੀਤ ਕੌਰ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਜਯੋਤੀ, ਮਨਜੋਤ ਕੌਰ, ਨਰਿੰਦਰ ਸਿੰਘ (ਕਮਿਸਤਰੀ), ਰਜਿੰਦਰ ਸਿੰਘ ਆਦਿ ਸ਼ਾਮਲ ਸਨ।

## ਗੁਰੂ ਹਰਕ੍ਰਿਸ਼ਨ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਕੀਰਤਨ ਦਰਬਾਰ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਬਾਲਾ ਪ੍ਰੀਤਮ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਐੱਸ ਐੱਸ ਟੀ ਨਗਰ ਵਿਖੇ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ।ਇਸ ਮੌਕੇ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਕੀਰਤਨ, ਗੁਰਬਾਣੀ ਕੰਠ, ਢਾਡੀ ਵਾਰਾਂ, ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ।ਇਨ੍ਹਾਂ ਬੱਚਿਆਂ ਨੂੰ ਪਦਮਸ੍ਰੀ ਜਗਜੀਤ ਸਿੰਘ ਦਰਦੀ, ਸਕੂਲ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਦਰਦੀ, ਡਾਇਰੈਕਟਰ ਹਰਪ੍ਰੀਤ ਸਿੰਘ ਦਰਦੀ, ਡਾ. ਇੰਦਰਪ੍ਰੀਤ ਕੌਰ, ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਸਮੇਤ ਹੋਰ ਸ਼ਖਸੀਅਤਾਂ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਭੁਪੇਸ਼ ਚੱਠਾ, ਗਿਆਨੀ ਸੁਖਦੇਵ ਸਿੰਘ ਸਾਬਕਾ ਹੈੱਡ ਗ੍ਰੰਥੀ, ਪ੍ਰਭਜੀਤ ਸਿੰਘ ਚੌਧਰੀ, ਪ੍ਰਿੰਸੀਪਲ ਮੋਨਿਕਾ ਵਾਲੀਆ, ਪ੍ਰਿੰਸੀਪਲ ਹਰਸਿਮਰਨ ਕੌਰ, ਕਵਿਤਾ ਵਾਲੀਆ, ਕੰਵਲਜੀਤ ਚੱਢਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਕੀਰਤਨ ਦਰਬਾਰ ਮੌਕੇ ਡਾ. ਇੰਦਰਪ੍ਰੀਤ ਕੌਰ ਦਰਦੀ ਤੇ ਜਸਵਿੰਦਰ ਕੌਰ ਦਰਦੀ ਦੇ ਜਥੇ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

## ਯੂਥ ਕਲੱਬਾਂ ਨੇ ਵਿਜੀਲੈਂਸ ਦਿਵਸ ਮਨਾਇਆ




**ਮੱਖੂ (ਰਛਪਾਲ ਸਿੰਘ ਸੰਧੂ)**-ਨਹਿਰੂ ਯੁਵਾ ਕੇਂਦਰ ਫਿਰੋਜ਼ਪੁਰ ਦੇ ਜ਼ਿਲ੍ਹਾ ਯੂਥ ਅਫਸਰ ਮੈਡਮ ਮਨੀਸ਼ਾ ਰਾਣੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਧੰਨ ਧੰਨ ਬਾਬਾ ਜੱਸਾ ਸਿੰਘ ਯੂਥ ਕਲੱਬ ਬੂਟੇਵਾਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਖੂ ਵਿਖੇ ਵਿਜੀਲੈਂਸ ਦਿਵਸ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਸੀ ਆਈ ਡੀ ਮੱਖੂ ਦੇ ਇੰਚਾਰਜ ਸਾਰਜ ਸਿੰਘ, ਹਰਬਿੰਦਰ ਸਿੰਘ, ਸਟਾਫ ਤੋਂ ਇਲਾਵਾ ਪ੍ਰਿੰਸੀਪਲ ਸੁਖਵਿੰਦਰ ਸਿੰਘ, ਸੁਖਪ੍ਰੀਤ ਸਿੰਘ, ਸੁਖਦੇਵ ਸਿੰਘ, ਦਸਮੇਸ਼ ਯੂਥ ਕਲੱਬ ਫੇਮੀਵਾਲਾ, ਲਕਸ਼ੇ ਯੂਥ ਕਲੱਬ ਮੱਖੂ ਦੇ ਪ੍ਰਧਾਨ ਤੇ ਇਲਾਕਾ ਨਿਵਾਸੀ ਹਾਜ਼ਰ ਸਨ।ਬਲਾਕ ਪ੍ਰਧਾਨ ਹਰਦਵਿੰਦਰ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ।ਮੁੱਖ ਮਹਿਮਾਨ ਸੀ ਆਈ ਡੀ ਮੱਖੂ ਦੇ ਇੰਚਾਰਜ ਸਾਰਜ ਸਿੰਘ ਵੱਲੋਂ ਵਿਜੀਲੈਂਸ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ ਗਈ।ਹਰਬਿੰਦਰ ਸਿੰਘ ਨੇ ਕਿਹਾ ਕਿ ਨੌਜਵਾਨ ਦੇਸ਼ ਦੀ ਤਰੱਕੀ ਦਾ ਥੰਮ੍ਹ ਹੁੰਦੇ ਹਨ।ਲਕਸ਼ੇ ਯੂਥ ਕਲੱਬ ਮੱਖੂ ਦੇ ਪ੍ਰਧਾਨ ਰਜੀਵ ਕਪੂਰ ਵੱਲੋਂ ਵਿਜੀਲੈਂਸ ਵਿਭਾਗ ਤੇ ਪੁਲਸ ਵਿਭਾਗ ਦੀ ਜਾਣਕਾਰੀ ਸਾਂਝੀ ਕੀਤੀ ਅਤੇ ਵਾਤਾਵਰਨ ਸੰਭਾਲ ਦੀ ਅਪੀਲ ਕੀਤੀ।ਸੁਖਪ੍ਰੀਤ ਸਿੰਘ ਅਧਿਆਪਕ ਦੁਆਰਾ ਨਹਿਰੂ ਯੁਵਾ ਕੇਂਦਰ ਵੱਲੋਂ ਸਮੇਂ ਸਮੇਂ ਸਿਰ ਸਕੂਲ ਵਿੱਚ ਕਰਵਾਏ ਜਾਂਦੇ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ।ਅਧਿਆਪਕ ਸੁਖਦੇਵ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਆਖਰ ਵਿੱਚ ਯੂਥ ਕਲੱਬਾਂ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਵਿਗਿਆਨ ਸਨਮਾਨਤ ਕੀਤਾ ਗਿਆ।ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਲਕਸ਼ੇ ਕਪੂਰ, ਗੁਰਜੀਤ ਸਿੰਘ, ਗੁਰਭੇਜ ਸਿੰਘ, ਸੱਤਪਾਲ, ਵਰਿੰਦਰ ਸਿੰਘ, ਗੁਰਸਾਹਬ ਸਿੰਘ, ਬਲਦੇਵ ਸਿੰਘ, ਸਕੂਲ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਾਥ ਦਿੱਤਾ ਗਿਆ।

## ਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਖਿਲਾਫ ਸਾਈਕਲ ਰੈਲੀ



**ਦਿੜ੍ਹਬਾ (ਜਸਵੀਰ ਲਾਡੀ)**-ਨੈਸ਼ਨਲ ਪਬਲਿਕ ਸਕੂਲ ਛਾਜਲੀ ਦੇ ਵਿਦਿਆਰਥੀਆਂ ਨੇ ਨਸ਼ਿਆਂ ਦੇ ਦੁਰਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਸਾਈਕਲ ਰੈਲੀ ਕੱਢੀ ਗਈ। ਸਾਈਕਲ ਰੈਲੀ ਨੂੰ ਛਾਜਲੀ ਦੇ ਨਵੇਂ ਚੁਣੇ ਗਏ ਸਰਪੰਚ ਗੁਰਬਿਆਸ ਸਿੰਘ 'ਬਿਆਸੀ' ਵੱਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।ਸਾਈਕਲ ਰੈਲੀ 'ਚ ਪੰਜਾਹ ਤੋਂ ਵੱਧ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੇ ਭਾਗ ਲਿਆ।ਸਕੂਲ ਮੈਨੇਜਮੈਂਟ ਕਮੇਟੀ ਤੇ ਸਟਾਫ ਵੱਲੋਂ ਨਵੀਂ ਚੁਣੀ ਸਮੁੱਚੀ ਪੰਚਾਇਤ ਤੇ ਪੱਤਰਕਾਰਾਂ ਦੀ ਟੀਮ ਨੂੰ ਸਨਮਾਨਤ ਕੀਤਾ ਗਿਆ।ਸਕੂਲ ਮੈਨੇਜਮੈਂਟ ਕਮੇਟੀ ਦੇ ਡਾਇਰੈਕਟਰ ਮਨਜ਼ੂਰ ਮੁਹੰਮਦ ਨੇ ਮੰਚ ਤੋਂ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਈਕਲ ਚਲਾਉਣ ਵਾਲਾ ਮਨੁੱਖ ਸਾਰੀ ਜ਼ਿੰਦਗੀ ਨਿਰੋਗ ਰਹਿੰਦਾ ਹੈ। ਉਨ੍ਹਾਂ ਅੱਗੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕਹਿੰਦੇ ਹੋਏ ਨਸ਼ਿਆਂ ਦੇ ਮਨੁੱਖੀ ਜ਼ਿੰਦਗੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਪ੍ਰਵੀਨ ਅਖ਼ਤਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਪੰਚਾਇਤ ਮੈਂਬਰ ਸੰਸਾਰ ਸਿੰਘ ਬੋਲਾ, ਕਿਰਨਪਾਲ ਕੌਰ ਪਤਨੀ ਕਰਮਜੀਤ ਸਿੰਘ, ਸਰਬਜੀਤ ਕੌਰ ਪਤਨੀ ਪ੍ਰਗਟ ਸਿੰਘ, ਗੁਰਸੇਵਕ ਸਿੰਘ, ਹੁਸਨਪ੍ਰੀਤ ਸਿੰਘ ਹੁਸੀ, ਅਜੀਤ ਸਿੰਘ ਵਾਲੀਆ, ਗੁਰਮੀਤ ਕੌਰ ਮਾਤਾ ਦੀਪ ਕੰਬੋਜ, ਸ੍ਰੀਮਤੀ ਗੋਲਡੀ ਜਿੰਦਲ, ਸਤਗੁਰ ਸਿੰਘ, ਦਲਜੀਤ ਸਿੰਘ, ਗਗਨਦੀਪ ਸਿੰਘ, ਗੁਰਵਿੰਦਰ ਕੌਰ ਮਾਤਾ ਵਿੱਕੀ ਭਾਓ, ਸੁਰਿੰਦਰ ਕੌਰ, ਬਲਵਿੰਦਰ ਸਿੰਘ ਫ਼ੌਜੀ, ਚਮਕੌਰ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਰਾਮ ਕਾਲਜ ਨੇ ਫੁੱਟਬਾਲ 'ਚ ਸਿਲਵਰ ਮੈਡਲ ਜਿੱਤਿਆ



**ਹਠੂਰ (ਨਛੱਤਰ ਸੰਧੂ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਇੰਟਰ ਕਾਲਜ ਫੁੱਟਬਾਲ ਟੀਮਾਂ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਦੀਆਂ ਫੁੱਟਬਾਲ ਟੀਮਾਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਸ੍ਰੀ ਰਾਮ ਕਾਲਜ ਡੱਲਾ ਦੀ ਫੁੱਟਬਾਲ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਕਾਲਜ ਲਈ ਸਿਲਵਰ ਮੈਡਲ ਜਿੱਤਿਆ। ਟੀਮ ਦੇ ਕਾਲਜ ਪਹੁੰਚਣ 'ਤੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੂਬੇਦਾਰ ਦੇਵੀ ਚੰਦ ਸ਼ਰਮਾ, ਪ੍ਰਿੰਸੀਪਲ ਪ੍ਰੋ. ਪ੍ਰਭਜੀਤ ਸਿੰਘ, ਮਾਸਟਰ ਅਵਤਾਰ ਸਿੰਘ, ਮਾਸਟਰ ਭਗਵੰਤ ਸਿੰਘ, ਸ੍ਰ. ਕਿਰਨਜੀਤ ਸਿੰਘ ਵੱਲੋਂ ਟੀਮ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪ੍ਰੋ. ਪ੍ਰਭਜੀਤ ਸਿੰਘ ਨੇ ਜਿੱਥੇ ਟੀਮ ਦੀ ਮਿਹਨਤ ਤੇ ਕਾਮਯਾਬੀ ਦੀ ਪ੍ਰਸੰਸਾ ਕੀਤੀ, ਉੱਥੇ ਉਨ੍ਹਾਂ ਨੂੰ ਹੋਰ ਅੱਗੇ ਵਧਣ ਤੇ ਬੁਲੰਦੀਆਂ ਨੂੰ ਛੂਹਣ ਲਈ ਉਤਸ਼ਾਹਤ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਕੇਂਦਰ ਤੇ ਪੰਜਾਬ ਸਰਕਾਰ ਤੋਂ ਗਰੀਬ ਵਰਗ ਦੁਖੀ : ਅਵਤਾਰ ਤਾਰੀ

### ਪੇਂਡੂ ਮਜ਼ਦੂਰ ਯੂਨੀਅਨ ਆਗੂਆਂ ਨੇ ਮੰਡੀਆਂ ਦਾ ਦੌਰਾ ਕਰ ਮਜ਼ਦੂਰਾਂ ਦੀਆਂ ਸੁਣੀਆਂ ਮੁਸ਼ਕਲਾਂ



**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਦੀਆਂ ਦਾਣਾ ਮੰਡੀਆਂ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਲਗਾਈ ਗਈ 17 ਪ੍ਰਤੀਸ਼ਤ ਨਮੀਂ ਦੀ ਸ਼ਰਤ ਕਾਰਨ ਝੋਨੇ ਦੀ ਖਰੀਦ ਤੇ ਚੁੱਕਾਈ ਨਾ ਹੋਣ ਕਾਰਨ ਜਿੱਥੇ ਪੰਜਾਬ ਦੇ ਕਿਸਾਨ ਤੇ ਆੜ੍ਹਤੀਏ ਪ੍ਰੇਸ਼ਾਨ ਹਨ, ਉੱਥੇ ਇਨ੍ਹਾਂ ਉੱਕਤ ਵਰਗਾਂ ਨਾਲੋਂ ਵੀ ਦਾਣਾ ਮੰਡੀਆਂ ਵਿੱਚ ਦਿਨ-ਰਾਤ ਇੱਕ ਕਰਕੇ ਹੱਡਭੰਨਵੀਂ ਮਿਹਨਤ ਨਾਲ ਝੋਨੇ ਦੀ ਸਾਫ਼ ਸਫ਼ਾਈ, ਤੋਲ-ਤੁਲਾਈ ਕਰਕੇ ਜਿਣਸ ਦੀਆਂ ਬੋਰੀਆਂ ਨੂੰ ਆਪਣੇ ਮੋਰਾਂ 'ਤੇ ਰੱਖ ਕੇ ਗੱਡੀਆਂ ਵਿੱਚ ਲੱਦਣ ਵਾਲੇ ਗਰੀਬ ਕਿਰਤੀ ਕੇਂਦਰ ਦੀ ਮੋਦੀ ਤੇ ਪੰਜਾਬ ਦੀ ਭਗਵੰਤ ਮਾਨ ਹਕੂਮਤ ਤੋਂ ਡਾਢੇ ਦੁਖੀ ਹਨ।ਇਸ ਸਬੰਧੀ ਪੇਂਡੂ ਮਜ਼ਦੂਰ ਯੂਨੀਅਨ ਦੀ ਟੀਮ ਵੱਲੋਂ ਇਲਾਕੇ ਅੰਦਰ ਲੰਮੇ ਜੱਟਪੁਰਾ, ਮਾਣੂੰਕੇ ਤੇ ਲੱਖਾ ਆਦਿ ਦਾਣਾ ਮੰਡੀਆਂ ਦਾ ਦੌਰਾ ਕਰਕੇ ਮੰਡੀਆਂ ਦੇ ਮਜ਼ਦੂਰਾਂ ਨੂੰ ਇਕੱਤਰ ਕੀਤਾ ਗਿਆ।ਇਸ ਦੌਰਾਨ ਦਾਣਾ ਮੰਡੀਆਂ ਵਿੱਚ ਕਿਰਤ ਕਮਾਈ ਕਰਨ ਆਏ ਵੱਖ ਵੱਖ ਮਜ਼ਦੂਰਾਂ ਨੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਮਾਣੂੰਕੇ ਅਤੇ ਹਾਜ਼ਰ ਟੀਮ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਲਗਾਈ ਗਈ 17 ਪ੍ਰਤੀਸ਼ਤ ਨਮੀਂ ਦੀ ਸਖ਼ਤ ਸ਼ਰਤ ਕਾਰਨ ਉਹ ਇਸ ਵਾਰ ਝੋਨੇ ਦੇ ਸੀਜ਼ਨ ਤੋਂ ਬਹੁਤ ਪ੍ਰੇਸ਼ਾਨ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਕੰਮ ਜਿਣਸ ਦੀ ਟਰਾਲੀ 'ਚੋਂ ਲੁਹਾਈ ਕਰਕੇ ਸਾਫ਼ ਸਫ਼ਾਈ ਕਰਨੀ ਤੇ ਮਾਲ ਤੋਲ ਕੇ ਬੋਰੀਆਂ ਵਿੱਚ ਭਰਨਾ ਹੈ, ਪਰ 17 ਪ੍ਰਤੀਸ਼ਤ ਨਮੀਂ ਦੀ ਸਖ਼ਤ ਸ਼ਰਤ ਕਾਰਨ ਮਜ਼ਦੂਰਾਂ ਨੂੰ ਜਿਣਸ ਦੀ ਟਰਾਲੀ 'ਚੋਂ ਲੁਹਾਈ ਤੋਂ ਬਾਅਦ ਝੋਨੇ ਦੀ ਜਿਣਸ ਨੂੰ ਖਿਲਾਰ ਕੇ ਪੂਰੀ ਤਰ੍ਹਾਂ ਸੁਕਾਉਣ ਦਾ ਵਾਧੂ ਬੋਝ ਪਾ ਦਿੱਤਾ ਗਿਆ ਹੈ, ਇਸ ਤਰ੍ਹਾਂ ਝੋਨੇ ਦੀ ਜਿਣਸ ਨੂੰ ਖਿਲਾਰ ਕੇ ਸੁਕਾਉਣ ਲਈ 2 ਤੋਂ 4 ਦਿਨ ਲੱਗ ਜਾਂਦੇ ਹਨ, ਪਰ ਮਜ਼ਦੂਰ ਨੂੰ ਇਸ ਕੰਮ ਦੀ ਕੋਈ ਵੱਖਰੀ ਮਿਹਨਤ ਨਹੀਂ ਮਿਲਦੀ ਅਤੇ ਇਸ ਤਰ੍ਹਾਂ ਝੋਨਾ ਖਿਲਾਰ ਕੇ, ਮੰਡੀਆਂ ਵਿੱਚ ਹੋਰ ਜਿਣਸ ਦੀਆਂ ਟਰਾਲੀਆਂ ਲਾਹੁਣ ਅਤੇ ਜਿਣਸ ਦੀਆਂ ਬੋਰੀਆਂ ਭਰਨ ਲਈ ਥਾਂ ਦੀ ਵੀ ਸਮੱਸਿਆ ਆਉਂਦੀ ਹੈ। ਮਜ਼ਦੂਰਾਂ ਨੇ ਦੱਸਿਆ ਕਿ ਪਹਿਲਿਆਂ ਸਰਕਾਰਾਂ ਵੇਲੇ ਖਰੀਦ ਏਜੰਸੀਆਂ ਆਪਣਾ ਬਾਰਦਾਨਾ ਆਪ ਖਰੀਦ ਕੇਂਦਰਾਂ ਤੱਕ ਪਹੁੰਚਦਾ ਕਰਦੀਆਂ ਸਨ, ਪਰ ਇਸ ਵਾਰ ਮਜ਼ਦੂਰਾਂ ਨੂੰ ਆਪਣੇ ਸਾਧਨ ਕਿਰਾਏ 'ਤੇ ਲੈ ਕੇ ਆਪ ਹੀ ਬਾਰਦਾਨਾ ਚੁੱਕ ਕੇ ਆਪਣੇ ਖਰੀਦ ਕੇਂਦਰਾਂ ਤੱਕ ਲਿਆਉਣਾ ਪੈਂਦਾ ਹੈ, ਜਦੋਂਕਿ ਇਹ ਜ਼ਿੰਮੇਵਾਰੀ ਖਰੀਦ ਏਜੰਸੀਆਂ ਦੀ ਹੈ।ਉਨ੍ਹਾਂ ਦੱਸਿਆ ਕਿ ਝੋਨੇ ਨੂੰ ਖਿਲਾਰ ਕੇ ਸੁਕਾਉਣ, ਜਿਣਸ ਦੀ ਸੁਸਤ ਖਰੀਦ ਤੇ ਸੁਸਤ ਲਿਫਟਿੰਗ ਕਾਰਨ ਉਹ ਇਸ ਵਾਰ ਝੋਨੇ ਦੇ ਸੀਜ਼ਨ ਤੋਂ ਕਮਾਈ ਕਰਨ ਦੀ ਬਜਾਏ ਆਪਣੇ ਆਪ ਨੂੰ ਖਰੀਦ ਏਜੰਸੀਆਂ ਦੇ ਬੰਧੂਆ ਮਜ਼ਦੂਰ ਬਣੇ ਮਹਿਸੂਸ ਕਰ ਰਹੇ ਹਨ, ਜਿਣਸ ਬੋਰੀਆਂ ਵਿੱਚ ਭਰਨ ਦੇ ਨਿਸ਼ਚਿਤ ਸਮੇਂ ਅੰਦਰ ਲਿਫਟਿੰਗ ਨਾ ਹੋਣ ਕਾਰਨ ਬੋਰੀਆਂ ਵਿੱਚ ਪਾਏ ਮਾਲ ਦਾ ਭਾਰ ਧੁੱਪ ਦੇ ਸੇਕ ਨਾਲ ਅਸਲ ਤੋਲ ਨਾਲੋਂ ਘੱਟ ਜਾਂਦਾ ਹੈ, ਜਿਸ ਦੀ ਘੱਟੋਤੀ ਵੀ ਮਜ਼ਦੂਰਾਂ ਤੋਂ ਪੂਰੀ ਕੀਤੀ ਜਾਂਦੀ ਹੈ। ਇਸ ਮੌਕੇ ਜਥੇਬੰਦੀ ਦੀ ਅਗਵਾਈ ਹੇਠ ਲੰਮੇ ਜੱਟਪੁਰਾ ਤੇ ਮਾਣੂੰਕੇ ਮੰਡੀ ਵਿੱਚ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਭਗਵੰਤ ਮਾਨ ਹਕੂਮਤ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਜ਼ੋਰਦਾਰ ਮੰਗ ਕੀਤੀ ਗਈ ਕਿ ਉਕਤ ਸਰਕਾਰਾਂ ਨਮੀਂ ਦੀ ਸਖ਼ਤ ਸ਼ਰਤ ਹਟਾ ਕੇ ਝੋਨੇ ਦੀ ਖਰੀਦ, ਬਾਰਦਾਨੇ ਤੇ ਲਿਫਟਿੰਗ ਦਾ ਪ੍ਰਬੰਧ ਦਰੁਸਤ ਕਰਨ, ਨਹੀਂ ਤਾਂ ਮੰਡੀਆਂ ਦੇ ਮਜ਼ਦੂਰ ਵੀ ਸੰਘਰਸ਼ ਕਰਨ ਲਈ ਮਜਬੂਰ ਹੋ ਜਾਣਗੇ।

## 'ਨਵਾਂ ਜ਼ਮਾਨਾ' 'ਚ ਲੱਗੀਆਂ ਖਬਰਾਂ 'ਤੇ ਲੱਗੀ ਮੋਹਰ, ਕੇਂਦਰੀ ਮੰਤਰਾਲੇ ਵੱਲੋਂ ਚੌਲਾਂ ਦੇ ਨਮੂਨੇ ਫੇਲ੍ਹ

**ਜੈਤੋ (ਸਤੀਸ਼ ਕੁਮਾਰ ਭੀਰੀ)**

ਪਿਛਲੇ ਲਗਭਗ ਢਾਈ-ਤਿੰਨ ਸਾਲ ਤੋਂ 'ਨਵਾਂ ਜ਼ਮਾਨਾ' 'ਚ ਲੱਗ ਰਹੀਆਂ ਖਬਰਾਂ ਰਾਹੀਂ ਕਹੀਆਂ ਗਈਆਂ ਗੱਲਾਂ ਨੂੰ ਸਹੀ ਸਾਬਿਤ ਕਰਦੇ ਹੋਏ ਕੇਂਦਰੀ ਮੰਤਰਾਲੇ ਨੇ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਪੰਜਾਬ ਨੂੰ ਲਿਖਿਆ ਹੈ ਕਿ ਉੱਤਰੀ ਪੂਰਬੀ ਸੂਬੇ 'ਚ ਭੇਜੇ ਗਏ ਚੌਲਾਂ ਦੇ ਨਮੂਨੇ ਫੇਲ੍ਹ ਹੋ ਗਏ ਹਨ ਤੇ ਇਨ੍ਹਾਂ ਫੇਲ੍ਹ ਹੋਏ ਚੌਲਾਂ ਦੇ ਕੁਝ ਭੰਡਾਰ ਤਾਂ ਮਨੁੱਖੀ ਵਰਤੋਂ ਕਰਨ ਦੇ ਵੀ ਅਯੋਗ ਕਰਾਰ ਦਿੱਤੇ ਗਏ।ਇੱਥੇ ਦੱਸਣਯੋਗ ਇਹ ਹੈ ਕਿ ਸਾਡੇ ਵੱਲੋਂ ਚੀਕ ਚੀਕ ਕੇ ਕਿਹਾ ਜਾ ਰਿਹਾ ਹੈ ਕਿ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਅਧਿਕਾਰੀਆਂ ਵੱਲੋਂ ਆਪਣੇ ਗੁਦਾਮਾਂ ਵਿੱਚ ਲੱਗੇ ਹੋਏ ਚੌਲਾਂ ਦੀ ਕਵਾਲਿਟੀ ਨਾਲ ਸਮਝੌਤਾ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਤੇ ਪ੍ਰਤੀ ਗੱਡੀ ਹਜ਼ਾਰਾਂ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗੁਦਾਮਾਂ ਨੂੰ ਘਟੀਆ ਦਰਜੇ ਦੇ ਚਾਵਲਾਂ, ਘਟੀਆ ਤੇ ਪਾਟੇ ਹੋਏ ਬਾਰਦਾਨੇ, ਟੁੱਟ ਤੈਅ ਮਾਪਦੰਡਾਂ ਤੋਂ ਜ਼ਿਆਦਾ, ਡਿਸ਼ ਕਲਰ ਤੈਅ ਮਾਤਰਾ ਤੋਂ ਵੱਧ, ਵਜ਼ਨ ਵਿੱਚ ਲਕੋਅ ਰੱਖਦਾ ਹੋਇਆ ਮਾਲ ਲਵਾ ਕੇ ਦੇਸ਼ ਦੇ ਗ਼ਰੀਬ ਤੇ ਦਿਹਾੜੀਦਾਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ।ਸਾਡੇ ਪੱਤਰਕਾਰ ਵੱਲੋਂ ਵਾਰ ਵਾਰ ਕੇਂਦਰੀ ਵਿਜੀਲੈਂਸ ਬਿਊਰੋ ਸਮੇਤ ਤਮਾਮ ਜਾਂਚ ਏਜੰਸੀਆਂ ਪਾਸੋਂ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਪੰਜਾਬ ਵਿੱਚ ਤਾਇਨਾਤ ਤਮਾਮ ਛੋਟੇ ਵੱਡੇ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਚੱਲ ਅਚੱਲ ਜਾਇਦਾਦ ਦੀ ਜਾਂਚ ਕਰਨ ਲਈ ਖਬਰਾਂ ਲਗਵਾਈਆਂ ਜਾ ਰਹੀਆਂ ਹਨ।ਕੇਂਦਰੀ ਮੰਤਰਾਲੇ ਵੱਲੋਂ ਸੰਗਰੂਰ ਜ਼ਿਲ੍ਹੇ ਦੇ ਅਨੇਕਾਂ ਗੁਦਾਮਾਂ ਵਿੱਚ ਲੱਗੇ ਹੋਏ ਚੌਲਾਂ ਦੇ ਸਮੁੱਚੇ ਸਟਾਕ ਦੇ ਨਮੂਨੇ ਭਰਨ ਦਾ ਆਦੇਸ਼ ਦਿੱਤਾ ਗਿਆ ਹੈ।ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਅਧਿਕਾਰੀ ਕਹਿੰਦੇ ਹਨ ਕਿ ਉਨ੍ਹਾਂ ਵੱਲੋਂ ਹਰ ਮਹੀਨੇ ਚੌਲਾਂ ਦੀ ਗੁਣਵਤਾ ਚੈੱਕ ਕਰਨ ਲਈ ਨਮੂਨੇ ਭਰੇ ਜਾਂਦੇ ਹਨ, ਜਦਕਿ ਅਸਲੀਅਤ ਇਹ ਹੈ ਕਿ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਉੱਤੇ ਤੋਂ ਥੱਲੇ ਤੱਕ ਸਭ ਦੀ ਮਿਲੀਭੁਗਤ ਨਾਲ ਭਾਰਤ ਦੀ ਗ਼ਰੀਬ ਜਨਤਾ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ।ਇਸ ਮੌਕੇ ਐਡਵੋਕੇਟ ਸਤੀਸ਼ ਕੁਮਾਰ ਨੇ ਫਿਰ ਤੋਂ ਕੇਂਦਰੀ ਜਾਂਚ ਏਜੰਸੀਆਂ ਕੋਲੋਂ ਮੰਗ ਕਰਦੇ ਹੋਏ ਕਿਹਾ ਕਿ ਜੈਤੋ ਜ਼ਿਲ੍ਹਾ ਫਰੀਦਕੋਟ ਦੇ ਨਾਲ ਹੀ ਪੰਜਾਬ ਪੱਧਰ 'ਤੇ ਤਾਇਨਾਤ ਤਮਾਮ ਛੋਟੇ ਵੱਡੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਲਵਾਏ ਗਏ ਚੌਲਾਂ, ਸਾਰੇ ਗੁਦਾਮਾਂ ਤੇ ਇਨ੍ਹਾਂ ਅਧਿਕਾਰੀਆਂ ਦੀ ਪ੍ਰਾਪਰਟੀ ਦੀ ਜਾਂਚ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥ ਸਾਹਮਣੇ ਆ ਸਕਦੇ ਹਨ।

## ਪੰਜਾਬ ਸਰਕਾਰ ਕਿਸਾਨਾਂ ਦੇ ਮਸਲੇ ਤੁਰੰਤ ਹੱਲ ਕਰੇ : ਭੂੰਦੜ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਅਨਾਜ ਮੰਡੀ ਭੰਮੇ ਕਲਾਂ ਵਿੱਚ ਕਿਸਾਨ ਭਰਾਵਾਂ ਦਾ ਹਾਲ ਚਾਲ ਜਾਨਣ ਲਈ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ ਪਹੁੰਚੇ ਕਿਸਾਨਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਪੰਜਾਬ ਸਰਕਾਰ ਮੰਡੀਆਂ ਦੇ ਪ੍ਰਬੰਧ ਮੁਕੰਮਲ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ। ਕਿਸਾਨ ਆਪਣੀ ਫਸਲ ਲੈ ਕੇ ਤਿੰਨ ਹਫ਼ਤਿਆਂ ਤੋਂ ਮੰਡੀਆਂ ਵਿੱਚ ਝੋਨਾ ਵੇਚਣ ਲਈ ਆਏ ਹੋਏ ਹਨ, ਇਥੇ ਨਾ ਖਰੀਦ ਹੋ ਰਹੀ ਹੈ, ਨਾ ਲਿਫ਼ਟਿੰਗ ਦਾ ਪੂਰਾ ਪ੍ਰਬੰਧ ਹੈ। ਮੰਡੀਆਂ ਵਿੱਚ ਪੀਣ ਯੋਗ ਪਾਣੀ ਦਾ ਤੇ ਸਾਫ਼ ਸੁਥਰੇ ਬਾਥਰੂਮਾਂ ਦਾ ਪ੍ਰਬੰਧ ਵੀ ਨਹੀਂ ਹੋ ਸਕਿਆ ਹੈ।ਮੈਂ ਪੰਜਾਬ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਕਿਸਾਨਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦਾ ਜਲਦ ਹੱਲ ਕੀਤਾ ਜਾਵੇ।ਆੜ੍ਹਤੀਆਂ ਜਾਂ ਸੈਲਰ ਮਾਲਕਾਂ ਦਾ ਸਰਕਾਰ ਨਾਲ ਚੱਲ ਰਹੇ ਵਿਵਾਦ ਦਾ ਨੁਕਸਾਨ ਕਿਸਾਨਾਂ ਨੂੰ ਝੱਲਣਾ ਪੈ ਰਿਹਾ ਹੈ, ਜੇਕਰ ਸਰਕਾਰ ਸੰਜੀਦਾ ਹੁੰਦੀ ਤਾਂ ਮੰਡੀਆਂ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਅਤੇ ਮਜ਼ਦੂਰਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਸਨ।

## ਪੰਜਾਬ ਟਾਪ ਕਰਨ ਵਾਲੀ ਵਿਦਿਆਰਥਣ ਨੈਨਸੀ ਨੂੰ ਲਿਆ ਗੋਦ : ਲੈਕ. ਰਤਨ ਸਿੰਘ

### ਪੰਜਾਬ ਸਰਕਾਰ ਨੈਨਸੀ ਦੀ ਅਗਲੇਰੀ ਪੜ੍ਹਾਈ ਲਈ ਚੁੱਕੇ ਖਰਚ : ਗੁਰਮੀਤ ਪ੍ਰਜਾਪਤੀ



**ਕੋਟਕਪੂਰਾ (ਰਛਪਾਲ ਭੁੱਲਰ)**

ਸਾਲ 2022 ਵਿੱਚ ਦਸਵੀਂ ਕਲਾਸ 'ਚੋਂ ਪੰਜਾਬ ਭਰ 'ਚ ਪਹਿਲਾ ਸਥਾਨ ਹਾਸਲ ਕਰਨ ਤੇ 12ਵੀਂ ਜਮਾਤ 'ਚ ਪੰਜਾਬ 'ਚ ਨੌਵਾਂ ਸਥਾਨ ਹਾਸਲ ਕਰਨ ਵਾਲੀ ਨੈਨਸੀ ਪ੍ਰਜਾਪਤੀ ਦੇ ਘਰ ਦੇ ਆਰਥਿਕ ਹਾਲਾਤ ਮੰਦੇ ਹੋਣ ਕਰਕੇ ਅਗਲੇਰੀ ਪੜ੍ਹਾਈ ਕਰਨ 'ਚ ਅਸਮਰਥ ਸੀ। ਨੈਨਸੀ ਦੇ ਪਰਵਾਰ ਨੇ ਆਪਣੀ ਬੱਚੀ ਦੀ ਅਗਲੇਰੀ ਉੱਚ ਵਿੱਦਿਆ ਕਰਵਾਉਣ ਦਾ ਮੁੱਦਾ ਗੁਰਮੀਤ ਸਿੰਘ ਪ੍ਰਜਾਪਤੀ ਕੋਲ ਰੱਖਿਆ।ਗੁਰਮੀਤ ਸਿੰਘ ਪ੍ਰਜਾਪਤੀ ਨੇ ਨੈਨਸੀ ਪ੍ਰਜਾਪਤੀ ਦੀ ਅਗਲੇਰੀ ਪੜ੍ਹਾਈ ਕਰਵਾਉਣ ਦਾ ਮੁੱਦਾ ਆਪਣੇ ਸਹਿਯੋਗੀ ਸਾਥੀਆਂ ਕੋਲ ਰੱਖਿਆ, ਜਿਨ੍ਹਾਂ ਨੇ ਨੈਨਸੀ ਪ੍ਰਜਾਪਤੀ ਦੀ ਅਗਲੇਰੀ ਉੱਚ ਵਿੱਦਿਆ ਦਿਵਾਉਣ ਦਾ ਫ਼ੈਸਲਾ ਲੈਂਦਿਆਂ ਨੈਨਸੀ ਪ੍ਰਜਾਪਤੀ ਨੂੰ ਹਰ 6 ਮਹੀਨੇ ਦੇ ਸਮੈਸਟਰ ਤੋਂ ਬਾਅਦ 50,000 ਰੁਪਏ ਆਰਥਿਕ ਯੋਗਦਾਨ ਦੇਣਾ ਦਾ ਐਲਾਨ ਕਰਦਿਆਂ ਨੈਨਸੀ ਪ੍ਰਜਾਪਤੀ ਦੀ ਪੜ੍ਹਾਈ ਕਰਨ ਲਈ ਗੋਦ ਲੈਣ ਦਾ ਫੈਸਲਾ ਕੀਤਾ।ਉਕਤ ਸ਼ਬਦਾਂ ਦਾ ਪ੍ਰਗਟਾਵਾ ਲੈਕਚਰਾਰ ਰਤਨ ਸਿੰਘ ਚੇਅਰਮੈਨ ਪੱਛੜਾ ਵਰਗ ਪੰਜਾਬ ਤੇ ਓਮ ਪ੍ਰਕਾਸ਼ ਪ੍ਰਧਾਨ ਰਾਸ਼ਟਰੀ ਪੱਛੜਾ ਵਰਗ ਮੋਰਚਾ ਜ਼ਿਲ੍ਹਾ ਬਠਿੰਡਾ ਨੇ ਕੀਤਾ।ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਬਠਿੰਡਾ 'ਤੇ ਤੰਜ ਕੱਸਦਿਆਂ ਉਨ੍ਹਾ ਕਿਹਾ ਕਿ ਨੰਨ੍ਹੀ ਛਾਂ ਦੀ ਜਿੱਥੇ ਜ਼ਰੂਰਤ ਹੁੰਦੀ ਹੈ, ਨੰਨ੍ਹੀ ਛਾਂ ਓਥੋਂ ਅਲੋਪ ਹੋ ਜਾਂਦੀ ਹੈ, ਜਦਕਿ ਦਾਅਵੇ ਵੱਡੇ-ਵੱਡੇ ਕਰਦੇ ਹਨ।ਗੁਰਮੀਤ ਸਿੰਘ ਪ੍ਰਜਾਪਤੀ ਯੂਥ ਪ੍ਰਧਾਨ ਪ੍ਰਜਾਪਤੀ (ਕੁੰਮਹਾਰ) ਮਹਾਸੰਘ ਪੰਜਾਬ ਤੇ ਪ੍ਰਧਾਨ ਆਜ਼ਾਦ ਕਿਸਾਨ ਮੋਰਚਾ ਪੰਜਾਬ ਜ਼ਿਲ੍ਹਾ ਫਾਜ਼ਿਲਕਾ ਨੇ ਦੱਸਿਆ ਕਿ ਪੰਜਾਬ ਭਰ 'ਚੋਂ ਦਸਵੀਂ ਜਮਾਤ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਨੈਨਸੀ ਪ੍ਰਜਾਪਤੀ ਨੂੰ ਪੰਜਾਬ ਸਰਕਾਰ ਵੱਲੋਂ ਸਿਰਫ 2000 ਰੁਪਏ ਵਜ਼ੀਫੇ ਦੇ ਤੌਰ 'ਤੇ ਨਿਗੂਣੀ ਜਿਹੀ ਰਾਸ਼ੀ ਮੁਹੱਈਆ ਕਰਵਾਈ ਗਈ ਸੀ।ਉਨ੍ਹਾਂ ਦੱਸਿਆ ਕਿ ਨੈਨਸੀ ਪ੍ਰਜਾਪਤੀ ਦਾ ਦਾਖਲਾ ਸੈਂਟਰਲ ਯੂਨੀਵਰਸਿਟੀ ਘੁੱਦਾ ਜ਼ਿਲ੍ਹਾ ਬਠਿੰਡਾ ਵਿਖੇ ਬੀ.ਐੱਸ.ਸੀ. ਬੀ. ਐੱਡ. ਵਿੱਚ ਕਰਵਾਇਆ ਗਿਆ ਹੈ।ਗੁਰਮੀਤ ਸਿੰਘ ਪ੍ਰਜਾਪਤੀ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਨੈਨਸੀ ਪ੍ਰਜਾਪਤੀ ਦੀ ਅਗਲੇਰੀ ਪੜ੍ਹਾਈ ਦਾ ਖਰਚਾ ਚੁੱਕੇ ਤਾਂ ਜੋ ਇੱਕ ਪ੍ਰਤਿਭਾਸ਼ਾਲੀ ਵਿਦਿਆਰਥਣ ਅਪਣੀ ਪੜ੍ਹਾਈ ਪੂਰੀ ਕਰ ਸਕੇ।ਨੈਨਸੀ ਪ੍ਰਜਾਪਤੀ ਦੇ ਸੈਂਟਰਲ ਯੂਨੀਵਰਸਿਟੀ ਘੁੱਦਾ ਵਿਖੇ ਦਾਖਲਾ ਕਰਵਾਉਣ ਸਮੇਂ ਨੈਨਸੀ ਦੇ ਮਾਤਾ ਸੰਦੀਪ ਕੌਰ ਤੇ ਓਮ ਪ੍ਰਕਾਸ਼ ਆਦਿ ਹਾਜ਼ਰ ਸਨ।

## ਇਹ ਸਾਡੀ ਨਹੀਂ, ਨਗਰ ਨਿਵਾਸੀਆਂ ਦੀ ਜਿੱਤ ਹੈ : ਭਿੰਦਾ ਫੌਜੀ



**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਪਿੰਡ ਬੁੱਟਰ ਪੱਤੀ ਭੁੱਲਰ ਤੋਂ ਸਰਪੰਚ ਬਣੀ ਬੀਬੀ ਕਮਲਜੀਤ ਕੌਰ ਨੇ ਡੋਰ ਟੂ ਡੋਰ ਜਾ ਕੇ ਸਮੁੱਚੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਪਿੰਡ ਵਾਸੀਆਂ ਤੋਂ ਸਹਿਯੋਗ ਦੀ ਮੰਗ ਕੀਤੀ।ਇਸ ਮੌਕੇ ਉਨ੍ਹਾ ਦੇ ਪਤੀ ਭਿੰਦਾ ਫੌਜੀ ਨੇ ਕਿਹਾ ਕਿ ਸਾਡੇ ਪਰਿਵਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਸਮਾਜਸੇਵਾ ਦੇ ਖੇਤਰ ਵਿੱਚ ਪਿੰਡ ਵਾਸੀਆਂ ਦੀ ਕੀਤੀ ਸੇਵਾ ਸਦਕਾ ਸਾਨੂੰ ਇੱਕ-ਇੱਕ ਕੀਮਤੀ ਵੋਟ ਪਾ ਕੇ ਜਿਤਾਇਆ ਹੈ।ਉਨ੍ਹਾ ਕਿਹਾ ਕਿ ਇਹ ਸਾਡੇ ਪਰਵਾਰ ਦੀ ਜਿੱਤ ਨਹੀਂ, ਸਮੁੱਚੇ ਨਗਰ ਨਿਵਾਸੀਆਂ ਦੀ ਜਿੱਤ ਹੈ।ਜਿਸ ਤਰ੍ਹਾਂ ਪਹਿਲਾਂ ਪਿੰਡ ਦੇ ਵਿਕਾਸ ਦੇ ਕੰਮਾਂ ਵਿੱਚ ਹਿੱਸਾ ਲੈਂਦੇ ਸੀ, ਠੀਕ ਉਸੇ ਤਰ੍ਹਾਂ ਸਰਪੰਚੀ ਦੀ ਕਮਾਨ ਸੰਭਾਲਦਿਆਂ ਪਿੰਡ ਦੇ ਵਿਕਾਸ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਾਂਗੇ।ਉਨ੍ਹਾ ਕਿਹਾ ਕਿ ਹਰ ਇੱਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ ਸਾਡੇ ਪਰਵਾਰ ਦੀ ਹਮੇਸ਼ਾ ਆਦਤ ਰਹੀ ਹੈ।ਸਾਡੀ ਕੋਸ਼ਿਸ਼ ਹਮੇਸ਼ਾ ਰਹੇਗੀ ਕਿ ਨਗਰ ਨਿਵਾਸੀਆਂ ਦੀਆਂ ਆਸਾਂ 'ਤੇ ਖਰੇ ਉਤਰਦੇ ਰਹੀਏ।

## ਡੀ ਬੀ ਯੂ ਪਲੇਸਬੋ ਕਲੱਬ ਨੇ ਨੈਸ਼ਨਲ ਫਾਰਮੇਸੀ ਸਪਤਾਹ ਮਨਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵਿੱਚ ਫੈਕਲਟੀ ਆਫ਼ ਫਾਰਮੇਸੀ ਦੇ ਪਲੇਸਬੋ ਕਲੱਬ ਵੱਲੋਂ 21 ਤੋਂ 24 ਅਕਤੂਬਰ 2024 ਤੱਕ ਨੈਸ਼ਨਲ ਫਾਰਮੇਸੀ ਸਪਤਾਹ ਸਫ਼ਲਤਾਪੂਰਵਕ ਮਨਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਹੈਲਥਕੇਅਰ ਪ੍ਰਣਾਲੀਆਂ ਵਿੱਚ ਫਾਰਮਾਸਿਸਟਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ, ਮਰੀਜ਼ਾਂ ਦੀ ਦੇਖ-ਭਾਲ, ਦਵਾਈ ਪ੍ਰਬੰਧਨ ਤੇ ਜਨਤਕ ਸਿਹਤ ਪਹਿਲਕਦਮੀਆਂ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦੇਣਾ।ਨੈਸ਼ਨਲ ਫਾਰਮੇਸੀ ਹਫ਼ਤਾ ਸਮਾਜ 'ਤੇ ਫਾਰਮੇਸੀ ਪੇਸ਼ੇ ਦੇ ਵਿਆਪਕ ਪ੍ਰਭਾਵ 'ਤੇ ਧਿਆਨ ਕੇਂਦਰਤ ਕਰਦੇ ਹੋਏ ਵਿਦਿਆਰਥੀਆਂ, ਫੈਕਲਟੀ ਤੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸ਼ਾਮਲ ਕਰਨ ਲਈ ਵੱਖ-ਵੱਖ ਗਤੀਵਿਧੀਆਂ ਨਾਲ ਭਰਪੂਰ ਸੀ।ਸਮਾਗਮ ਦੀ ਸ਼ੁਰੂਆਤ ਇੱਕ ਉਦਘਾਟਨੀ ਸਮਾਰੋਹ ਨਾਲ ਹੋਈ, ਜਿਸ ਵਿੱਚ ਮਾਣਯੋਗ ਮਹਿਮਾਨਾਂ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।ਪ੍ਰਿੰਸੀਪਲ ਤੇ ਪ੍ਰੋਫ਼ੈਸਰ, ਸਕੂਲ ਆਫ਼ ਫਾਰਮੇਸੀ ਡਾ. ਪੂਜਾ ਗੁਲਾਟੀ ਨੇ ਫਾਰਮੇਸੀ ਪੇਸ਼ੇ ਦੇ ਵਿਕਾਸ ਤੇ ਗਲੋਬਲ ਹੈਲਥਕੇਅਰ ਵਿੱਚ ਇਸ ਦੀ ਵਧਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਮੁੱਖ ਭਾਸ਼ਣ ਦਿੱਤਾ।ਇਸ ਸਮਾਗਮ ਦਾ ਉਦਘਾਟਨ ਡਾ: ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ, ਡਾ: ਹਰਸ਼ ਸਦਾਵਰਤੀ, ਵਾਈਸ ਪ੍ਰੈਜ਼ੀਡੈਂਟ ਨੇ ਕੀਤਾ ਅਤੇ ਸਵਾਗਤੀ ਭਾਸ਼ਣ ਡਾ: ਪੂਜਾ ਗੁਲਾਟੀ, ਪ੍ਰਿੰਸੀਪਲ, ਸਕੂਲ ਆਫ਼ ਫਾਰਮੇਸੀ, ਸ੍ਰੀਮਤੀ ਖੁਸ਼ਪਾਲ, ਪ੍ਰਿੰਸੀਪਲ ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਤੇ ਡਾ. ਸ਼ੈਲੇਸ਼ ਕੁਮਾਰ ਗੁਪਤਾ, ਪ੍ਰਿੰਸੀਪਲ, ਐੱਸ. ਲਾਲ ਕਾਲਜ ਆਫ਼ ਫਾਰਮੇਸੀ ਨੇ ਦਿੱਤਾ।ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਸਮਾਗਮ ਦੇ ਸਫਲ ਆਯੋਜਨ 'ਤੇ ਪਲੇਸਬੋ ਕਲੱਬ ਦੇ ਸਟਾਫ, ਵਿਦਿਆਰਥੀਆਂ ਤੇ ਮੈਂਬਰਾਂ ਨੂੰ ਵਧਾਈ ਦਿੱਤੀ।

ਵਾਈਸ ਚਾਂਸਲਰ ਪ੍ਰੋ. (ਡਾ.) ਅਭਿਜੀਤ ਜੋਸ਼ੀ ਨੇ ਪਲੇਸਬੋ ਕਲੱਬ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

## ਵੱਖ-ਵੱਖ ਮੁਕਾਬਲਿਆਂ 'ਚ ਸਵਾਮੀ ਰੂਪ ਚੰਦ ਜੈਨ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਜਗਰਾਉਂ (ਅਮਿਤ ਖੰਨਾ)**-ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਮੂਹ ਮੈਨੇਜਮੈਂਟ ਦੇ ਸਹਿਯੋਗ ਸਦਕਾ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਵਿਦਿਆਰਥੀਆਂ ਨੇ ਜੀ ਜੀ ਐਨ ਐੱਮ ਆਈ ਟੀ ਕਾਲਜ ਵਿਖੇ ਹੋਏ ਵੱਖ ਵੱਖ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲਿਆ।ਇਸ ਕਾਲਜ ਵਿਖੇ ਲੁਧਿਆਣਾ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਬੱਚਿਆਂ ਨੇ ਆਪਣੀ ਚੰਗੀ ਕਾਰਗੁਜ਼ਾਰੀ ਦਿਖਾਈ।ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਇਨ੍ਹਾਂ ਬੱਚਿਆਂ 'ਤੇ ਮਾਣ ਮਹਿਸੂਸ ਕਰਦਿਆਂ ਪੁਜ਼ੀਸ਼ਨਾਂ ਘੋਸ਼ਿਤ ਕੀਤੀਆਂ, ਜਿਨਾਂ 'ਚ ਪੋਸਟਰ ਮੇਕਿੰਗ ਵਿੱਚ ਸਿਮਰਨ ਕੌਰ ਜਮਾਤ ਗਿਆਰਵੀਂ ਆਰਟਸ ਬੀ ਨੇ ਦੂਜਾ ਸਥਾਨ, ਕਲੇਅ ਮਾਡਲਿੰਗ ਵਿੱਚ ਮਨਪ੍ਰੀਤ ਜਮਾਤ ਬਾਰਵੀਂ (ਕਾਮਰਸ ਗਰੁੱਪ) ਦੇ ਵਿਦਿਆਰਥੀ ਨੇ ਦੂਜਾ ਸਥਾਨ, ਗੈਵੀ, ਆਕਾਸ, ਮਨਹਰ, ਸੋਭਾ, ਵਿਕਾਸ, ਤਨਿਸ਼ ਸਾਇੰਸ ਗਰੁੱਪ ਦੇ ਵਿਦਿਆਰਥੀਆਂ ਨੇ ਮਾਡਲ ਡਿਸਪਲੇ ਵਿੱਚ ਕੌਂਸਲੇਸ਼ਨ ਇਨਾਮ ਹਾਸਲ ਕੀਤਾ।ਹਿਮਾਨੀ ਜਮਾਤ ਬਾਰਵੀਂ ਆਰਟਸ ਗਰੁੱਪ ਨੇ ਗਹਿਣੇ ਬਣਾਉਣ ਦੇ ਮੁਕਾਬਲੇ ਵਿੱਚ ਤੀਸਰਾ ਸਥਾਨ, ਗੁਰਸ਼ਾਨ ਜਮਾਤ ਬਾਰਵੀਂ ਕਾਮਰਸ ਗਰੁੱਪ ਦੇ ਵਿਦਿਆਰਥੀ ਨੇ ਕੈਮਰਾ ਟਰਿੱਕ ਵਿੱਚ ਤੀਸਰਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਗੈਵੀ, ਆਕਾਸ਼, ਮਨਹਰ, ਸੋਭਾ, ਵਿਕਾਸ ਤਨਿਸ਼ ਨੇ ਮਾਡਲ ਡਿਸਪਲੇ ਵਿੱਚ , ਬੋਬੀ ਨੇ ਆਨ ਦਾ ਸਪੋਟ ਫੋਟੋਗ੍ਰਾਫੀ ਵਿੱਚ, ਸਿਮਰਨ ਕੌਰ ਨੇ ਪੀਪੀਟੀ ਵਿੱਚ, ਵੰਸ਼ਿਕਾ ਨੇ ਕਹਾਣੀ ਪੇਸ਼ਕਸ਼ ਵਿੱਚ ਕੌਂਸੋਲੇਸ਼ਨ ਇਨਾਮ ਪ੍ਰਾਪਤ ਕੀਤੇ।ਪ੍ਰਿੰਸੀਪਲ ਰਾਜਪਾਲ ਕੌਰ ਨੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ 'ਤੇ ਮਾਣ ਮਹਿਸੂਸ ਕਰਦਿਆਂ ਹੌਸਲਾ ਅਫਜ਼ਾਈ ਕੀਤੀ ਤੇ ਸਕੂਲ ਮੈਨੇਜਮੈਂਟ ਨੇ ਵੀ ਉਚੇਚੇ ਤੌਰ 'ਤੇ ਪਹੁੰਚ ਕੇ ਸਾਰੇ ਬੱਚਿਆਂ ਨੂੰ ਵਧਾਈ ਦਿੱਤੀ।

## ਅੱਖਾਂ ਦਾ ਮੁਫਤ ਕੈਂਪ ਅੱਜ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਸੰਕਲਪ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਤੇ ਰਬਾਬ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਕੈਂਪ ਡਾ. ਬਲਜੀਤ, ਆਈ ਕੇਅਰ ਸੈਂਟਰ ਰਾਇਲ ਸਿਟੀ, ਚਹਿਲ ਰੋਡ ਫਰੀਦਕੋਟ ਵਿਖੇ 28 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਲਾਇਆ ਜਾ ਰਿਹਾ ਹੈ।ਕੈਂਪ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਖੁਦ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਨਗੇ। ਉਨ੍ਹਾਂ ਲੋਕਾਂ ਨੂੰ ਇਸ ਮੁਫਤ ਕੈਂਪ ਵਿੱਚ ਆ ਕੇ ਅੱਖਾਂ ਦੀ ਜਾਂਚ ਕਰਾਉਣ ਦੀ ਅਪੀਲ ਕੀਤੀ।ਕੈਂਪ 'ਚ ਦਵਾਈਆਂ ਤੇ ਐਨਕਾਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ।

## ਕਿਸਾਨ ਹਜਾਰਾ ਰਾਮ ਦੀ ਮ੍ਰਿਤਕ ਦੇਹ ਦਾ ਕੀਤਾ ਅੰਤਮ ਸੰਸਕਾਰ

### ਐੱਸ.ਡੀ.ਐੱਮ. ਵੱਲੋਂ ਮ੍ਰਿਤਕ ਦੇ ਪਰਵਾਰ ਨੂੰ ਨੌਕਰੀ ਤੇ 10 ਲੱਖ ਦੀ ਸਹਾਇਤਾ ਦੇਣ ਦਾ ਐਲਾਨ



**ਜਲਾਲਾਬਾਦ (ਜੀਤ ਕੁਮਾਰ)**-ਕਿਸਾਨੀ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਸੂਬਾ ਕਮੇਟੀ ਦੇ ਫੈਸਲੇ ਤਹਿਤ ਜਲਾਲਾਬਾਦ ਹਲਕੇ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਰਿਹਾਇਸ਼ ਅੱਗੇ 18 ਅਕਤੂਬਰ ਤੋਂ ਲਗਾਤਾਰ ਚੱਲ ਰਹੇ ਪੱਕੇ ਮੋਰਚੇ ਵਿੱਚ ਬੈਠੇ ਪਿੰਡ ਸਵਾਹਵਾਲਾ ਦੇ ਕਿਸਾਨ ਹਜਾਰਾ ਰਾਮ ਦੀ ਬੀਤੇ 24 ਅਕਤੂਬਰ ਨੂੰ ਮੌਤ ਹੋ ਗਈ। ਬਲਾਕ ਗੁਰੂ ਹਰਸਹਾਏ ਦੇ ਬਲਾਕ ਪ੍ਰਧਾਨ ਸਰਵਮਿੱਤਰ ਨੇ ਦੱਸਿਆ ਕਿ ਭਾਕਿਯੂ ਏਕਤਾ ਉਗਰਾਹਾਂ ਵੱਲੋਂ ਮ੍ਰਿਤਕ ਕਿਸਾਨ ਹਜਾਰਾ ਰਾਮ ਦੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਤੇ 10 ਲੱਖ ਰੁਪਏ ਮਾਲੀ ਸਹਾਇਤਾ ਦੇਣ ਅਤੇ ਕਰਜ਼ਾ ਸਾਰਾ ਮੁਆਫ ਕਰਨ ਦੀਆਂ ਮੰਗਾਂ ਦਾ ਹੱਲ ਕਰਨ ਦੀ ਮੰਗ ਕੀਤੀ ਗਈ ਅਤੇ ਉਕਤ ਮੰਗਾਂ ਮਨਵਾਉਣ ਤੱਕ ਮ੍ਰਿਤਕ ਕਿਸਾਨ ਦੀ ਦੇਹ ਦਾ ਸਸਕਾਰ ਨਾ ਕਰਨ ਦਾ ਫੈਸਲਾ ਕੀਤਾ ਗਿਆ। ਯੂਨੀਅਨ ਤੇ ਸਿਵਲ ਪ੍ਰਸ਼ਾਸਨ ਵਿਚਾਲੇ ਹੋਏ ਸਮਝੌਤੇ ਤੋਂ ਬਾਅਦ ਜਲਾਲਾਬਾਦ ਦੇ ਐੱਸ.ਡੀ.ਐੱਮ. ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਫਾਜ਼ਿਲਕਾ ਦੇ ਆਦੇਸ਼ਾਂ ਤਹਿਤ ਮ੍ਰਿਤਕ ਕਿਸਾਨ ਹਜਾਰਾ ਰਾਮ ਦੇ ਇੱਕ ਮੈਂਬਰ ਨੂੰ ਯੋਗਤਾ ਦੇ ਅਧਾਰ 'ਤੇ ਸਰਕਾਰੀ ਨੌਕਰੀ ਦੇਣ ਤੇ 10 ਲੱਖ ਰੁਪਏ ਸਹਾਇਤ ਦੇਣ ਦਾ ਫੈਸਲਾ ਕੀਤਾ ਗਿਆ, ਜਿਸ ਉਪਰੰਤ ਮ੍ਰਿਤਕ ਕਿਸਾਨ ਹਜਾਰਾ ਰਾਮ ਦਾ ਪੋਸਟ ਮਾਰਟਮ ਹੋਇਆ ਤੇ ਇਸ ਦੇ ਬਾਅਦ ਪਿੰਡ ਸਵਾਹਵਾਲਾ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਭਾਕਿਯੂ ਏਕਤਾ ਉਗਰਾਹਾਂ ਜ਼ਿਲ੍ਹਾ ਫਾਜ਼ਿਲਕਾ, ਬਲਾਕ ਗੁਰੂ ਹਰਸਹਾਏ ਬਲਾਕ ਜਲਾਲਾਬਾਦ ਦੀ ਟੀਮ ਦੇ ਆਗੂਆਂ ਵੱਲੋਂ ਮ੍ਰਿਤਕ ਕਿਸਾਨ ਹਜ਼ਾਰਾ ਰਾਮ ਦੇ ਅੰਤਿਮ ਸੰਸਕਾਰ ਦੀ ਰਸਮ ਵਿੱਚ ਸ਼ਾਮਲ ਹੋਏ। ਜਥੇਬੰਦੀ ਦੇ ਵਿਧਾਨ ਮੁਤਾਬਕ ਝੰਡਾ ਪਾਉਣ ਦੀ ਰਸਮ ਜ਼ਿਲ੍ਹਾ ਸਗੰਠਨ ਸਕੱਤਰ ਜਗਸੀਰ ਸਿੰਘ ਘੋਲਾ, ਬਲਾਕ ਜਲਾਲਾਬਾਦ ਦੇ ਬਲਾਕ ਪ੍ਰਧਾਨ ਪਿੱਪਲ ਸਿੰਘ ਘਾਗਾ, ਬਲਾਕ ਗੁਰੂ ਹਰਸਹਾਏ ਦੇ ਬਲਾਕ ਪ੍ਰਧਾਨ ਸਰਵਮਿੱਤਰ, ਹਰਜੀਤ ਘਾਗਾ, ਤਰਸੇਮ ਬਰਾੜ, ਨਾਹਰ ਬਰਾੜ ਚੱਕ ਸੈਦੋਕ, ਮੱਖਣ ਰਾਮ ਬਾਹਮਣੀ ਵਾਲਾ, ਬਲਜੀਤ ਬਰਾੜ ਕੋਕਰੀ ਆਦਿ ਮੌਜੂਦ ਸਨ।

## ਮੈਂਬਰ ਪੰਚਾਇਤ ਬਣਨ 'ਤੇ ਸੁਖਮੰਦਰ ਸਿੰਘ ਨੂੰ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿਛਲੇ ਦਿਨੀਂ ਪੰਜਾਬ ਅੰਦਰ ਹੋਈਆਂ ਗ੍ਰਾਮ ਪੰਚਾਇਤ ਚੋਣਾਂ ਵਿੱਚ ਪਿੰਡ ਮਾਣੂੰਕੇ ਤੋਂ ਸੁਖਮੰਦਰ ਸਿੰਘ ਮੰਦਰ ਮੈਂਬਰ ਪੰਚਾਇਤ ਚੁਣੇ ਗਏ ਸਨ, ਜਿਨ੍ਹਾਂ ਦਾ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਵੱਲੋਂ ਆਪਣੇ ਨਿੱਜੀ ਸਥਾਨ 'ਤੇ ਸਿਰੋਪਾਓ ਪਾ ਕੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਚੇਅਰਮੈਨ ਅਮਰਜੀਤ ਮਾਣੂੰਕੇ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੀ ਰਿਹਾਇਸ਼ ਹੁਣ ਬਾਘਾ ਪੁਰਾਣਾ ਵਿਖੇ ਹੈ, ਪਰ ਉਨ੍ਹਾਂ ਵੱਲੋਂ ਆਪਣੇ ਜੱਦੀ ਪਿੰਡ ਮਾਣੂੰਕੇ ਨਿਵਾਸੀਆਂ ਵੱਲੋਂ ਸਮੇਂ ਸਮੇਂ ਦੌਰਾਨ, ਜੋ ਵੀ ਜ਼ਿੰਮੇਵਾਰੀ ਦੇ ਕੇ ਜੋ ਮਾਣ ਕੀਤਾ ਜਾਂਦਾ ਹੈ, ਉਸ ਲਈ ਉਹ ਪਿੰਡ ਵਾਸੀਆਂ ਦੇ ਰਿਣੀ ਰਹਿਣਗੇ।ਪੰਜਾਬ ਸੂਬੇ ਅੰਦਰ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਉਨ੍ਹਾਂ ਵੱਲੋਂ ਪਿੰਡ ਦੇ ਵਿਕਾਸ ਵਿੱਚ ਪਿੰਡ ਵਾਸੀਆਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨਗੇ।ਪਿੰਡ ਅੰਦਰ ਵਿਕਾਸ ਕਾਰਜਾਂ ਨੂੰ ਉੱਚੀਆਂ ਮੰਜ਼ਿਲਾਂ ਤੱਕ ਲੈ ਕੇ ਜਾਣਗੇ।ਸੰਪੰਨ ਹੋਈਆਂ ਪੰਚਾਇਤੀ ਚੋਣਾਂ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਨ ਲਈ ਪਿੰਡ ਵਾਸੀਆਂ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਬੂਟਾ ਸਿੰਘ ਪ੍ਰਧਾਨ ਸੀ.ਏ.ਐੱਸ.ਐੱਸ., ਰਾਜਵਿੰਦਰ ਸਿੰਘ ਮੈਂਬਰ ਸੀ.ਏ.ਐੱਸ.ਐੱਸ. ਤੇ ਹੋਰ ਹਾਜ਼ਰ ਸਨ।

## ਪ੍ਰਮੁੱਖ ਸਕੱਤਰ ਵੱਲੋਂ ਅਧਿਕਾਰੀਆਂ ਤੇ ਏਜੰਸੀਆਂ ਨਾਲ ਖਰੀਦ ਪ੍ਰਬੰਧਾਂ ਬਾਰੇ ਮੀਟਿੰਗ

### ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਦਾ ਕੀਤਾ ਦੌਰਾ



**ਮਾਨਸਾ (ਆਤਮਾ ਸਿੰਘ ਪਮਾਰ)**

ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸ੍ਰੀ ਵੀ. ਕੇ. ਮੀਨਾ ਨੇ ਮਾਨਸਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਚੱਲ ਰਹੇ ਝੋਨੇ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਪ੍ਰਸ਼ਾਸਨਕ ਅਧਿਕਾਰੀਆਂ ਤੇ ਖਰੀਦ ਏਜੰਸੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪਹੁੰਚ ਰਹੀ ਝੋਨੇ ਦੀ ਫਸਲ ਦੀ ਖਰੀਦ ਤੇ ਉਸ ਦੀ ਲਿਫਟਿੰਗ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿਖੇ ਜਾ ਕੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਕਿਸਾਨਾਂ ਨਾਲ ਗੱਲਬਾਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਮਾਨਸਾ ਸ੍ਰੀ ਕੁਲਵੰਤ ਸਿੰਘ ਤੇ ਐੱਸ.ਐੱਸ.ਪੀ. ਮਾਨਸਾ ਸ੍ਰੀ ਭਾਗੀਰਥ ਸਿੰਘ ਮੀਨਾ ਮੌਜੂਦ ਸਨ।

ਪ੍ਰਮੁੱਖ ਸਕੱਤਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੰਡੀਆਂ ਅੰਦਰ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ ਤੇ ਮੰਡੀਆਂ ਅੰਦਰ ਹਰ ਤਰ੍ਹਾਂ ਦੇ ਲੋੜੀਂਦੇ ਪ੍ਰਬੰਧ ਹੋਣੇ ਚਾਹੀਦੇ ਹਨ।ਮਾਨਸਾ ਵਿਖੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਖਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ ਤੇ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਸਮੂਹ ਐੱਸ.ਡੀ.ਐੱਮਜ਼ ਤੇ ਡੀ.ਐੱਸ.ਪੀਜ਼ ਨੂੰ ਆਦੇਸ਼ ਦਿੱਤੇ ਕਿ ਉਹ ਆਪਣੇ ਅਧਿਕਾਰ ਖੇਤਰ ਅੰਦਰ ਮੰਡੀਆਂ ਵਿੱਚ ਰੋਜ਼ਾਨਾ ਦੇ ਆਧਾਰ 'ਤੇ ਦੌਰਾ ਕਰਕੇ ਕਿਸਾਨਾਂ ਤੇ ਆੜ੍ਹਤੀਆਂ ਨਾਲ ਰਾਬਤਾ ਕਾਇਮ ਰੱਖਣ, ਤਾਂ ਜੋ ਖਰੀਦ ਪ੍ਰਕਿਰਿਆ ਸੁਖਾਲੇ ਢੰਗ ਨਾਲ ਨੇਪਰੇ ਚੜ੍ਹਾਈ ਜਾ ਸਕੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਆਕਾਸ਼ ਬਾਂਸਲ, ਐੱਸ.ਡੀ.ਐੱਮ. ਮਾਨਸਾ ਕਾਲਾ ਰਾਮ ਕਾਂਸਲ, ਐੱਸ.ਡੀ.ਐੱਮ. ਸਰਦੂਲਗੜ੍ਹ ਨਿਤੇਸ਼ ਕੁਮਾਰ ਜੈਨ, ਐੱਸ.ਡੀ.ਐੱਮ. ਬੁਢਲਾਡਾ ਗਗਨਦੀਪ ਸਿੰਘ, ਐੱਸ. ਪੀ. ਜਸਕੀਰਤ ਸਿੰਘ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਮੰਡੀ ਅਫ਼ਸਰ ਅਮਨ ਮੰਗਲਾ, ਮੁੱਖ ਖੇਤੀਬਾੜੀ ਅਫ਼ਸਰ ਹਰਵਿੰਦਰ ਸਿੰਘ ਤੋਂ ਇਲਾਵਾ ਡੀ.ਐੱਸ.ਪੀਜ਼ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਡਾਇਰੈਕਟਰ ਫੂਡ ਸਪਲਾਈ ਵੱਲੋਂ ਸ਼ੈਲਰ ਮਾਲਕਾਂ ਨਾਲ ਮੀਟਿੰਗ

### ਆੜ੍ਹਤੀਆਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਅਨਾਜ ਮੰਡੀ ਵਿੱਚ ਝੋਨੇ ਦੀ ਖਰੀਦ ਦੌਰਾਨ ਲਿਫਟਿੰਗ ਦਾ ਕੰਮ ਬਹੁਤ ਹੀ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਹੈ, ਜਿਸ ਕਾਰਨ ਬੋਰੀਆਂ ਦੇ ਅੰਬਾਰ ਲੱਗ ਗਏ ਹਨ ਤੇ ਕਿਸਾਨਾਂ ਲਈ ਫੜ੍ਹਾਂ ਵਿੱਚ ਫਸਲ ਸੁੱਟਣ ਲਈ ਜਗ੍ਹਾ ਹੀ ਨਹੀਂ ਬਚੀ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਝੋਨੇ ਦੀ ਲਿਫਟਿੰਗ ਸਮੱਸਿਆ ਨੂੰ ਹੱਲ ਕਰਵਾਉਣ ਲਈ ਸਥਾਨਕ ਮੰਡੀ ਵਿੱਚ ਪਹਿਲੀ ਵਾਰ ਫੂਡ ਸਪਲਾਈ ਵਿਭਾਗ ਦੇ ਉੱਚ ਅਧਿਕਾਰੀ ਡਾਇਰੈਕਟਰ ਪੁਨੀਤ ਗੋਇਲ ਪੁੱਜੇ, ਜਿਨ੍ਹਾਂ ਸ਼ੈਲਰ ਮਾਲਕਾਂ ਨਾਲ ਮੀਟਿੰਗ ਕੀਤੀ। ਜਾਣਕਾਰੀ ਅਨੁਸਾਰ ਮਾਛੀਵਾੜਾ ਇਲਾਕੇ ਵਿਚ ਕਰੀਬ 32 ਸ਼ੈਲਰ ਹਨ, ਜਿਨ੍ਹਾਂ 'ਚੋਂ ਕੇਵਲ 8 ਸ਼ੈਲਰ ਹੀ ਝੋਨਾ ਚੁੱਕਣ ਲਈ ਰਜ਼ਾਮੰਦ ਹੋਏ, ਜਦਕਿ ਬਾਕੀਆਂ ਨੂੰ ਮਨਾਉਣ ਲਈ ਫੂਡ ਸਪਲਾਈ ਵਿਭਾਗ ਦੇ ਡਾਇਰੈਕਟਰ ਪੁਨੀਤ ਗੋਇਲ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਡਾਇਰੈਕਟਰ ਗੋਇਲ ਨੇ ਸ਼ੈਲਰ ਮਾਲਕਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਰਿਆਇਤਾਂ ਸੰਭਵ ਹੋ ਸਕੀਆਂ, ਉਹ ਦਿੱਤੀਆਂ ਗਈਆਂ ਹਨ ਅਤੇ ਭਵਿੱਖ ਵਿਚ ਵੀ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਜੋ ਸੂਬਾ ਸਰਕਾਰ ਦੇ ਹੱਥ ਵਿੱਚ ਹੋਵੇਗਾ, ਉਸ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਝੋਨੇ ਦੀ ਫਸਲ ਬਹੁਤ ਵਧੀਆ ਹੈ, 17 ਫੀਸਦੀ ਤੋਂ ਘੱਟ ਵਾਲਾ ਝੋਨਾ ਮੰਡੀਆਂ ਵਿਚ ਵਿਕਣ ਲਈ ਆ ਰਿਹਾ ਹੈ ਇਸ ਲਈ ਸ਼ੈਲਰ ਮਾਲਕ ਏਜੰਸੀਆਂ ਵੱਲੋਂ ਖਰੀਦਿਆ ਝੋਨਾ ਪਿੜਾਈ ਲਈ ਚੁੱਕਣਾ ਸ਼ੁਰੂ ਕਰਨ। ਪ੍ਰੈੱਸ ਨਾਲ ਗੱਲ ਕਰਦਿਆਂ ਡਾਇਰੈਕਟਰ ਪੁਨੀਤ ਗੋਇਲ ਨੇ ਦੱਸਿਆ ਕਿ ਸ਼ੈਲਰ ਮਾਲਕਾਂ ਨਾਲ ਮੀਟਿੰਗ ਬਹੁਤ ਵਧੀਆ ਮਾਹੌਲ ਵਿੱਚ ਹੋਈ ਹੈ ਤੇ ਉਨ੍ਹਾਂ ਨੂੰ ਯਕੀਨ ਹੈ ਕਿ ਉਹ ਝੋਨਾ ਚੁੱਕਣ ਲਈ ਆਪਣੀ ਅਲਾਟਮੈਂਟ ਕਰਵਾ ਲੈਣਗੇ। ਡਾਇਰੈਕਟਰ ਪੁਨੀਤ ਗੋਇਲ ਨੇ ਆੜ੍ਹਤੀਆਂ ਨਾਲ ਵੀ ਮੀਟਿੰਗ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਪ੍ਰਧਾਨ ਮੋਹਿਤ ਕੁੰਦਰਾ, ਤੇਜਿੰਦਰ ਸਿੰਘ ਕੂੰਨਰ, ਹਰਜਿੰਦਰ ਸਿੰਘ ਖੇੜਾ, ਟਹਿਲ ਸਿੰਘ ਔਜਲਾ (ਸਾਰੇ ਸਾਬਕਾ ਪ੍ਰਧਾਨ), ਘਰੁਪਿੰਦਰ ਸਿੰਘ ਬੈਨੀਪਾਲ, ਅਸ਼ੋਕ ਸੂਦ, ਪ੍ਰਦੀਪ ਮਲਹੋਤਰਾ, ਗੁਰਨਾਮ ਸਿੰਘ ਨਾਗਰਾ, ਪ੍ਰਵੀਨ ਖੋਸਲਾ, ਵਿੱਕੀ ਕੁੰਦਰਾ, ਕਪਿਲ ਆਨੰਦ, ਰਾਜਵਿੰਦਰ ਸੈਣੀ, ਅਮਰੀਕ ਸਿੰਘ ਔਜਲਾ, ਅਰਵਿੰਦਰਪਾਲ ਸਿੰਘ ਵਿੱਕੀ, ਹਰਕੇਸ਼ ਨਹਿਰਾ, ਸੰਨੀ ਸੂਦ ਮੌਜੂਦ ਸਨ।

28 - October - Page - 6.qxd 10/27/2024 9:47 PM Page 1



# ਐੱਨ ਪੀ ਐੱਸ ਮੁਲਾਜ਼ਮਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ 18 ਨਵੰਬਰ 2022 ਨੂੰ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਨਾ ਕਰਨ ਦੇ ਰੋਸ਼ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਅੱਜ ਐਨ ਪੀ ਐਸ ਮੁਲਾਜ਼ਮਾਂ ਵੱਲੋਂ ਰੋਸ਼ ਮਾਰਚ ਕੀਤਾ ਗਿਆ। ਇਸ ਮੌਕੇ ਆਗੂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕੋ-ਕਨਵੀਨਰ ਲਖਵਿੰਦਰ ਸਿੰਘ ਭੌਰ, ਡਾਕਟਰ ਸੰਤਸੇਵਕ ਸਿੰਘ ਸਰਕਾਰੀਆ, ਰਣਵੀਰ ਸਿੰਘ ਉੱਪਲ, ਆਗੂਆਂ ਬੋਬਇੰਦਰ ਸਿੰਘ, ਕੁੰਵਰ ਨੌਨਿਹਾਲ ਸਿੰਘ, ਜਸਪਾਲ ਸਿੰਘ ਵਿੰਝਵਾਂ, ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਵਰਗ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੱਡੀ ਗਿਣਤੀ ਵਿੱਚ ਬੈਲਟ ਪੇਪਰਾਂ ਦਾ ਇਸਤੇਮਾਲ ਕਰਦਿਆਂ ਇਸ ਆਸ ਨਾਲ ਆਪ ਸਰਕਾਰ ਨੂੰ ਚੁਣਿਆ ਕਿ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰੇਗੀ। ਇਸ ਸਬੰਧੀ ਚੋਣ ਵਾਅਦਿਆਂ ਵਿਚ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸਮੇਤ ਸਭ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਵਾਅਦੇ ਵੀ ਕੀਤੇ। ਗੱਲ ਸਿਰਫ ਜ਼ੁਬਾਨੀ ਵਾਅਦਿਆਂ ਤੱਕ ਨਹੀਂ ਰਹੀ, ਲਿਖਤੀ ਨੋਟੀਫਿਕੇਸ਼ਨ ਵੀ ਹੋਇਆ ਪਰ ਅਜੇ ਤੱਕ ਇੱਕ ਵੀ ਐਨ ਪੀ ਐਸ ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਨਹੀਂ ਦੇ ਸਕੀ ਸਰਕਾਰ। ਉਹੀ ਸਿਆਸੀ ਧਿਰ ਮਜ਼ਬੂਤ ਜਾਂ ਤਾਕਤਵਰ ਹੁੰਦੀ ਹੈ ਜਿਸ ਦੀ ਕੰਮ ਕਰਨ ਦੀ ਇੱਛਾ ਸ਼ਕਤੀ ਦ੍ਰਿੜ੍ਹ ਹੋਵੇ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਆਪਣਾ ਨੋਟੀਫਿਕੇਸ਼ਨ ਤੁਰੰਤ ਲਾਗੂ ਕਰੇ ਤਾਂ ਕਿ ਹੋਰ ਰਾਜਾਂ ਵਿੱਚ ਪੰਜਾਬ ਵਿੱਚ ਇੱਕ ਮਜ਼ਬੂਤ ਸਰਕਾਰ ਹੋਣ ਦਾ ਸੁਨੇਹਾ ਜਾਵੇ। ਕਿਹਾ ਕਿ ਸਰਕਾਰਾਂ ਸਿਰਫ ਨੋਟੀਫਿਕੇਸ਼ਨ ਨਾਲ ਨਹੀ ਚੱਲਦੀਆਂ ਉਸ ਨੂੰ ਅਮਲੀ ਜਾਮਾ ਵੀ ਪਾਉਣਾ ਪੈਂਦਾ ਹੈ। ਅਸੀਂ ਇਸ ਵਾਰ ਦੀਆਂ ਜ਼ਿਮਨੀ ਚੋਣਾਂ ਵਿੱਚ ਸੱਤਾਧਿਰ ਦੇ ਲਰਿਆਂ ਤੋਂ ਬਚਣ ਲਈ ਆਮ ਲੋਕਾਂ ਨੂੰ ਸੁਚੇਤ ਕਰਾਂਗੇ।ਆਗੂਆਂ ਕਿਹਾ ਕਿ ਵਾਰ ਵਾਰ ਹੋਰ ਰਾਜਾਂ ਅਤੇ ਕੇਂਦਰ ਦੀਆਂ ਪੈਨਸ਼ਨ ਸਕੀਮਾਂ ਨੂੰ ਘੋਖਦੇ ਰਹਿਣ ਦਾ ਸਾਫ ਮਤਲਬ ਇਹ ਹੈ ਕਿ ਖੁਦ ਕੋਲ ਆਪਣੀ ਨੀਤੀ ਘੜਨ ਅਤੇ ਫੈਸਲਾ ਲਾਗੂ ਕਰਨ ਦੀ ਸਮਝ ਨਹੀਂ ਬਣ ਪਾ ਰਹੀ। ਸਾਡੇ ਐਨ ਪੀ ਐਸ ਸਾਥੀ ਦੋ ਹਜ਼ਾਰ ਤੋਂ ਚਾਰ ਹਜ਼ਾਰ ਦੀਆਂ ਪੈਨਸ਼ਨਾਂ ਲੈ ਕੇ ਰਿਟਾਇਰ ਹੋ ਕੇ ਸ਼ਰਮਸ਼ਾਰ ਹੋਏ ਘਰ ਜਾਂਦੇ ਹਨ। ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਏ ਕਿ ਕੇਂਦਰ ਵੱਲੋਂ ਲਾਗੂ ਐਨ ਪੀ ਐਸ ਤੋਂ ਵੀ ਭੈੜੀ ਯੂ ਪੀ ਐਸ ਲਾਗੂ ਕੀਤੀ ਗਈ ਹੈ। ਕੇਂਦਰ ਦੇ ਨੀਤੀਘਾੜਿਆਂ ਅੱਗੇ ਪੰਜਾਬ ਦੀ ਆਪ ਸਰਕਾਰ ਸਰੰਡਰ ਕਰ ਚੁੱਕੀ ਜਾਪਦੀ ਹੈ। ਹਰ ਸਟੇਟ ਦੀਆਂ ਆਪਣੀਆਂ ਸ਼ਕਤੀਆਂ ਹੁੰਦੀਆਂ ਹਨ, ਆਪਣੇ ਖਿੱਤੇ ਨੂੰ ਰਾਜ ਸਰਕਾਰਾਂ ਮਜ਼ਬੂਤ ਬਣਾਉਂਦੀਆਂ ਹਨ। ਯੂ ਪੀ ਐਸ ਲਾਗੂ ਕਰਨ ਬਾਰੇ ਸੋਚਣਾ ਹੀ ਪੰਜਾਬ ਦੀ ਹੋਂਦ ਨੂੰ ਖਤਮ ਕਰਨ ਦੀ ਪਹਿਲਕਦਮੀ ਸਾਬਤ ਹੋਵੇਗੀ। ਸਾਡੀ ਮੰਗ ਅਤੇ ਤੁਹਾਡਾ ਖੁਦ ਦਾ ਨੋਟੀਫਿਕੇਸ਼ਨ ਪੁਰਾਣੀ ਪੈਨਸ਼ਨ ਬਹਾਲ ਕਰਨਾ ਹੈ। ਪੁਰਾਣੀ ਪੈਨਸ਼ਨ ਬਹਾਲ ਹੋਣ ਤੱਕ ਲੜਾਈ ਜਾਰੀ ਰਹੇਗੀ। ਇਸ ਮੌਕੇ ਸੁਖਵਿੰਦਰ ਸਿੰਘ ਬਟਾਲਾ, ਕੁਲਦੀਪ ਪੁਰੇਵਾਲ, ਸੁੱਚਾ ਸਿੰਘ ਟਰਪਈ, ਹਰਵਿੰਦਰ ਸਿੰਘ ਸੁਲਤਾਨਵਿੰਡ, ਸਰਬਜੀਤ ਸਿੰਘ ਤਰਨਤਾਰਨ, ਕੁਲਵੰਤ ਸਿੰਘ ਗੁਰਦਾਸਪੁਰ, ਵਿਨੋਦ ਕੁਮਾਰ, ਸਰਬਜੀਤ ਸਿੰਘ ਸਿੱਧੂ, ਪਲਵਿੰਦਰ ਸਿੰਘ, ਸੰਤੋਖ ਸਿੰਘ, ਗੁਰਮੀਤ ਸਿੰਘ ਛੀਨਾ, ਜਤਿਨ ਕੁਮਾਰ ਸ਼ਰਮਾ ਆਦਿ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ 'ਚ ਮੈਡਲ ਵੰਡ ਸਮਾਰੋਹ ਦਾ ਆਯੋਜਨ



**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਵਿਖੇ ਐਨ ਡੀ ਏ ਦੇ ਚਾਹਵਾਨਾਂ ਲਈ ਇੱਕ ਪ੍ਰੇਰਨਾਦਾਇਕ ਕੈਰੀਅਰ ਗਾਈਡੈਂਸ ਸੈਸ਼ਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬ੍ਰਿਗੇਡੀਅਰ (ਸੇਵਾਮੁਕਤ) ਸੰਸਾਰ ਵਰਮਾ ਅਤੇ ਉਨ੍ਹਾਂ ਦੀ ਐਨ ਡੀ ਏ ਟੀਮ ਨੇ ਭਾਗ ਲਿਆ। ਬ੍ਰਿਗੇਡੀਅਰ (ਸੇਵਾਮੁਕਤ) ਵਰਮਾ ਇੱਕ ਤਜਰਬੇਕਾਰ ਰੱਖਿਆਂ ਮਾਹਰ ਹਨ ਜਿਨ੍ਹਾਂ ਨੂੰ 1970 ਵਿੱਚ 8ਵੀਂ ਲਾਈਟ ਕੈਵਲਰੀ ਵਿੱਚ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਅੰਮ੍ਰਿਤਸਰ ਵਿੱਚ 23 ਸੁਤੰਤਰ ਆਰਮਡ ਬ੍ਰਿਗੇਡ ਦੇ ਕਮਾਂਡਰ ਵਜੋਂ ਵੀ ਸੇਵਾ ਕੀਤੀ। ਉਨ੍ਹਾਂ ਨੇ ਸੀਨੀਅਰ ਕਮਾਂਡ ਅਤੇ ਹਾਇਰ ਕਮਾਂਡ ਕੋਰਸਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਟਰਾਫੀਆਂ ਪ੍ਰਾਪਤ ਕੀਤੀਆਂ ਹਨ। ਇਸ ਸੈਸ਼ਨ ਵਿੱਚ ਬ੍ਰਿਗੇਡੀਅਰ ਵਰਮਾ ਨੇ ਵਿਦਿਆਰਥੀਆਂ ਨੂੰ ਰੱਖਿਆ ਖੇਤਰ ਵਿੱਚ ਆਪਣਾ ਕੈਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਇੱਕ ਇੰਟਰਐਕਟਿਵ ਪ੍ਰਸ਼ਨ ਅਤੇ ਜਵਾਬ ਸੈਸ਼ਨ ਵਿੱਚ ਵਿਦਿਆਰਥੀਆਂ ਨੇ ਐਨ ਡੀ ਏ ਮਾਰਗ ਬਾਰੇ ਆਪਣੇ ਸ਼ੰਕਿਆਂ ਦਾ ਨਿਪਟਾਰਾ ਕੀਤਾ। ਇਸ ਮੌਕੇ ਮੈਡਲ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਅਤੇ ਓਸ਼ੀਨ ਮਹਾਜਨ, ਪ੍ਰਿੰਸੀਪਲ ਸ਼੍ਰੀਮਤੀ ਸੁਭਰਾ ਰਾਣੀ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਨੇ ਵਿਦਿਆਰਥੀਆਂ ਦੇ ਕੈਰੀਅਰ-ਮੁਖੀ ਮਾਰਗਦਰਸ਼ਨ ਪ੍ਰਤੀ ਪ੍ਰਤਾਪ ਵਰਲਡ ਸਕੂਲ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

# ਰਾਜ ਦਵਿੰਦਰ ਸਿੰਘ ਵੜੈਚ ਦੀ ਪੁਸਤਕ 'ਮਿੱਠੀਆਂ ਯਾਦਾਂ' ਲੋਕ ਅਰਪਿਤ



ਬੁਤਾਲਾ (ਨਿਰਮਲ ਸਿੰਘ ਸੰਘਾ)- ਪਿਛਲੇ 39 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਜੁਟੀ ਚਰਚਿੱਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਮੌਕੇ ਪ੍ਰਸਿੱਧ ਚਿੰਤਕ ਅਤੇ ਵਿਦਵਾਨ ਲੇਖਕ ਡਾ. ਆਸਾ ਸਿੰਘ ਘੁੰਮਣ ਨੇ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਸੀਨੀਅਰ ਮੀਤ ਪ੍ਰਧਾਨ ਡਾ. ਪਰਮਜੀਤ ਸਿੰਘ ਬਾਠ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਸਾਬਕਾ ਬੀ.ਈ.ਈ.ਓ, ਜਸਵਿੰਦਰ ਸਿੰਘ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਮੰਚ ਤਰਨ ਤਾਰਨ, ਅਵਤਾਰ ਸਿੰਘ ਗੋਇੰਦਵਾਲ ਜਨਰਲ ਸਕੱਤਰ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਬਲਵਿੰਦਰ ਸਿੰਘ ਚਾਹਲ ਜਮਾਲਪੁਰ, ਕੁਲਵੰਤ ਸਿੰਘ ਕੋਹਾਰ, ਰਾਜ ਦਵਿੰਦਰ ਸਿੰਘ ਵੜੈਚ ਅਤੇ ਡਾ. ਕੁਲਵੰਤ ਸਿੰਘ ਬਾਠ ਸੀ: ਵੈਟਰਨਰੀ ਅਫਸਰ ਸੁਸ਼ੋਭਿਤ ਹੋਏ । ਇਸ ਮੌਕੇ ਸ਼ਾਇਰ ਰਾਜ ਦਵਿੰਦਰ ਸਿੰਘ ਵੜੈਚ ਵੱਲੋਂ ਸੰਪਾਦਿਤ ਕੀਤੀ ਸਾਂਝੀ ਕਾਵਿ ਪੁਸਤਕ 'ਮਿੱਠੀਆਂ ਯਾਦਾਂ' ਨੂੰ ਸਮੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ । ਮੰਚ ਸੰਚਾਲਨ ਕਰ ਰਹੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ । ਇਸ ਮੌਕੇ ਇਸ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਕਰਵਾਏ ਗਏ ਕਵੀ ਦਰਬਾਰ ਵਿੱਚ ਗੁਰਜੀਤ ਕੌਰ ਅਜਨਾਲਾ, ਅਮਨ ਢਿੱਲੋਂ ਕਸੇਲ, ਰਾਜਵਿੰਦਰ ਕੌਰ ਰਾਜ, ਗੁਰਮੀਤ ਕੌਰ ਬੱਲ, ਹਰਵਿੰਦਰਜੀਤ ਕੌਰ ਬਾਠ, ਪ੍ਰਵੀਨ ਕੌਰ ਸਿੱਧੂ, ਬਲਵਿੰਦਰ ਕੌਰ ਸਰਘੀ, ਜਤਿੰਦਰਪਾਲ ਕੌਰ ਭਿੰਡਰ, ਰਾਜਵਿੰਦਰ ਕੌਰ ਵੜੈਚ, ਮਲੂਕ ਸਿੰਘ ਧਿਆਨਪੁਰ, ਸਰਬਜੀਤ ਸਿੰਘ ਪੱਡਾ, ਮਾ: ਬਲਬੀਰ ਸਿੰਘ ਬੀਰ, ਬਲਵਿੰਦਰ ਸਿੰਘ ਅਠੌਲਾ, ਅਸ਼ੋਕ ਟਾਂਡੀ, ਜਗਨ ਨਾਥਾ ਨਿਮਾਣਾ, ਰਮੇਸ਼ ਕੁਮਾਰ ਜਾਨੂੰ, ਸੁਖਵਿੰਦਰ ਸਿੰਘ ਖਾਰੇ ਵਾਲਾ, ਮਨਮੋਹਣ ਸਿੰਘ ਨਾਭਾ, ਅਨਮੋਲਦੀਪ ਸਿੰਘ, ਮਨਦੀਪ ਸਿੰਘ ਹੈਪੀ ਜੋਸਨ, ਹਰਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਖੰਨਾ, ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਅਭੈਜੋਤ ਸਿੰਘ, ਗੁਰਸ਼ਾਨ ਸਿੰਘ ਧਿਆਨਪੁਰ, ਵੀਰ ਕੌਰ, ਗੁਰਲੀਨ ਕੌਰ, ਦਾਰਿਸ਼ਬੀਰ ਸਿੰਘ , ਰਣਜੀਤ ਕੌਰ, ਸਮੇਤ ਸਮੇਤ ਵੱਖ ਵੱਖ ਸਾਹਿਤ ਸਭਾਵਾਂ ਵਿਚੋਂ ਪੁੱਜੇ ਕਵੀਜਨਾਂ ਨੇ ਕਾਵਿ-ਰਚਨਾਵਾਂ ਦੀ ਛਹਿਬਰ ਲਾਈ ।

# ਆਪਣਾ ਹੀ ਲਿਖਤੀ ਨੋਟੀਫਿਕੇਸ਼ਨ ਲਾਗੂ ਨਾ ਕਰ ਸਕੀ ਪੰਜਾਬ ਸਰਕਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ 18 ਨਵੰਬਰ 2022 ਨੂੰ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਨਾ ਕਰਨ ਦੇ ਰੋਸ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਅੱਜ ਐਨ ਪੀ ਐਸ ਤੋਂ ਪੀੜਿਤ ਮੁਲਾਜ਼ਮਾਂ ਵੱਲੋਂ ਰੋਸ-ਮਾਰਚ ਕੀਤਾ ਗਿਆ। ਇਸ ਮੌਕੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਵਰਗ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੱਡੀ ਗਿਣਤੀ ਵਿੱਚ ਬੈਲਟ ਪੇਪਰਾਂ ਦਾ ਇਸਤੇਮਾਲ ਕਰਦਿਆਂ ਇਸ ਆਸ ਨਾਲ ਆਪ ਸਰਕਾਰ ਨੂੰ ਚੁਣਿਆ ਕਿ ਸਰਕਾਰ ਪੁਰਾਣੀ ਪੈਂਨਸ਼ਨ ਬਹਾਲ ਕਰੇਗੀ।ਇਸ ਸਬੰਧੀ ਚੋਣ ਵਾਅਦਿਆਂ ਵਿਚ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸਮੇਤ ਸਭ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਵਾਅਦੇ ਵੀ ਕੀਤੇ। ਗੱਲ ਸਿਰਫ ਜ਼ੁਬਾਨੀ ਵਾਅਦਿਆਂ ਤੱਕ ਨਹੀਂ ਰਹੀ, ਲਿਖਤੀ ਨੋਟੀਫਿਕੇਸ਼ਨ ਵੀ ਹੋਇਆ ਪਰ ਅਜੇ ਤੱਕ ਇੱਕ ਵੀ ਐਨ ਪੀ ਐਸ ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਨਹੀਂ ਦੇ ਸਕੀ ਸਰਕਾਰ। ਉਹੀ ਸਿਆਸੀ ਧਿਰ ਮਜ਼ਬੂਤ ਜਾਂ ਤਾਕਤਵਰ ਹੁੰਦੀ ਹੈ ਜਿਸ ਦੀ ਕੰਮ ਕਰਨ ਦੀ ਇੱਛਾ ਸ਼ਕਤੀ ਦ੍ਰਿੜ੍ਹ ਹੋਵੇ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਆਪਣਾ ਨੋਟੀਫਿਕੇਸ਼ਨ ਤੁਰੰਤ ਲਾਗੂ ਕਰੇ ਤਾਂ ਕਿ ਹੋਰ ਰਾਜਾਂ ਵਿੱਚ ਪੰਜਾਬ ਵਿੱਚ ਇੱਕ ਮਜ਼ਬੂਤ ਸਰਕਾਰ ਹੋਣ ਸੁਨੇਹਾ ਜਾਵੇ।ਮੁਲਾਜ਼ਮ ਆਗੂ ਗੁਰਦਿਆਲ ਸਿੰਘ ਮਾਨ, ਗੁਰਿੰਦਰਪਾਲ ਸਿੰਘ ਖੇੜੀ, ਪਰਮਿੰਦਰ ਪਾਲ ਸਿੰਘ ਅਤੇ ਮਨਪ੍ਰੀਤ ਸਿੰਘ ਮੋਹਾਲੀ ਨੇ ਇਸ ਸਰਕਾਰ ਨੂੰ ਅਨਾੜੀ ਦੱਸਦਿਆਂ ਕਿਹਾ ਕਿ ਸਰਕਾਰ ਸਿਰਫ ਨੋਟੀਫਿਕੇਸ਼ਨ ਨਾਲ ਨਹੀ ਚੱਲਦੀ ਉਸ ਨੂੰ ਅਮਲੀ ਜਾਮਾ ਵੀ ਪਾਉਣਾ ਪੈਂਦਾ ਹੈ। ਅਸੀਂ ਇਸ ਵਾਰ ਦੀਆਂ ਜ਼ਿਮਨੀ ਚੋਣਾਂ ਵਿੱਚ ਸੱਤਾ ਧਿਰ ਦੇ ਲਾਰਿਆਂ ਤੋਂ ਬਚਣ ਲਈ ਆਮ ਲੋਕਾਂ ਨੂੰ ਸੁਚੇਤ ਕਰਾਂਗੇ। ਇਸ ਮੌਕੇ ਗੁਰਦੀਪ ਸਿੰਘ ਨਵਾਂਸ਼ਹਿਰ, ਹਰਪ੍ਰੀਤ ਸਿੰਘ ਰੋਪੜ, ਦਿਲਬਾਗ ਸਿੰਘ ਨੇ ਕਿਹਾ ਕਿ ਸਰਕਾਰ ਖੁਦ ਕੋਲ ਆਪਣੀ ਨੀਤੀ ਘੜਨ ਅਤੇ ਫੈਸਲਾ ਲਾਗੂ ਕਰਨ ਦੀ ਸਮਝ ਨਹੀਂ ਬਣ ਪਾ ਰਹੀ। ਪੰਜਾਬ ਦੇ ਐਨ ਪੀ ਐਸ ਪੀੜਿਤ ਸਾਥੀ ਦੋ ਹਜ਼ਾਰ ਤੋਂ ਚਾਰ ਹਜ਼ਾਰ ਦੀਆਂ ਪੈਨਸ਼ਨਾਂ ਲੈ ਕੇ ਰਿਟਾਇਰ ਹੋ ਕੇ ਸ਼ਰਮਸ਼ਾਰ ਹੋਏ ਘਰ ਜਾਂਦੇ ਹਨ।ਮੁਲਾਜ਼ਮ ਆਗੂ ਰਸ਼ਪਾਲ ਸਿੰਘ, ਧਰਮਿੰਦਰ ਕੁਮਾਰ, ਪ੍ਰੇਮ ਖ਼ਲਵਾੜਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਏ ਕਿ ਕੇਂਦਰ ਵੱਲੋਂ ਲਾਗੂ ਐਨ ਪੀ ਐਸ ਤੋਂ ਵੀ ਭੈੜੀ ਯੂ ਪੀ ਐਸ ਲਾਗੂ ਕੀਤੀ ਗਈ ਹੈ, ਹੁਣ ਪੰਜਾਬ ਸਰਕਾਰ ਇਸ ਨੂੰ ਘੋਖਣ ਲੱਗ ਪਈ ਹੈ।ਜੇਕਰ ਕੇਂਦਰ ਦੀਆਂ ਘੜੀਆਂ ਨੀਤੀਆਂ ਹੀ ਲਾਗੂ ਕਰਦੇ ਰਹੇ ਤਾਂ ਪੰਜਾਬ ਦੀ ਵੱਖਰੀ ਸਟੇਟ ਵਜੋਂ ਹੋਂਦ ਖਤਮ ਹੋ ਜਾਵੇਗੀ।ਯੂ ਪੀ ਐਸ ਲਾਗੂ ਕਰਨ ਬਾਰੇ ਸੋਚਣਾ ਹੀ ਪੰਜਾਬ ਦੀ ਹੋਂਦ ਨੂੰ ਖਤਮ ਕਰਨ ਦੀ ਪਹਿਲਕਦਮੀ ਸਾਬਤ ਹੋਵੇਗੀ। ਪੁਰਾਣੀ ਪੈਨਸ਼ਨ ਬਹਾਲ ਹੋਣ ਤੱਕ ਲੜਾਈ ਜਾਰੀ ਰਹੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਜੀਵ ਧੂਤ, ਤਿਲਕ ਰਾਜ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਅਮਨਦੀਪ ਸ਼ਰਮਾ, ਸੱਤ ਪ੍ਰਕਾਸ਼, ਵਿਕਾਸ ਸ਼ਰਮਾ, ਵਰਿੰਦਰ ਵਿੱਕੀ, ਸੰਦੀਪ ਸ਼ਰਮਾ, ਦਵਿੰਦਰ ਸਿੰਘ, ਨਰਿੰਦਰ ਅਜਨੋਹਾ, ਰਜਤ ਮਹਾਜਨ, ਪਰਮਜੀਤ ਕਾਤਿਬ, ਅਸ਼ਵਨੀ ਰਾਣਾ, ਸਚਿਨ ਕੁਮਾਰ ਸਹਿਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਸਾਥੀ ਹਾਜ਼ਰ ਸਨ।

# ਖੇਡ ਹੱਬ ਵਜੋਂ ਉਭਰ ਰਿਹੈ ਪੰਜਾਬ : ਹਰਪਾਲ ਚੀਮਾ



**ਜਲੰਧਰ, ( ਸ਼ੈਲੀ ਐਲਬਰਟ)**-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਖੇਡ ਸੱਭਿਆਚਾਰ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਬਣਾਉਣ ਲਈ ਕੀਤੇ ਜਾ ਰਹੇ ਸਰਗਰਮ ਯਤਨਾਂ ਸਦਕਾ ਪੰਜਾਬ ਦੇਸ਼ ਲਈ ਖੇਡਾਂ ਦੇ ਹੱਬ ਵਜੋਂ ਉਭਰ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨਾਲ ਵਕਾਰੀ 41ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਫਾਈਨਲ ਮੈਚ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਵਲੋਂ ਪੰਜਾਬ ਦੇ ਖੇਡ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਫਾਈਨਲ ਮੈਚ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਟੀਮਾਂ ਦੇ ਵਿਚਕਾਰ ਖੇਡਿਆ ਗਿਆ।ਇਸ ਮੌਕੇ ਵਿੱਤ ਮੰਤਰੀ ਵਲੋਂ ਪੰਜਾਬ ਦੇ ਗੌਰਵਮਈ ਖੇਡ ਸੱਭਿਆਚਾਰ 'ਤੇ ਚਾਨਣਾ ਪਾਉਂਦਿਆਂ ਖੇਡਾਂ ਨੂੰ ਸੂਬੇ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਅਤੇ ਖਾਸ ਕਰਕੇ ਉਹਨਾਂ ਖੇਡਾਂ ਦੀ ਸੰਭਾਲ 'ਤੇ ਜ਼ੋਰ ਦਿੱਤਾ ਗਿਆ, ਜੋ ਲੰਬੇ ਸਮੇਂ ਤੋਂ ਇਸ ਖੇਤਰ ਦੀ ਪਹਿਚਾਣ ਬਣੀਆਂ ਹੋਈਆਂ ਹਨ।ਵਿੱਤ ਮੰਤਰੀ ਹਰਪਾਲ ਚੀਮਾ ਨੇ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਪਹਿਲ ਕਦਮੀ ਤਹਿਤ ਕਰਵਾਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਹਰ ਉਮਰ ਵਰਗ ਦੇ ਖਿਡਾਰੀਆਂ ਵਲੋਂ ਸਰਗਰਮੀ ਨਾਲ ਸ਼ਮੂਲੀਅਤ ਕੀਤੀ ਗਈ, ਜਿਸ ਨੇ ਪੰਜਾਬ ਦੇ ਖੇਡਾਂ ਦੇ ਖੇਤਰ ਵਿੱਚ ਨਵਾਂ ਅਧਿਆਏ ਜੋੜ ਦਿੱਤਾ ਹੈ। ਇਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਵਿੱਤ ਮੰਤਰੀ ਵਲੋਂ ਆਪਣੇ ਅਖ਼ਤਿਆਰੀ ਫੰਡ ਵਿਚੋਂ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀ ਯਾਦ ਵਿੱਚ ਓਲੰਪੀਅਨ ਸੁਰਜੀਤ ਹਾਕੀ ਸੁਸਾਇਟੀ ਨੂੰ ਹਾਕੀ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ਼ ਕਰਨ ਅਤੇ ਭਵਿੱਖੀ ਹੁਨਰ ਨੂੰ ਤਰਾਸ਼ਣ ਲਈ 50 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਵਰਗਵਾਸੀ ਸੁਰਜੀਤ ਸਿੰਘ ਵੀ 1975 ਵਿਸ਼ਵ ਕੱਪ ਜੇਤੂ ਟੀਮ ਦੇ ਮੈਂਬਰ ਸਨ। ਭਾਰਤੀ ਹਾਕੀ ਦੇ ਪ੍ਰਸਿੱਧ ਫੁੱਲਬੈਕ ਖਿਡਾਰੀ ਸੁਰਜੀਤ ਸਿੰਘ ਨਾਲ 7 ਜਨਵਰੀ 1984 ਨੂੰ ਵਾਪਰੇ ਸੜਕ ਦੁਖਾਂਤਕ ਹਾਦਸੇ ਵਿੱਚ ਇਸ ਦੁਨੀਆ ਤੋਂ ਸਦਾ ਲਈ ਤੁਰ ਗਏ ਸਨ। ਉਨ੍ਹਾਂ ਕਿਹਾ ਕਿ ਇਸ ਮਹਾਨ ਖਿਡਾਰੀ ਦੀ ਯਾਦ ਵਿੱਚ ਬਣੀ ਸੁਰਜੀਤ ਹਾਕੀ ਸੁਸਾਇਟੀ ਪਿਛਲੇ 41 ਸਾਲਾਂ ਤੋਂ ਹਾਕੀ ਖੇਡ ਦੀ ਸੇਵਾ ਕਰਦੀ ਆ ਰਹੀ ਹੈ, ਜਿਸ ਲਈ ਸੁਸਾਇਟੀ ਦੇ ਅਹੁਦੇਦਾਰ ਵਧਾਈ ਦੀ ਪਾਤਰ ਹਨ।ਉਨ੍ਹਾਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਹਾਕੀ ਟੀਮ ਨੇ ਇਸ ਵਾਰ ਪੈਰਿਸ ਓਲੰਪਿਕਸ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਇਸ ਟੀਮ ਵਿੱਚ ਕਪਤਾਨ ਸਮੇਤ 10 ਖਿਡਾਰੀ ਪੰਜਾਬ ਦੇ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਹਰ ਹਾਕੀ ਖਿਡਾਰੀ ਨੂੰ 1-1 ਕਰੋੜ ਰੁਪਏ ਦਿੱਤਾ ਗਿਆ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿੱਚ 9 ਹਾਕੀ ਖਿਡਾਰੀਆਂ ਨੂੰ ਪੀ.ਸੀ.ਐਸ. ਤੇ ਡੀ.ਐਸ.ਪੀ. ਦੀ ਨੌਕਰੀ ਦਿੱਤੀ।ਵਿੱਤ ਮੰਤਰੀ ਨੇ ਕਿਹਾ ਕਿ 1975 ਹਾਕੀ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦੇ ਖਿਡਾਰੀਆਂ ਨੂੰ ਸਨਮਾਨਤ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਟੂਰਨਾਮੈਂਟ ਵਿੱਚ ਪਹੁੰਚ ਕੇ ਟੀਮ ਦੇ ਕਪਤਾਨ ਪਦਮ ਅਜੀਤ ਪਾਲ ਸਿੰਘ, ਬ੍ਰਿਗੇਡੀਅਰ ਹਰਚਰਨ ਸਿੰਘ, ਅਸ਼ੋਕ ਕੁਮਾਰ, ਧਿਆਨ ਚੰਦ, ਅਸਲਮ ਸ਼ੇਰ ਖਾਨ, ਬੀਪੀ ਗੋਵਿੰਦਾ, ਐਚ ਜੇ ਐਸ ਚਿਮਨੀ, ਪੀ ਸੀ ਕਲਹੀਆ, ਓਂਕਾਰ ਸਿੰਘ ਤੇ ਲੈਜਲੀ ਫਰਨਾਂਡੇਜ਼ ਨੇ ਹਾਕੀ ਦਾ ਮਾਣ ਵਧਾਇਆ ਹੈ। ਉਨ੍ਹਾਂ ਵਲੋਂ ਟੀਮਾਂ ਦੇ ਖਿਡਾਰੀਆਂ ਨਾਲ ਜਾਣ-ਪਹਿਚਾਣ ਵੀ ਕੀਤੀ ਗਈ। ਇਸ ਤੋਂ ਪਹਿਲਾਂ ਪੰਜਾਬੀ ਗਾਇਕ ਜਸਬੀਰ ਜੱਸੀ ਵਲੋਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਵੀ ਕੀਤਾ ਗਿਆ।ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਡਾਕਟਰ ਹਿਮਾਂਸ਼ੂ ਅਗਰਵਾਲ ਨੇ ਮੁੱਖ ਮਹਿਮਾਨ ਅਤੇ 1975 ਹਾਕੀ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦੇ ਖਿਡਾਰੀਆਂ ਸਮੇਤ ਹਾਜ਼ਰੀਨ ਦਾ ਸਵਾਗਤ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਿਲਕਫ਼ੈਡ ਨਰਿੰਦਰ ਸਿੰਘ ਸ਼ੇਰਗਿੱਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਮੰਗਲ ਸਿੰਘ, ਸੀਨੀਅਰ ਆਪ ਲੀਡਰ ਦੀਪਕ ਬਾਲੀ, ਰਾਜਵਿੰਦਰ ਕੌਰ ਥਿਆੜਾ, ਪਵਨ ਕੁਮਾਰ ਟੀਨੂੰ, ਦਿਨੇਸ਼ ਢੱਲ, ਐਨ ਆਰ ਆਈ ਅਮੋਲਕ ਸਿੰਘ ਗਾਖਲ, ਸੋਸਾਇਟੀ ਦੇ ਹੋਰ ਅਹੁਦੇਦਾਰ ਅਤੇ ਭਾਰੀ ਗਿਣਤੀ ਵਿੱਚ ਖੇਡ ਪ੍ਰੇਮੀ ਸ਼ਾਮਿਲ ਸਨ।

# ਪੰਜਾਬ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਸ੍ਰੀ ਚਮਕੌਰ ਸਾਹਿਬ (ਗੁਰਬਿੰਦਰ ਸਿੰਘ)**- ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਬੱਚਿਆਂ ਨੇ 68ਵੀਆਂ ਪੰਜਾਬ ਸਕੂਲ ਜ਼ੋਨਲ ਖੇਡਾਂ (ਅਥਲੈਟਿਕਸ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 47 ਮੈਡਲ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਉਮਰ ਵਰਗ ਅੰਡਰ 14 ਲੜਕਿਆਂ ਨੇ ਅੱਠ ਮੈਡਲ ਹਾਸਿਲ ਕੀਤੇ, ਅੰਡਰ 17 ਲੜਕਿਆਂ ਨੇ ਛੇ ਮੈਡਲ ਜਿੱਤੇ ਅਤੇ ਅੰਡਰ 19 ਲੜਕਿਆਂ ਦੇ 12 ਮੈਡਲ ਪ੍ਰਾਪਤ ਕੀਤੇ। ਇਸੇ ਤਰ੍ਹਾਂ ਅੰਡਰ 14 ਲੜਕੀਆਂ ਨੇ ਪੰਜ ਮੈਡਲ, ਅੰਡਰ 17 ਲੜਕੀਆਂ ਨੇ ਛੇ ਮੈਡਲ ਅਤੇ ਅੰਡਰ 19 ਲੜਕੀਆਂ ਨੇ 7 ਮੈਡਲ ਜਿੱਤ ਕੇ ਆਪਣਾ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ। ਜਮਾਤ ਬਾਰ੍ਹਵੀਂ ਦੇ ਅਰਸ਼ਪ੍ਰੀਤ ਸਿੰਘ 100 ਮੀਟਰ ਅਤੇ 200 ਮੀਟਰ ਰੇਸ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਬਾਰ੍ਹਵੀਂ ਆਰਟਸ ਦੇ ਵਿਦਿਆਰਥੀ ਮਨਸਹਿਜ ਸਿੰਘ ਨੇ ਡਿਸਕਸ ਅਤੇ ਸ਼ਾਟਪੁੱਟ ਵਿੱਚ ਕ੍ਰਮਵਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।ਜਮਾਤ ਅੱਠਵੀਂ ਦੇ ਐਸ਼ਪ੍ਰੀਤ ਸਿੰਘ ਨੇ ਸ਼ਾਟਪੁੱਟ ਅਤੇ 100 ਮੀਟਰ ਰੇਸ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ। ਸੱਤਵੀਂ ਦੀ ਅਮੀਸ਼ਾ ਵਰਮਾ ਨੇ ਡਿਸਕਸ ਅਤੇ ਸ਼ਾਰਟ ਪੁੱਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਨੌਵੀਂ ਸੀ ਦੀ ਵਿਦਿਆਰਥਣ ਸਹਿਜਦੀਪ ਕੌਰ ਨੇ ਡਿਸਕਸ ਅਤੇ ਜੈਵਲਿਨ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਪ੍ਰਾਪਤੀ 'ਤੇ ਮੈਡਮ ਸ਼ਿੰਦਰਪਾਲ ਕੌਰ ਅਟਵਾਲ (ਮੈਨੇਜਿੰਗ ਡਾਇਰੈਕਟਰ) ਅਤੇ ਗੁਰਦੇਵ ਸਿੰਘ ਅਟਵਾਲ (ਪ੍ਰਬੰਧਕ) ਮੈਨੇਜਰ ਪ੍ਰੀਤਪਾਲ ਕੌਰ ਅਟਵਾਲ ਨੇ ਬੱਚਿਆਂ ਸਮੂਹ ਸਟਾਫ ਅਤੇ ਮਾਪਿਆਂ ਨੂੰ ਵੀ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਸੁਰਜੀਤ ਸਿੰਘ ਅਤੇ ਵਾਈਸ ਪ੍ਰਿੰਸੀਪਲ ਮਨਦੀਪ ਕੌਰ ਮਾਹਲ ਨੇ ਸਮੂਹ ਖੇਡ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ। ਸੁਰਜੀਤ ਸਿੰਘ ਨੇ ਨਿਰਮਲਜੀਤ ਸਿੰਘ (ਸਪੋਰਟਸ ਹੈਡ) ਹਰਮਨਪ੍ਰੀਤ ਸਿੰਘ (ਸਪੋਰਟਸ ਕੋਆਰਡੀਨੇਟਰ) ਸਤਨਾਮ ਸਿੰਘ (ਡੀ.ਪੀ.ਈ) ਅਤੇ ਬੇਅੰਤ ਕੌਰ (ਡੀ.ਪੀ.ਈ ) ਨੂੰ ਉਨਾਂ ਦੀ ਮਿਹਨਤ ਲਈ ਖਾਸ ਤੌਰ 'ਤੇ ਵਧਾਈ ਦਿੱਤੀ।

# ਨਸ਼ੀਲੀਆਂ ਗੋਲੀਆਂ ਸਣੇ ਕਾਬੂ

**ਬਲਾਚੌਰ (ਜਸਵਿੰਦਰ ਬੈਂਸ)**-ਸਬ-ਇੰਸਪੈਕਟਰ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਅਤੇ ਏ ਐੱਸ ਆਈ ਸੁਭਾਸ਼ ਚੰਦ ਦੀ ਟੀਮ ਨੇ ਅਵਤਾਰ ਸਿੰਘ ਉਰਫ ਸੋਢੀ ਪੁੱਤਰ ਕੇਵਲ ਰਾਮ ਵਾਸੀ ਜੈਨਪੁਰ ਥਾਣਾ ਸਦਰ ਬਲਾਚੌਰ ਦਰਜ ਰਜਿਸਟਰ ਕੀਤਾ ਗਿਆ।ਉਕਤ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 80 ਨਸ਼ੀਲੀਆਂ ਗੋਲੀਆਂ ਬਰਮਾਦ ਕੀਤੀਆਂ। ਉਕਤ ਵਿਅਕਤੀ ਨੂੰ ਅਦਾਲਤ ਵਿਚ ਪੇਸ਼ ਕਰਕੇ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਤੇ ਉਸ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ਼ਕਤੀ ਪੰਪਸ (ਇੰਡੀਆ) ਲਿਮਟਿਡ ਨੇ ਵਿੱਤੀ ਨਤੀਜਿਆਂ ਦੀ ਘੋਸ਼ਣਾ ਕੀਤੀ

**ਅੰਮ੍ਰਿਤਸਰ** : ਸ਼ਕਤੀ ਪੰਪਸ (ਇੰਡੀਆ) ਲਿਮਟਿਡ (ਐਸ ਪੀ ਆਈ ਐਲ) ਨੇ 30 ਸਤੰਬਰ 2024 ਨੂੰ ਖਤਮ ਹੋਣ ਵਾਲੀ ਤਿਮਾਹੀ ਅਤੇ ਛਿਮਾਹੀ ਲਈ ਵਿੱਤੀ ਨਤੀਜਿਆਂ ਦੀ ਘੋਸ਼ਣਾ ਕੀਤੀ ਹੈ। ਸ਼ਕਤੀ ਪੰਪਸ (ਇੰਡੀਆ) ਲਿਮਟਿਡ ਦੇ ਚੇਅਰਮੈਨ ਦਿਨੇਸ਼ ਪਟੀਦਾਰ ਨੇ ਕੰਪਨੀ ਦੇ ਹਾਲੀਆ ਪ੍ਰਦਰਸ਼ਨ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਕਿ ਸਾਨੂੰ ਇਹ ਐਲਾਨ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਡੀ ਕੰਪਨੀ ਨੇ ਇੱਕ ਹੋਰ ਤਿਮਾਹੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਜਿਸ ਵਿੱਚ ਆਮਦਨੀ ਵਿੱਚ ਮਹੱਤਵਪੂਰਨ ਵਾਧਾ ਅਤੇ ਮੁਨਾਫੇ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਇਸ ਨੇ ਵਿੱਤੀ ਸਾਲ ਦੇ ਪਹਿਲੇ ਛੇ ਮਹੀਨਿਆਂ ਨੂੰ ਵੀ ਮਹੱਤਵਪੂਰਨ ਬਣਾ ਦਿੱਤਾ ਹੈ। ਸਾਡੀਆਂ ਕਾਮਯਾਬੀਆਂ ਘਰੇਲੂ ਅਤੇ ਅੰਤਰਰਾਸ਼ਟਰੀ ਦੋਵੇਂ ਖੇਤਰਾਂ ਵਿੱਚ ਆਰਡਰਾਂ ਦੇ ਤੇਜ਼ੀ ਨਾਲ ਨਿਭਾਉ ਦਾ ਸਿੱਧਾ ਨਤੀਜਾ ਹਨ। ਮਾਰਜਨ ਵਿੱਚ ਵੀ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ, ਜੋ ਮੁੱਖ ਤੌਰ 'ਤੇ ਸਕੇਲ ਦੀਆਂ ਆਰਥਿਕਤਾਵਾਂ ਨੂੰ ਸਫਲ ਕਰਨ ਕਾਰਨ ਹੋਇਆ ਹੈ, ਜਿਸ ਨੂੰ ਤਿਮਾਹੀ ਦੌਰਾਨ ਵਧੇਰੇ ਓਪਰੇਸ਼ਨਲ ਸਰਗਰਮੀਆਂ ਦੁਆਰਾ ਵਧੀਆ ਬਣਾਇਆ ਗਿਆ ਸੀ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਅਰਵਿੰਦ ਪ੍ਰਕਾਸ਼ ਵਰਮਾ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫ਼ਾਸਟ ਟਰੈਕ ਕੋਰਟ ਫਾਰ ਐਨ.ਆਰ.ਆਈ'ਜ਼, ਕਪੂਰਥਲਾ।

ਕੇਸ ਨੰਬਰ 36-41/DRO/FTC/NRI ਤਾਰੀਖ ਦਾਇਰ 01/08/2024
ਤਕਸੀਮ ਖੇਵਟ ਨੰਬਰ 75,77, 78, 79, 94, 96
ਖਤੌਨੀ ਨੰਬਰ 108-109, 128, 129, 130, 146, 148 ਮੁਤਾਬਿਕ ਜਮ੍ਹਾਂਬੰਦੀ ਸਾਲ 2019-20
ਵਾਕਿਆ ਰਕਬਾ ਪਿੰਡ ਫਤੇਗੜ੍ਹ, ਹਦਬਸਤ ਨੰਬਰ 70, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ

1. ਰਨਜੀਤ ਕੌਰ ਵਿਧਵਾ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 2. ਸੰਦੀਪ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 3. ਸੁਨੀਤਾ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 4.ਹਰਦੀਪ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 5. ਸਲੀਨਾ ਕੁਲਜੀਤ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ

ਸਾਰੇ ਵਾਸੀਆਨ 32, Johnston Street, West Bromwich, United Kingdom. ਰਾਹੀਂ ਬਜਰੀਆ ਮੁਖਤਾਰ ਖਾਸ ਕਿਰਤ ਪਾਲ ਪੁੱਤਰ ਤਰਸੇਮ ਲਾਲ ਵਾਸੀ ਮਕਾਨ ਨੰਬਰ 3095 ਫੇਜ਼ 7 ਮੋਹਾਲੀ। (ਫਰੀਕ ਅੱਵਲ)

ਬਨਾਮ

1. ਜੋਗਾ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 2. ਜਰਨੈਲ ਸਿੰਘ ਪੁੱਤਰ ਰਾਮ ਲੋਕ ਪੁੱਤਰ ਰੁਲੀਆ, 3. ਸੁਰਿੰਦਰ ਕੌਰ ਪਤਨੀ ਬਲਦੇਵ ਸਿੰਘ ਪੁੱਤਰ ਹਰਭਜਨ ਸਿੰਘ, 4. ਜਸਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ ਵਾਸੀ ਫਤਿਹਗੜ੍ਹ, ਫਗਵਾੜਾ, 5. ਜਸਵੀਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 6. ਸਰਬਜੀਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 7. ਹਰਜਿੰਦਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 8. ਅਮਰਜੀਤ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਹਰਭਜਨ ਸਿੰਘ, 9. ਗੁਰਜੀਤ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਹਰਭਜਨ ਸਿੰਘ, 10. ਸੁਖਜੀਤ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਹਰਭਜਨ ਸਿੰਘ, 11. ਗੁਰਨਾਮ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਮੇਹਰ ਸਿੰਘ, 12. ਬਲਦੇਵ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਹਾਕਮ ਸਿੰਘ, 13. ਸੁਖਜੀਤ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਹਾਕਮ ਸਿੰਘ, 14. ਬਤਨ ਸਿੰਘ ਪੁੱਤਰ ਗੁਰਦਿੱਤਾ ਪੁੱਤਰ ਬੁਝਾ, 15. ਮਾਇਆ ਮਾਤਾ ਸੀਬਾ ਪੁੱਤਰ ਧੰਨਾ, 16. ਗੁਰਨਾਮ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਮੇਹਰ ਸਿੰਘ, 17. ਹਜਾਰਾ ਸਿੰਘ ਪੁੱਤਰ ਅਮੀ ਚੰਦ ਪੁੱਤਰ ਵਜੀਰਾ, 18. ਕੇਵਲ ਸਿੰਘ ਪੁੱਤਰ ਰਾਮ ਲੋਕ ਪੁੱਤਰ ਰੁਲੀਆ, 19. ਗੰਡਾ ਸਿੰਘ ਪੁੱਤਰ ਰੁਲੀਆ ਪੁੱਤਰ ਹੀਰਾ, 20. ਮਾਇਆ ਦੇਵੀ ਵਿਧਵਾ ਗੁਰਦਿੱਤਾ ਪੁੱਤਰ ਬੁਝਾ, 21. ਸੰਤੋਖ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਭ ਸਿੰਘ, 22. ਹਰੀ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਭ ਸਿੰਘ, 23. ਅਮਰੀਕ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਭ ਸਿੰਘ, 24. ਜਰਨੈਲ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਭ ਸਿੰਘ, 25. ਗੁਰਮੇਲ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਭ ਸਿੰਘ, 26. ਬਰਿਜ ਮੋਹਨ ਪੁੱਤਰ ਬਨਾਰਸੀ ਦਾਸ ਪੁੱਤਰ ਮੇਲਾ, 27. ਪਿਆਰਾ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਅਮੀ ਚੰਦ, 28.ਹਰਜੀਤ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਅਮੀ ਚੰਦ, 29. ਅਵਤਾਰ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਅਮੀ ਚੰਦ, 30. ਮੱਖਣ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਅਮੀ ਚੰਦ, 31. ਬੂਟਾ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਅਮੀ ਚੰਦ, 32 ਸੁਰਜੀਤ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਰਾਮ ਲੋਕ, 33. ਸੋਹਣ ਲਾਲ ਪੁੱਤਰ ਬੰਸੀ ਦਾਸ ਪੁੱਤਰ ਭਗਤ ਰਾਮ, 34. ਰਾਜ ਕੁਮਾਰ ਪੁੱਤਰ ਬੰਸੀ ਦਾਸ ਪੁੱਤਰ ਭਗਤ ਰਾਮ, 35. ਕਰਿਸ਼ਨ ਕੁਮਾਰ ਪੁੱਤਰ ਬੰਸੀ ਦਾਸ ਪੁੱਤਰ ਭਗਤ ਰਾਮ।

ਸਾਰੇ ਵਾਸੀਆਨ ਪਿੰਡ ਫਤੇਹਗੜ੍ਹ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ

36. ਪ੍ਰਾਇਮਰੀ ਕੋਆਪਰੇਟਿਵ ਡਿਵੈੱਲਪਮੈਂਟ ਬੈਂਕ ਲਿਮਟਿਡ, ਬਰਾਂਚ ਫਗਵਾੜਾ, 37. ਕਪੂਰਥਲਾ ਸੈਂਟਰਲ ਕੋਆਪਰੇਟਿਵ ਲਿਮਟਿਡ ਬੈਂਕ ਬਰਾਂਚ ਵਾਹਦ, ਐਂਡ ਮਾਣਕ ਫਗਵਾੜਾ, 38. ਪੰਜਾਬ ਨੈਸ਼ਨਲ ਬੈਂਕ ਬਰਾਂਚ ਮਾਣਕ ਵਾਹਦ ਫਗਵਾੜਾ, 39. ਸਟੇਟ ਬੈਂਕ ਆਫ ਇੰਡੀਆ, ਬਰਾਂਚ ਫਗਵਾੜਾ, 40. ਕੈਪੀਟਲ ਸਮਾਲ ਫਾਈਨੈਂਸ ਬੈਂਕ ਲਿਮਟਿਡ ਬਰਾਂਚ ਮਾਡਲ ਟਾਊਨ ਜੀ.ਟੀ. ਰੋਡ ਫਗਵਾੜਾ, 41. ਫਗਵਾੜਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਫਗਵਾੜਾ।

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਕਿ ਉਪਰ ਲਿਖੇ ਫਰੀਕੈਨ ਦੋਇਮ ਦੀ ਸਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ।ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨ ਦੋਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਨ੍ਹਾਂ ਦੇ ਵਾਰਸ ਰਾਹੀਂ ਕੌਂਸਲ ਮਿਤੀ 05/11/2024 ਨੂੰ ਦੁਪਹਿਰ 12 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ।ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 22/10/2024 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।
ਨੰਬਰ 647/ਰੀਡਰ ਮਿਤੀ : 24/10/2024
ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈਜ਼, ਕਪੂਰਥਲਾ।



## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਅਰਵਿੰਦ ਪ੍ਰਕਾਸ਼ ਵਰਮਾ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫ਼ਾਸਟ ਟਰੈਕ ਕੋਰਟ ਫਾਰ ਐਨ.ਆਰ.ਆਈ'ਜ਼, ਕਪੂਰਥਲਾ।

ਕੇਸ ਨੰਬਰ 23-35 /DRO/FTC/NRI ਤਾਰੀਖ ਦਾਇਰ 01/08/2024
ਤਕਸੀਮ ਖੇਵਟ ਨੰਬਰ 58, 59, 60, 61, 62, 67, 68, 70, 99, 172, 195, 196
ਖਤੌਨੀ ਨੰਬਰ 133, 134, 135, 136, 137, 139, 142-143, 144, 177-179, 272-274, 302-305 ਮੁਤਾਬਿਕ ਜਮ੍ਹਾਂਬੰਦੀ ਸਾਲ 2017-18,
ਵਾਕਿਆ ਰਕਬਾ ਪਿੰਡ ਢੱਕ ਖਲਵਾੜਾ, ਹਦਬਸਤ ਨੰਬਰ 69, ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ।
ਕੇਸ ਨੰਬਰ 42/DRO/FTC/NRI ਤਾਰੀਖ ਦਾਇਰ 01/08/2024
ਤਕਸੀਮ ਖੇਵਟ ਨੰਬਰ 197 ਖਤੌਨੀ ਨੰਬਰ 229 ਮੁਤਾਬਿਕ ਜਮ੍ਹਾਂਬੰਦੀ ਸਾਲ 2016-17 ਵਾਕਿਆ ਰਕਬਾ ਪਿੰਡ ਖਲਵਾੜਾ, ਹਦਬਸਤ ਨੰਬਰ 70, ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ।
ਕੇਸ ਨੰਬਰ 43/DRO/FTC/NRI ਤਾਰੀਖ ਦਾਇਰ 01/08/2024
ਤਕਸੀਮ ਖੇਵਟ ਨੰਬਰ 153 ਖਤੌਨੀ ਨੰਬਰ 196 ਮੁਤਾਬਿਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਪੰਡੋਰੀ ਹਦਬਸਤ ਨੰਬਰ 38, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ।

1. ਰਨਜੀਤ ਕੌਰ ਵਿਧਵਾ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 2. ਸੰਦੀਪ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 3. ਸਨੀਤਾ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 4. ਹਰਦੀਪ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 5. ਸਲੀਨਾ ਕੁਲਜੀਤ ਕੌਰ ਪੁੱਤਰੀ ਬਹਾਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ

ਸਾਰੇ ਵਾਸੀਆਨ 32, Johnston Street, West Bromwich, United Kingdom. ਰਾਹੀਂ ਬਜਰੀਆ ਮੁਖਤਾਰ ਖਾਸ ਕਿਰਤ ਪਾਲ ਪੁੱਤਰ ਤਰਸੇਮ ਲਾਲ ਵਾਸੀ ਮਕਾਨ ਨੰਬਰ 3095 ਫੇਜ਼ 7 ਮੋਹਾਲੀ। ( ਫਰੀਕ ਅੱਵਲ)

ਬਨਾਮ

1. ਜੋਗਾ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ , 2. ਜਸਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ ਵਾਸੀ ਫਤਿਹਗੜ੍ਹ, ਫਗਵਾੜਾ, 3. ਜਸਵੀਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 4. ਸਰਬਜੀਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 5. ਕੁਲਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 5. ਹਰਜਿੰਦਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 6. ਜਰਨੈਲ ਸਿੰਘ ਪੁੱਤਰ ਰਾਮ ਲੋਕ ਪੁੱਤਰ ਰੁਲੀਆ, 7. ਦਿਲਬਾਗ ਬੰਗਾ ਪੁੱਤਰ ਫਕੀਰ ਚੰਦਰ ਪੁੱਤਰ ਮਿਲਖੀ ਰਾਮ, 8. ਹਰਵਿੰਦਰ ਕੌਰ ਪੁੱਤਰੀ ਬਖਸ਼ੀਸ਼ ਸਿੰਘ ਪੁੱਤਰ ਰਾਮ ਲੋਕ, 9. ਸੁਰਜੀਤ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਰਾਮ ਲੋਕ, 10. ਰਜਿੰਦਰ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਮੰਗਲ ਸਿੰਘ 11. ਸੁਖਵੰਤ ਕੌਰ ਵਿਧਵਾ ਅਮਰ ਸਿੰਘ ਪੁੱਤਰ ਮੰਗਲ ਸਿੰਘ 12. ਬਲਜਿੰਦਰ ਕੌਰ ਪੁੱਤਰੀ ਅਮਰ ਸਿੰਘ ਪੁੱਤਰ ਮੰਗਲ ਸਿੰਘ 13. ਬਲਜਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਹਜ਼ਾਰਾ ਸਿੰਘ, 14. ਬਹਾਦਰ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਹਜ਼ਾਰਾ ਸਿੰਘ, 15. ਰਾਮ ਪਿਆਰੀ ਵਿਧਵਾ ਦੌਲੀ ਰਾਮ ਪੁੱਤਰ ਜੀਵਾ, 16. ਦੇਬੋ ਪੁੱਤਰੀ ਦੌਲੀ ਰਾਮ ਪੁੱਤਰ ਜੀਵਾ, 17. ਜਗੀਰੋ ਪੁੱਤਰੀ ਦੌਲੀ ਰਾਮ ਪੁੱਤਰ ਜੀਵਾ, 18. ਰਾਮ ਆਸਰੀ ਪੁੱਤਰੀ ਦੌਲੀ ਰਾਮ ਪੁੱਤਰ ਜੀਵਾ, 19. ਯਸ਼ਪਾਲ ਪੁੱਤਰ ਦੌਲੀ ਰਾਮ ਪੁੱਤਰ ਜੀਵਾ, 20. ਧਰਮਪਾਲ ਪੁੱਤਰ ਦੌਲੀ ਰਾਮ ਪੁੱਤਰ ਜੀਵਾ ਵਾਸੀ ਖਲਵਾੜਾ, 21. ਮੋਹਨ ਸਿੰਘ ਪੁੱਤਰ ਜੋਗਿੰਦਰ ਰਾਮ, 22. ਬਿਮਲਾ ਕੌਰ ਪਤਨੀ ਕਸ਼ਮੀਰ ਸਿੰਘ ਪੁੱਤਰ ਵਰਿਆਮ ਸਿੰਘ, 23. ਹਰਵਿੰਦਰ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਮੰਗਲ ਸਿੰਘ, ਸਾਰੇ ਵਾਸੀਆਨ ਪਿੰਡ ਖਲਵਾੜਾ, ਪੰਡੋਰੀ ਢੱਕ, ਖਲਵਾੜਾ, ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ, 24. ਪ੍ਰਾਇਮਰੀ ਕੋਆਪਰੇਟਿਵ ਡਿਵੈੱਲਪਮੈਂਟ ਬੈਂਕ ਲਿਮਟਿਡ, ਬਰਾਂਚ ਫਗਵਾੜਾ , 25. ਕਪੂਰਥਲਾ ਸੈਂਟਰਲ ਕੋਆਪਰੇਟਿਵ ਲਿਮਟਿਡ ਬੈਂਕ ਬਰਾਂਚ ਵਾਹਦ ਐਂਡ ਮਾਣਕ ਫਗਵਾੜਾ, 26. ਪੰਜਾਬ ਨੈਸ਼ਨਲ ਬੈਂਕ ਬਰਾਂਚ ਮਾਣਕ ਵਾਹਦ ਫਗਵਾੜਾ , 27. ਸਟੇਟ ਬੈਂਕ ਆਫ ਇੰਡੀਆ, ਬਰਾਂਚ ਫਗਵਾੜਾ, 28. ਕੈਪੀਟਲ ਸਮਾਲ ਫਾਈਨੈਂਸ ਬੈਂਕ ਲਿਮਟਿਡ ਬਰਾਂਚ ਮਾਡਲ ਟਾਊਨ ਜੀ.ਟੀ ਰੋਡ ਫਗਵਾੜਾ, 29. ਫਗਵਾੜਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਫਗਵਾੜਾ, 30. ਐਚ ਡੀ ਐਫ ਸੀ ਬਰਾਂਚ ਫਗਵਾੜਾ।

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਕਿ ਉਪਰ ਲਿਖੇ ਫਰੀਕੈਨ ਦੋਇਮ ਦੀ ਸਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ।ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨ ਦੋਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਨ੍ਹਾਂ ਦੇ ਵਾਰਸ ਜਾ ਰਾਹੀਂ ਕੌਂਸਲ ਮਿਤੀ 05/11/2024 ਨੂੰ ਦੁਪਹਿਰ 12 ਵਜੇ ਅਸਾਲਤਨ ਜਾਂ ਵਕਾਲਤਨ ਹਾਜਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ।ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 22/10/2024 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।
ਨੰਬਰ 646 /ਰੀਡਰ ਮਿਤੀ : 24/10/2024.
ਜ਼ਿਲ੍ਹਾ ਮਾਲ ਅਫਸਰ-ਕਮ- ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈ'ਜ਼, ਕਪੂਰਥਲਾ।



## ਇਸ਼ਤਿਹਾਰ

ਬਾ:ਅਦਾਲਤ ਸ੍ਰੀ ਅਨੁਦੀਪ ਸ਼ਰਮਾ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅਵੱਲ, ਜਲੰਧਰ-1

ਤਰਸੇਮ ਲਾਲ ਬਨਾਮ ਅਸ਼ਵਨੀ ਕੁਮਾਰ ਵਗੈਰਾ

ਉਕਤ ਮੁਕਦਮੇ ਵਿਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ ਦੀ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਖੁਦ ਜਾਂ ਆਪਣੇ ਵਕੀਲ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 14-11-2024 ਤੱਕ ਪੇਸ਼ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਯਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਕੇਸ ਦਾ ਫੈਸਲਾ ਤੁਹਾਡੀ ਹਾਜ਼ਰੀ ਦੇ ਵਗੈਰ ਕਰ ਦਿੱਤਾ ਜਾਵੇਗਾ।

1.ਅਸ਼ਵਨੀ ਕੁਮਾਰ ਪੁੱਤਰ ਰਾਜ ਪਾਲ ਵਾਸੀ ਪਿੰਡ ਤੇ ਡਾਕਖਾਨਾ ਬੋਹਾਨੀ ਜਿਲ੍ਹਾ ਕਪੂਰਥਲਾ। 2.ਨਰਿੰਦਰ ਕੁਮਾਰ ਪੁੱਤਰ ਰਾਜ ਪਾਲ ਵਾਸੀ ਪਿੰਡ ਤੇ ਡਾਕਖਾਨਾ ਬੋਹਾਨੀ ਜਿਲ੍ਹਾ ਕਪੂਰਥਲਾ। 3.ਸ਼ੀਲਾ ਦੇਵੀ ਵਿਧਵਾ ਰਾਜ ਪਾਲ ਵਾਸੀ ਪਿੰਡ ਤੇ ਡਾਕਖਾਨਾ ਬੋਹਾਨੀ ਜਿਲ੍ਹਾ ਕਪੂਰਥਲਾ। 4. ਸਤਪਾਲ ਪੁੱਤਰ ਲਕਸ਼ਮਨ ਦਾਸ ਵਾਸੀ ਪਜੇਰੀਓ ਗਰੋਸਰੀਸ ਸਟੋਰ ਗੁੰਟਰਵਿਲੇ ਜਿਪ 35955 ਅਲਾਬਾਮਾ ਯੂ. ਐਸ. ਏ। 5.ਸੁਰਿੰਦਰ ਕੌਰ ਪਤਨੀ ਮੇਵਾ ਸਿੰਘ ਵਾਸੀ ਗਲੀ ਨੰ: 2 ਮੁਹੱਲਾ ਗੋਬਿੰਦਪੁਰਾ ਨਜਦੀਕ ਗੁਰਦਵਾਰਾ, ਫਗਵਾੜਾ ਜਿਲ ਕਪੂਰਥਲਾ। 6.ਵੀਨਾ ਰਾਣੀ ਪਤਨੀ ਮੰਗਤ ਰਾਏ ਵਾਸੀ ਪਿੰਡ ਮਦਾਰਾ ਤਹਿਸੀਲ ਵਾ ਜਿਲ੍ਹਾਜਲੰਧਰ। 7.ਕਮਲਾ ਰਾਣੀ ਪਤਨੀ ਗੁਰਚੈਨ ਰਾਮ ਵਾਸੀ ਪਿੰਡ ਮਦਾਰਾ ਤਹਿਸੀਲ ਵਾ ਜਿਲ੍ਹਾ ਜਲੰਧਰ। 8.ਸੰਜੀਵ ਕੁਮਾਰ ਪੁੱਤਰ ਲੇਟ ਜਸਵਿੰਦਰ ਕੁਮਾਰ ਵਾਸੀ ਪਿੰਡ ਤੇ ਡਾਕਖਾਨਾ ਬੋਹਾਨੀ ਜਿਲ੍ਹਾ ਕਪੂਰਥਲਾ।

ਤਕਸੀਮ ਕੇਸ ਬਾਬਤ ਖੇਵਟ ਨੰ: 275/273 ਖਤੌਨੀ ਨੰਬਰ 295 ਵਾਕਿਆ ਰਕਬਾ ਪਿੰਡ ਸਰਨਾਣਾ ਤਹਿਸੀਲ ਜਲੰਧਰ।

ਅੱਜ ਮਿਤੀ 25-10-24 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
ਨੰ. 735/ਰੀਡਰ ਮਿਤੀ 25-10-2024
ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1
(1015)


# ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ-ਸਕੂਲ ਢੰਡੋਵਾਲ 'ਚ ਸਲਾਨਾ ਸਪੋਰਟਸ ਮੀਟ ਕਰਵਾਈ



**ਸ਼ਾਹਕੋਟ (ਗਿਆਨ ਸੈਦਪੁਰੀ)** -ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਫਾਰ ਵਿਮਨ ਅਤੇ ਸੀਨੀਅਰ ਸੈਕੰਡਰੀ ਸਕੂਲ ਢੰਡੋਵਾਲ ਵਿਚ ਸਲਾਨਾ ਸਪੋਰਟਸ ਮੀਟ ਕਰਵਾਈ ਗਈ। ਸੰਸਥਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਦੇਵ ਸਿੰਘ ਚੱਠਾ ਅਤੇ ਸਮੂਹ ਪ੍ਰਬੰਧਕ ਕਮੇਟੀ ਦੀ ਅਗਵਾਈ ਅਤੇ ਸਕੂਲ ਪ੍ਰਿੰਸੀਪਲ ਰੇਖਾ ਰਾਣੀ, ਕਾਲਜ ਪ੍ਰਿੰਸੀਪਲ ਮਿਸ ਪ੍ਰਵੀਨ ਕੌਰ ਦੀ ਦੇਖ ਰੇਖ ਹੇਠ ਕਰਵਾਈ ਗਈ ਇਸ ਸਾਲਾਨਾ ਸਪੋਰਟਸ ਮੀਟ ਦੇ ਦੂਸਰੇ ਅਤੇ ਆਖਰੀ ਦਿਨ ਵੱਖ ਵੱਖ ਜਮਾਤਾਂ ਦੇ ਵੱਖ ਵੱਖ ਖੇਡ ਮੁਕਾਬਲੇ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਨਾਮ ਵੰਡ ਸਮਾਗਮ ਵਿਚ ਬਲਵਿੰਦਰ ਸਿੰਘ ਚੱਠਾ ਯੂ.ਕੇ., ਰਣਜੀਤ ਸਿੰਘ ਚੱਠਾ ਯੂ.ਕੇ., ਮੇਜਰ ਸਿੰਘ ਚੱਠਾ, ਜਸਵਿੰਦਰ ਸਿੰਘ, ਰਣਜੀਤ ਸਿੰਘ ਨਾਹਲ ਅਤੇ ਸੁਖਦੀਪ ਸਿੰਘ ਦੀਪਾ ਨੇ ਸ਼ਿਰਕਤ ਕੀਤੀ । ਇਸ ਮੌਕੇ ਵੱਖ ਵੱਖ ਖੇਡ ਮੁਕਾਬਲਿਆਂ ਵਿਚੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਬਲਵਿੰਦਰ ਸਿੰਘ ਚੱਠਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਪੂਰੀ ਲਗਨ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਸਾਨੂੰ ਅਨੁਸ਼ਾਸਨ, ਸ਼ਿਸ਼ਟਾਚਾਰ ਅਤੇ ਸਦਾਚਾਰ ਸਿਖਾਉਂਦੀਆਂ ਹਨ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਡਾ. ਨਰਿੰਦਰ ਸਿੰਘ ਬਾਂਸਲ ਨੇ ਵੀ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਉਨ੍ਹਾਂ ਨੂੰ ਖੇਡਾਂ ਵਿਚ ਭਾਗ ਲੈਣ 'ਤੇ ਵਧਾਈ ਦਿੱਤੀ। ਇਨ੍ਹਾਂ ਖੇਡਾਂ ਲਈ ਵਿਦਿਆਰਥੀਆਂ ਨੂੰ ਫਿਜ਼ੀਕਲ ਐਜੂਕੇਸ਼ਨ ਦੇ ਲੈਕਚਰਾਰ ਬਲਕਾਰ ਸਿੰਘ ਨੇ ਭਰਪੂਰ ਸਿਖਲਾਈ ਦਿੱਤੀ।ਇਸ ਮੌਕੇ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਰੇਖਾ ਰਾਣੀ ਅਤੇ ਕਾਲਜ ਪ੍ਰਿੰਸੀਪਲ ਪ੍ਰਵੀਨ ਕੌਰ ਦੀ ਅਗਵਾਈ ਵਿਚ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ। ਖੇਡ ਮੁਕਾਬਲਿਆਂ ਦੌਰਾਨ ਮੰਚ ਸੰਚਾਲਨ ਅਤੇ ਕੁਮੈਂਟਰੀ ਦੀ ਜ਼ਿੰਮੇਵਾਰੀ ਸਰਬਜੀਤ ਕੌਰ ਤੇ ਜਯੋਤੀ ਸ਼ਰਮਾ ਵਲੋਂ ਨਿਭਾਈ ਗਈ। ਇਸ ਮੌਕੇ ਕਾਲਜ ਅਤੇ ਸਕੂਲ ਦੇ ਸਮੂਹ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਅਕਾਲ ਅਕੈਡਮੀ ਤਿੱਬੜ 'ਚ ਅੰਮ੍ਰਿਤ ਸੰਚਾਰ ਸਮਾਗਮ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਤਿੱਬੜ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਬਾਣੀਆਂ ਦੇ ਪਾਠ ਉਪਰੰਤ ਪੰਜ ਪਿਆਰਿਆਂ ਦੁਆਰਾ ਖੰਡੇ ਬਾਟੇ ਦਾ ਤਿਆਰ ਅੰਮ੍ਰਿਤ ਛਕ ਕੇ 105 ਪ੍ਰਾਣੀ ਗੁਰੂ ਵਾਲੇ ਬਣੇ ਹਨ। ਅੰਮ੍ਰਿਤ ਪਾਨ ਕਰਨ ਵਾਲੇ ਪ੍ਰਾਣੀਆਂ ਵਿੱਚ ਅਕਾਲ ਅਕੈਡਮੀ ਤਿੱਬੜ, ਅਕਾਲੀ ਅਕੈਡਮੀ ਰਸੂਲਪੁਰ ਅਤੇ ਮੂਲਿਆਂਵਾਲ ਦੇ ਬੱਚੇ, ਬੱਚਿਆਂ ਦੇ ਮਾਤਾ ਪਿਤਾ ਤੇ ਵੱਖ ਵੱਖ ਪਿੰਡਾਂ ਤੋਂ ਸੰਗਤ ਸ਼ਾਮਲ ਸੀ। ਇਸ ਮੌਕੇ ਭਾਈ ਸਾਹਿਬ ਸਿੰਘ ਕੈਨੇਡਾ ਪੁੱਤਰ ਬਚਨ ਸਿੰਘ ਥਾਣੇਵਾਲ ਵਲੋਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਵਾਸਤੇ ਪੰਜ ਕਕਾਰਾਂ ਦੀ ਮੁਫਤ ਸੇਵਾ ਕੀਤੀ ਗਈ। ਸਮਾਗਮ ਦੌਰਾਨ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਅੰਮ੍ਰਿਤ ਅਭਿਲਾਖੀਆਂ ਨੂੰ ਗੁਰੂ ਵਾਲੇ ਬਣਨ 'ਤੇ ਵਧਾਈਆਂ ਦਿੱਤੀਆਂ ਅਤੇ ਗੁਰਮਤਿ ਵਿਚਾਰਾਂ ਕਰਦਿਆਂ ਹੋਇਆਂ ਬਾਕੀ ਬੱਚਿਆਂ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਗੁਰੂ ਲੜ ਲੱਗਣ ਲਈ ਪ੍ਰੇਰਿਤ ਕੀਤਾ।

# ਸਲਾਨਾ ਇਸਤਮਾ ਦੇ ਤੀਜੇ ਦਿਨ ਖੇਡਾਂ ਦੇ ਮੁਕਾਬਲੇ ਕਰਵਾਏ ਗਏ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਮੁਸਲਿਮ ਜਮਾਤ ਅਹਿਮਦੀਆ ਦੀਆਂ ਸੰਸਥਾਵਾਂ ਜਿਸ ਵਿੱਚ 40 ਸਾਲ ਤੋਂ ਉੱਪਰ ਦੇ ਮਰਦਾਂ ਦੀ ਸੰਸਥਾ ਮਜਲਿਸ ਅਨਸਾਰ ਉਲਾਹ ਅਤੇ ਨੌਜਵਾਨਾਂ ਦੀ ਸੰਸਥਾ ਮਜਲਿਸ ਖੁਦਾਮ ਉਲ ਅਹਿਮਦੀਆ ਅਤੇ ਔਰਤਾਂ ਦੀ ਸੰਸਥਾ ਲੱਜਨਾ ਇਮਾਉੱਲਾ ਭਾਰਤ ਦੇ ਸਲਾਨਾ ਸੰਮੇਲਨ ਕਾਦੀਆਂ ਵਿਖੇ ਪੂਰੀ ਸ਼ਾਨੋ ਸ਼ੌਂਕਤ ਨਾਲ ਆਯੋਜਿਤ ਹੋ ਰਹੇ ਹਨ ✦ ਜਿਸ ਵਿੱਚ ਵੱਖ ਵੱਖ ਤਰ੍ਹਾਂ ਦੇ ਅਧਿਆਤਮਕ ਅਤੇ ਖੇਡਾਂ ਦੇ ਅਤੇ ਮਾਨਸਿਕ ਯੋਗਤਾ ਦੇ ਪ੍ਰੋਗਰਾਮ ਬੜੇ ਹੀ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਚੱਲ ਰਹੇ ਹਨ ਜਿਸ ਵਿੱਚ ਮੈਂਬਰਾਂ ਦੀ ਦਿਲਚਸਪੀ ਅਤੇ ਨੌਜਵਾਨਾਂ ਦੀ ਦਿਲਚਸਪੀ ਬਹੁਤ ਕਾਬਲੇ ਤਾਰੀਫ ਹੈ ਉਸ ਵਿੱਚ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਖੇਡਾਂ ਦੇ ਨਵੇਂ ਨਵੇਕਲੇ ਅਤੇ ਬਹੁਤ ਹੀ ਵਧੀਆ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਵਿੱਚ ਨੌਜਵਾਨ ਵੱਧ ਚੜ੍ਹ ਕੇ ਭਾਗ ਲੈ ਰਹੇ ਹਨ ਨੌਜਵਾਨਾਂ ਦੀ ਚੰਗੀ ਸਿਹਤ ਦਾ ਮਜਲਿਸ ਵੱਲੋਂ ਭਰਪੂਰ ਧਿਆਨ ਰੱਖਿਆ ਜਾ ਰਿਹਾ ਹੈ ਇਸ ਮੌਕੇ ਫੁਟਬਾਲ ਦਾ ਮੁਕਾਬਲਾ, ਵਾਲੀਬਾਲ ਦਾ ਮੁਕਾਬਲਾ ਅਤੇ ਇਸੇ ਤਰ੍ਹਾਂ ਪਾਵਰ ਮੈਨ ਦੇ ਮੁਕਾਬਲੇ ਬੜੇ ਸੁਚੱਜੇ ਢੰਗ ਨਾਲ ਕਰਵਾਏ ਜਾ ਰਹੇ ਹਨ।

# ਹਰਿਆਣਾ ਸਰਕਾਰ ਕਿਸਾਨਾਂ ਨਾਲ ਖੜੀ : ਖੇਤੀਬਾੜੀ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸੰਬੰਧਤ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ 17 ਫੀਸਦੀ ਤੱਕ ਨਮੀ ਵਾਲੇ ਝੋਨੇ ਦਾ ਹਰ ਦਾਣਾ ਖਰੀਦਿਆ ਜਾਵੇ। ਇਸ ਸਬੰਧੀ ਸ਼ਿਕਾਇਤ ਮਿਲਣ 'ਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹਰਿਆਣਾ ਰਾਜ ਦੀਆਂ ਮੰਡੀਆਂ ਵਿੱਚ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖਰੀਦ ਚੱਲ ਰਹੀ ਹੈ ਅਤੇ ਖਰੀਦ ਦਾ ਪੈਸਾ ਸਿੱਧਾ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਸਰਕਾਰ ਕਿਸਾਨ ਭਰਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ, ਕਿਸਾਨਾਂ ਦੇ ਹਿੱਤ ਵਿੱਚ ਹਰਿਆਣਾ ਸਰਕਾਰ ਦੀ ਇੱਕ ਹੋਰ ਨੇਕ ਪਹਿਲਕਦਮੀ ਤਹਿਤ ਹਾੜ੍ਹੀ ਦੀ ਫਸਲ 2024-25 ਲਈ ਕਣਕ ਦੇ ਪ੍ਰਮਾਣਿਤ ਬੀਜਾਂ 'ਤੇ 1000 ਰੁਪਏ ਪ੍ਰਤੀ ਕੁਇੰਟਲ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਸ਼ਲਾਘਾ ਕਰਦਿਆਂ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਔਰਤਾਂ ਦੀ ਹਾਲਤ ਸੁਧਾਰਨ ਲਈ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਹਰਿਆਣਾ ਤੋਂ ਬੇਟੀ ਬਚਾਓ-ਬੇਟੀ ਪੜ੍ਹਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ, ਜਿਸ ਤਹਿਤ ਪਿਛਲੇ 10 ਸਾਲਾਂ ਵਿੱਚ ਕੇਂਦਰ ਅਤੇ ਹਰਿਆਣਾ ਸਰਕਾਰਾਂ ਕੰਮ ਕਰ ਰਹੀਆਂ ਹਨ। ਔਰਤਾਂ ਦਾ ਸਨਮਾਨ ਬਹੁਤ ਵਧੀਆ ਕੰਮ ਕੀਤਾ ਹੈ। ਔਰਤਾਂ ਦੇ ਸਸ਼ਕਤੀਕਰਨ ਲਈ ਨਾਰੀ ਸ਼ਕਤੀ ਵੰਦਨ ਬਿੱਲ ਪਾਸ, ਸਰਕਾਰ ਸੁਕੰਨਿਆ ਸਮ੍ਰਿਧੀ ਯੋਜਨਾ, ਮੁਫਤ ਉੱਜਵਲਾ ਗੈਸ, ਬੇਟੀ ਬਚਾਓ-ਬੇਟੀ ਪੜ੍ਹਾਓ, ਮੁਦਰਾ ਯੋਜਨਾ, ਜਨ ਧਨ ਆਦਿ ਵਰਗੀਆਂ ਕਈ ਯੋਜਨਾਵਾਂ ਰਾਹੀਂ ਔਰਤਾਂ ਨੂੰ ਅੱਗੇ ਵਧਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਹੈਲਪ ਗਰੁੱਪ ਅਤੇ ਡਰੋਨ ਦੀਦੀ। ਉਨ੍ਹਾਂ ਕਿਹਾ ਕਿ ਮੌਜੂਦਾ ਹਰਿਆਣਾ ਸਰਕਾਰ ਹਰਿਆਣਾ ਅਤੇ ਵਧਦੇ ਹਰਿਆਣਾ ਲਈ ਨਿਰੰਤਰ ਕੰਮ ਕਰੇਗੀ।

# ਕਸ਼ਮੀਰ ਕੌਰ ਪਿੰਡ ਮੂੰਡੀਆਂ ਜੱਟਾਂ ਦੇ ਸਰਪੰਚ ਬਣੇ



**ਅੱਡਾ ਸਰਾਂ (ਜਸਵੀਰ ਕਾਜਲ)**-ਗ੍ਰਾਮ ਪੰਚਾਇਤ ਪਿੰਡ ਮੂੰਡੀਆਂ ਜੱਟਾਂ ਦੇ ਕਸ਼ਮੀਰ ਕੌਰ ਪੰਚਾਇਤੀ ਚੋਣਾਂ ਵਿੱਚ ਜੇਤੂ ਰਹੇ ਅਤੇ ਸਰਪੰਚ ਬਣੇ। ਉਨ੍ਹਾਂ ਨਾਲ ਪੰਚਾਇਤ ਮੈਂਬਰ ਸੂਬੇਦਾਰ ਗੁਰਮੇਲ ਸਿੰਘ, ਪੰਚਾਇਤ ਮੈਂਬਰ ਗਗਨਦੀਪ ਸਿੰਘ, ਪੰਚਾਇਤ ਮੈਂਬਰ ਜਸਵੀਰ ਸਿੰਘ, ਪੰਚਾਇਤ ਮੈਂਬਰ ਰਣਜੀਤ ਕੌਰ ਅਤੇ ਅਨੀਤਾ, ਪੰਚਾਇਤ ਮੈਂਬਰ ਬਣੇ। ਇਸ ਮੌਕੇ ਸਰਪੰਚ ਕਸ਼ਮੀਰ ਕੌਰ ਅਤੇ ਪੰਚਾਇਤ ਮੈਂਬਰਾਂ ਨੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦਾ ਵਿਕਾਸ ਸਾਡੀ ਪਹਿਲ ਕਦਮੀ ਹੋਵੇਗੀ ਅਤੇ ਪਾਰਟੀ ਤੋਂ ਉੱਪਰ ਉੱਠ ਕੇ ਪਿੰਡ ਦਾ ਵਿਕਾਸ ਕਰਾਂਗੇ। ਇਸ ਮੌਕੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਪਿੰਡ ਵਾਸੀਆਂ, ਵੋਟਰਾਂ, ਸਪੋਰਟਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਦੀਪ ਸੇਠੀ, ਗੁਰਦੇਵ ਸਿੰਘ ਨੰਬਰਦਾਰ, ਮਲਕੀਤ ਸਿੰਘ, ਬਲਕਾਰ ਸਿੰਘ, ਗੁਰਜਿੰਦਰ ਸਿੰਘ, ਸੁਖਦੇਵ ਸਿੰਘ, ਆਦਿ ਹਾਜ਼ਰ ਸਨ।


## ਕਲਾਸੀਫਾਈਡ ਇਸ਼ਤਿਹਾਰ

### Change of Name

I, Vishal S/o Sonu R/o Indara Colony, Village Dhina, Distt. Jalandhar-144005, Punjab have changed my name from Vishal to Vishal Farmahe. All Please Note.

I, Ramandeep S/o Satish Kumar R/o H.No. 25, Dhina, Jalandhar-II, Jalandhar-144005, Punjab have changed my name from Ramandeep to Ramandeep Kumar. All Please Note.

I, Som Nath S/o Parkash Chand R/o Mohalla Bagichi, VPO. Jamsher Khas, Jalandhar-II, Jalandhar-144020, Punjab have changed my name from Som Nath to Somnath Sahota. All Please Note.

I, Sunil Kumar S/o Kuldip Raj R/o H.No.122, Satnam Nagar, Basti Danishmandan, Jalandhar, Punjab have changed my name to Given name as Sunil & Surname as Kumar. All Please Note.

I, Jaspal Singh S/o Mehma Singh R/o VPO Cheema Kalan Tehsil and District Tarn Taran have declare that Jaspal is my Given name and Singh is my Surname

I, Kamaljit Kaur W/o Harpinder Singh R/o VPO. Chaheru, Tehsil Phagwara, Distt. Kapurthala-144402, Punjab have changed my name spelling from Kamaljit Kaur to Kamaljeet Kaur. All Please Note.

### Change of Name

I, Amarjeet W/o Harvinder Singh R/o H.No. 135, Arjun Nagar, Jalandhar-144009, Punjab have changed my name from Amarjeet to Paramjeet Kaur.

I, Rattanjot S/o Jaspal R/o kadian-wali Distt.Jalandhar, Punjab have changed my name from Rattan Jot Kumar to Rattanjot. All note.

I, Akriti Sharma W/O Aftab Singh R/O H.No. 4-1541,Gali No.5,Judge Nagar, Jaura Fatak, Amritsar, Punjab, have changed my name from Akriti Sharma to Akriti. Concerned note.

I, Manjit Kaur Alias Surinder Kaur (Aadhaar Card No. 5049-8905-4239) wife of S. Parduman Singh resident of Village Bhet, Po. Ahamadpur, District Kapurthala-144601, do here-by declare that I have changed my name to Manjit Kaur, my father's name is Massa Singh and mother's name is Naranjan Kaur.

I, Rajinder Kaur W/o Jaswant Singh R/o VPO Cheema Kalan Tehsil and District Tarn Taran have declare that Rajinder is my Given name and Kaur is my Surname.

### ਨਾਂਅ ਦੀ ਬਦਲੀ

ਮੈਂ, ਜਸਮੀਨ ਪੁੱਤਰੀ ਕਮਲਜੀਤ ਵਾਸੀ ਪਿੰਡ ਹਰਦੋ ਫਰਾਲਾ, ਡਾਕਖਾਨਾ ਰਾਏਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਨੇ ਆਪਣਾ ਨਾਮ ਬਦਲ ਕੇ ਜਸਮੀਨ ਕੌਰ ਰੱਖ ਲਿਆ ਹੈ। ਸਰਨੇਮ ਕੌਰ।

### ਬੇਦਖਲੀ ਨੋਟਿਸ

ਮੈਂ, ਨੀਤੂ ਪਤਨੀ ਰਾਜੂ, ਵਾਸੀ ਮਕਾਨ ਨੰਬਰ ਡਬਲਿਊ. ਡੀ. 132, ਅਲੀ ਮੁਹੱਲਾ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੀ ਭੈਣ ਰਜਨੀ, ਉਸ ਦਾ ਪਤੀ ਮੈਨੂੰ ਅਤੇ ਉਨ੍ਹਾਂ ਦੇ ਬੱਚੇ ਪਲਕ, ਰਵੀ ਅਤੇ ਸ਼ਿਵਮ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਇਨ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਰਿਸ਼ਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਮੱਲੇਆਣਾ ਦੀ ਪੰਚਾਇਤ ਨੂੰ ਵਿਧਾਇਕ ਨੇ ਕੀਤਾ ਸਨਮਾਨਤ



**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਇਥੋਂ ਨੇੜਲੇ ਪਿੰਡ ਮੱਲੇਆਣਾ ਤੋਂ ਅਜ਼ਾਦ ਚੋਣ ਲੜੀ ਸਰਪੰਚ ਕੁਲਜੀਤ ਕੌਰ ਤੇ ਸਮੂਹ ਪੰਚਾਂ ਨੂੰ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਸੁਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਕਿਹਾ ਕਿ ਸਰਪੰਚ ਬੀਬੀ ਕੁਲਜੀਤ ਕੌਰ ਪੜ੍ਹੇ-ਲਿਖੇ ਸਮਾਜਸੇਵੀ ਆਗੂ ਹਨ, ਜਿਨ੍ਹਾਂ ਦੇ ਸਰਪੰਚ ਬਣਨ ਨਾਲ ਪਿੰਡ ਮੱਲੇਆਣਾ ਦੀ ਨੁਹਾਰ ਬਦਲੇਗੀ।ਉਨ੍ਹਾ ਕਿਹਾ ਕਿ ਮੇਰੇ ਵੱਲੋਂ ਪੰਜਾਬ ਸਰਕਾਰ ਦੇ ਕੋਟੇ ਵਿੱਚੋਂ ਆਈ ਗਰਾਂਟ ਨੂੰ ਪਹਿਲ ਦੇ ਅਧਾਰ 'ਤੇ ਦੇ ਕੇ ਪਿੰਡ ਦੇ ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ।ਇਸ ਮੌਕੇ ਸਰਪੰਚ ਦੇ ਪਤੀ ਮਨਜੀਤ ਸਿੰਘ ਨੇ ਕਿਹਾ ਕਿ ਜਿਸ ਉਮੀਦ ਨਾਲ ਪਿੰਡ ਵਾਸੀਆਂ ਨੇ ਸਾਨੂੰ ਨਿਰਪੱਖ ਹੋ ਕੇ ਵੋਟਾਂ ਪਾਈਆਂ ਹਨ, ਅਸੀਂ ਉਨ੍ਹਾਂ ਦਾ ਮੁੱਲ ਪਿੰਡ ਦਾ ਵਿਕਾਸ ਕਰਕੇ ਦੇਵਾਂਗੇ।ਕਿਸੇ ਵੀ ਵਿਅਕਤੀ ਨਾਲ ਕੋਈ ਵੀ ਭੇਦ-ਭਾਵ ਨਹੀਂ ਰੱਖਿਆ ਜਾਵੇਗਾ।ਇਸ ਮੌਕੇ ਉਨ੍ਹਾ ਨਾਲ ਪੰਚ ਅੰਗਰੇਜ ਸਿੰਘ, ਸਤਨਾਮ ਸਿੰਘ, ਸੀਰਾ ਧਾਲੀਵਾਲ, ਅਮਰਜੀਤ ਕੌਰ, ਕਰਮਜੀਤ ਕੌਰ, ਕਿਰਨਦੀਪ ਕੌਰ, ਬਲਜਿੰਦਰ ਸਿੰਘ, ਗੁਰਮੇਲ ਸਿੰਘ ਤੇ ਜਸਵੀਰ ਕੌਰ ਆਦਿ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਵੱਖ-ਵੱਖ ਗਤੀਵਿਧੀਆਂ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਹਿਲੀ, ਦੂਜੀ, ਤੀਜੀ ਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਨੂੰ ਗ੍ਰੀਟਿੰਗ ਕਾਰਡ ਅਤੇ ਪੰਜਵੀਂ, ਛੇਵੀਂ, ਸੱਤਵੀਂ ਤੇ ਅੱਠਵੀਂ ਕਲਾਸ ਨੂੰ ਦੀਵੇ ਅਤੇ ਨੌਵੀਂ, ਦਸਵੀਂ ਕਲਾਸ ਨੂੰ ਮੋਮਬੱਤੀਆਂ ਨੂੰ ਸਜਾਉਣ ਦੀ ਗਤੀਵਿਧੀ ਦਿੱਤੀ ਗਈ।ਇਨ੍ਹਾਂ ਗਤੀਵਿਧੀਆਂ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਨ੍ਹਾਂ ਬੱਚਿਆਂ ਨੇ ਦੀਵਾਲੀ ਦੇ ਤਿਉਹਾਰ ਨੂੰ ਸਜਾਉਂਦੇ ਇਨ੍ਹਾਂ ਗਤੀਵਿਧੀਆਂ ਰਾਹੀਂ ਬਹੁਤ ਹੀ ਸੋਹਣੇ ਸੋਹਣੇ ਦੀਵੇ ਤੇ ਮੋਮਬੱਤੀਆਂ ਨੂੰ ਸਜਾਇਆ ਤੇ ਬਹੁਤ ਹੀ ਸੁੰਦਰ ਗਰੀਟਿੰਗ ਕਾਰਡ ਬਣਾਏ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਬੱਚਿਆਂ ਨੂੰ ਦੀਵਾਲੀ ਦੇ ਤਿਉਹਾਰ ਦਾ ਮਹੱਤਵ ਸਮਝਾਉਂਦੇ ਹੋਏ ਕਿਹਾ ਕਿ ਦੀਪਾਵਲੀ ਰੌਸ਼ਨੀ ਦਾ ਤਿਉਹਾਰ ਹੈ ਤੇ ਭਾਰਤੀ ਸੰਸਕ੍ਰਿਤੀ ਵਿੱਚ ਇਹ ਤਿਉਹਾਰ ਬਹੁਤ ਹੀ ਖੁਸ਼ੀ ਨਾਲ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਾਰੇ ਤਿਉਹਾਰਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਇਸ ਲਈ ਸਕੂਲ ਵਿੱਚ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।ਇਨ੍ਹਾਂ ਗਤੀਵਿਧੀਆਂ ਦਾ ਮੰਤਵ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਣਾ ਤੇ ਭਾਰਤੀ ਸੰਸਕ੍ਰਿਤੀ ਬਾਰੇ ਜਾਗ੍ਰਿਤ ਕਰਨਾ ਹੈ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

## ਲਵਿੰਗ ਲਿਟਲ ਪਲੇਵੇ ਸਕੂਲ ਦੇ ਬੱਚਿਆਂ ਵੱਲੋਂ ਵਿੱਦਿਅਕ ਟੂਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਦੇ ਬੱਚਿਆਂ ਦਾ ਸਿੱਖਿਆ ਦੇ ਨਾਲ-ਨਾਲ ਮਨੋਰੰਜਨ ਕਰਵਾਉਣ ਦੇ ਉਦੇਸ਼ ਨਾਲ ਵਿੱਦਿਅਕ ਟੂਰ ਪ੍ਰਿੰਸੀਪਲ ਮੈਡਮ ਮੀਨਾ ਅਰੋੜਾ ਦੀ ਅਗਵਾਈ ਵਿੱਚ ਸ਼ਹਿਰ ਦੀ ਮਸ਼ਹੂਰ ਫਨ ਸਿਟੀ ਛਾਪਿਆਂਵਾਲੀ ਵਿਖੇ ਲਿਜਾਇਆ ਗਿਆ। ਇਸ ਦੌਰਾਨ ਸਮੂਹ ਬੱਚਿਆਂ ਨੇ ਇਕੱਠੇ ਹੋ ਕੇ ਜਿੱਥੇ ਟ੍ਰੇਨ ਝੂਲੇ, ਬੱਸ ਝੂਲਾ ਆਦਿ ਮਨੋਰੰਜਨ ਖੇਡਾਂ ਦਾ ਆਨੰਦ ਮਾਣ ਕੇ ਖੂਬ ਮੌਜ ਮਸਤੀ ਕੀਤੀ, ਉੱਥੇ ਹੀ ਭਾਰਤੀ ਸੱਭਿਆਚਾਰ ਵਿੱਚ ਰਲ ਮਿਲ ਕੇ ਰਹਿਣ ਦੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਸਟਾਫ਼ ਨਾਲ ਮਿਲ ਕੇ ਡਾਂਸ ਵੀ ਕੀਤਾ। ਇਸ ਮੌਕੇ ਪ੍ਰਿੰਸੀਪਲ ਮੀਨਾ ਅਰੋੜਾ ਨੇ ਕਿਹਾ ਕਿ ਇਸ ਵਿੱਦਿਅਕ ਟੂਰ ਨਾਲ ਜਿੱਥੇ ਬੱਚਿਆਂ ਦਾ ਮਨੋਰੰਜਨ ਹੁੰਦਾ ਹੈ, ਉੱਥੇ ਹੀ ਬੱਚੇ ਮਾਨਸਿਕ ਤੌਰ 'ਤੇ ਉਹ ਮਜ਼ਬੂਤ ਹੁੰਦੇ ਹਨ ਅਤੇ ਆਤਮ ਵਿਸ਼ਵਾਸ ਵੱਧਦਾ ਹੈ। ਇਸ ਦੇ ਨਾਲ ਹੀ ਬੱਚੇ ਇੱਕ ਅਲੱਗ ਤਾਜ਼ਗੀ ਮਹਿਸੂਸ ਕਰਦੇ ਹਨ। ਵਿੱਦਿਅਕ ਟੂਰ ਤੋਂ ਵਾਪਸੀ ਦੌਰਾਨ ਸਕੂਲ ਵੱਲੋਂ ਬੱਚਿਆਂ ਨੂੰ ਚਾਕਲੇਟ, ਟਾਫ਼ੀਆਂ ਆਦਿ ਖਾਣ-ਪੀਣ ਦਾ ਸਾਮਾਨ ਵੰਡਿਆ ਗਿਆ। ਇਸ ਵਿੱਦਿਅਕ ਟੂਰ 'ਚ ਮੈਡਮ ਅਨੂੰ, ਗਗਨ, ਨਿਸ਼ਾ ਤੇ ਸ਼ੀਨੂੰ ਨੇ ਵੀ ਬੱਚਿਆਂ ਨਾਲ ਮਿਲ ਕੇ ਖੂਬ ਆਨੰਦ ਮਾਣਿਆ।

## ਸਵੱਛਤਾ ਪੰਦਰਵਾੜਾ ਤਹਿਤ ਨਗਰ ਕੌਂਸਲ ਨੇ ਕਰਵਾਈ ਸਫਾਈ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਏਡੀਸੀ ਸ਼ਹਿਰੀ ਵਿਕਾਸ ਸ. ਅਮਰਜੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ ਅਨੁਸਾਰ 24 ਅਕਤੂਬਰ ਤੋਂ 7 ਨਵੰਬਰ 2024 ਤੱਕ ਚੱਲਣ ਵਾਲੀਆਂ ਐਕਟੀਵਿਟੀਆਂ ਤਹਿਤ ਸਵੱਛਤਾ ਦੀ ਲਹਿਰ ਪੰਦਰਵਾੜਾ ਮਨਾਇਆ ਜਾ ਰਿਹਾ ਹੈ।ਇਸ ਤਹਿਤ ਅੱਜ ਪ੍ਰਧਾਨ ਨਗਰ ਕੌਂਸਲ ਦੋਰਾਹਾ ਸੁਦਰਸ਼ਨ ਕੁਮਾਰ ਸ਼ਰਮਾ ਤੇ ਕਾਰਜ ਸਾਧਕ ਅਫਸਰ ਹਰਨਰਿੰਦਰ ਸਿੰਘ ਸ਼ੇਰ ਗਿੱਲ ਅਤੇ ਅਨਿਲ ਕੁਮਾਰ ਨਗਰ ਕੌਂਸਲ ਦੋਰਾਹਾ ਵੱਲੋਂ ਸ਼ਹਿਰ ਦੀ ਡਰੇਨ ਤੇ ਰੇਲਵੇ ਫਾਟਕ ਕੋਲੇ ਨਹਿਰ ਦੇ ਕੰਢੇ ਦੀ ਸਫਾਈ ਕੀਤੀ ਗਈ। ਇਸ ਮੌਕੇ ਨਗਰ ਕੌਂਸਲ ਦੋਰਾਹਾ ਦੇ ਸੁਪਰਡੈਂਟ ਸੈਨੀਟੇਸ਼ਨ ਵਿਸ਼ਨੂ ਦੱਤ ਤੇ ਇੰਸਪੈਕਟਰ ਸੈਨੀਟੇਸ਼ਨ ਅਸ਼ਵਨੀ ਕੁਮਾਰ ਵੱਲੋਂ ਦੋਰਾਹਾ ਸ਼ਹਿਰ ਦੇ ਦੁਕਾਨਦਾਰਾਂ ਤੇ ਸ਼ਹਿਰ ਵਾਸੀਆਂ ਨੂੰ ਪਲਾਸਟਿਕ ਦੇ ਲਿਫਾਫੇ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ ਗਈ। ਉਨ੍ਹਾਂ ਵੱਲੋਂ ਸ਼ਹਿਰ ਦੀ ਡਰੇਨ ਤੇ ਰੇਲਵੇ ਫਾਟਕਾਂ ਕੋਲ ਨਹਿਰ ਦੇ ਕੰਡੇ ਦੀ ਸਾਫ-ਸਫਾਈ ਕਰਵਾਈ ਗਈ।

## ਸੰਤ ਬਾਬਾ ਸੁਖਦੇਵ ਸਿੰਘ ਕਬੱਡੀ ਕੱਪ ਦਾ ਪੋਸਟਰ ਰਿਲੀਜ਼



**ਨਾਭਾ (ਵਰਿੰਦਰ ਵਰਮਾ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਤੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਜੀ ਦੀ ਯਾਦ ਵਿੱਚ ਜਥੇਦਾਰ ਸੰਤ ਬਾਬਾ ਕਸ਼ਮੀਰਾ ਸਿੰਘ ਜੀ ਮੁਖੀ ਅਲੌਹਰਾਂ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕਾ ਨਿਵਾਸੀ ਤੇ ਐੱਨਆਰਆਈ ਭਰਾਵਾਂ ਦੇ ਸਹਿਯੋਗ ਨਾਲ ਤੀਸਰਾ ਕਬੱਡੀ ਕੱਪ 11,12,13 ਨਵੰਬਰ 2024 ਨੂੰ ਗੁ. ਅਲੌਹਰਾਂ ਸਾਹਿਬ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਟੂਰਨਾਮੈਂਟ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਇਸ ਦੀ ਜਾਣਕਾਰੀ ਦਿੰਦਿਆਂ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਨੇ ਦੱਸਿਆ ਕਿ ਇਸ ਕਬੱਡੀ ਕੱਪ ਵਿੱਚ 8 ਚੋਟੀ ਦੀਆਂ ਟੀਮਾਂ ਦੇ ਮੁਕਾਬਲੇ ਹੋਣਗੇ।ਇਸ ਮੌਕੇ ਲੜਕੀਆਂ ਦੀਆਂ ਪੰਜਾਬ ਤੇ ਹਰਿਆਣੇ ਦੀਆਂ ਸੱਦੀਆ ਹੋਈਆਂ ਟੀਮਾਂ ਦੇ ਹੀ ਮੈਚ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ 11 ਨਵੰਬਰ ਨੂੰ ਸਕੂਲਾਂ ਦੀ ਸੱਦੀਆਂ ਹੋਈਆਂ ਟੀਮਾਂ ਦੇ ਮੈਚ ਹੋਣਗੇ।ਉਨ੍ਹਾਂ ਕਿਹਾ ਕਿ 13 ਨਵੰਬਰ ਨੂੰ ਆਲ ਓਪਨ ਦੀਆਂ 8 ਟੀਮਾਂ ਪਹੁੰਚ ਰਹੀਆਂ ਹਨ।ਜਿਵੇਂ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਕਬੱਡੀ ਕਲੱਬ ਐੱਸਜੀਪੀਸੀ, ਦੀਪ ਸਿੱਧੂ ਕਬੱਡੀ ਕਲੱਬ ਜੰਗੀਆਣਾ, ਮਾਣਕ ਕਬੱਡੀ ਕਲੱਬ ਫਗਵਾੜਾ, ਯੰਗ ਕਬੱਡੀ ਕਲੱਬ ਬਾਘਾ ਪੁਰਾਣਾ, ਰੋਇਲ ਕਿੰਗ ਯੂ.ਐੱਸ.ਏ. ਕਬੱਡੀ ਕਲੱਬ ਦਿੜਬਾ ਆਦਿ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ 13 ਨਵੰਬਰ ਨੂੰ ਲੜਕੀਆਂ ਦੀਆਂ ਪਹੁੰਚ ਰਹੀਆ ਟੀਮਾਂ : ਮਕਲੌਡਾ ਹਰਿਆਣਾ, ਲੈਂਡਮਾਰਗੇਜ ਮਹਿਣਾ ਮੋਗਾ, ਸਮੈਣ ਹਰਿਆਣਾ ਆਦਿ ਸ਼ਾਮਲ ਹੋਣਗੇ।ਇਸ ਟੂਰਨਾਮੈਂਟ ਦਾ ਉਦਘਾਟਨ ਤੇ ਇਨਾਮਾਂ ਦੀ ਵੰਡ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਤੇ ਬਾਬਾ ਹਰਦੇਵ ਸਿੰਘ ਵੱਲੋਂ ਕੀਤਾ ਜਾਵੇਗਾ।

## ਭਾਸ਼ਾ ਵਿਭਾਗ ਨੇ ਲਗਾਈ ਤਿੰਨ ਰੋਜ਼ਾ ਪੁਸਤਕ ਪ੍ਰਦਰਸ਼ਨੀ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਜ਼ਿਲ੍ਹਾ ਭਾਸ਼ਾ ਦਫ਼ਤਰ ਨੇ ਸੈਂਟ ਜ਼ੇਵੀਅਰ ਪਬਲਿਕ ਸਕੂਲ ਮਾਨਸਾ ਵਿਖੇ ਤਿੰਨ ਰੋਜ਼ਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ, ਜਿਸ ਵਿੱਚ ਵਿਭਾਗ ਦੀਆਂ ਕਲਾਸਿਕ ਤੇ ਵੱਡ-ਮੁੱਲੀਆਂ ਕਿਤਾਬਾਂ ਨੂੰ ਪ੍ਰਦਰਸ਼ਤ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫਸਰ ਸ੍ਰੀਮਤੀ ਤੇਜਿੰਦਰ ਕੌਰ ਨੇ ਰਾਜ ਭਾਸ਼ਾ ਐਕਟ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਵਿੱਚ ਦਫ਼ਤਰੀ ਕੰਮ-ਕਾਜ ਤੇ ਸਾਰੇ ਬੋਰਡ ਪੰਜਾਬੀ ਭਾਸ਼ਾ ਭਾਵ ਗੁਰਮੁਖੀ ਲਿੱਪੀ ਵਿੱਚ ਹੋਣੇ ਜ਼ਰੂਰੀ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਕਾਰਜ ਨੂੰ ਪਹਿਲ ਦੇ ਅਧਾਰ 'ਤੇ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ।ਉਨ੍ਹਾਂ ਦੱਸਿਆ ਕਿ ਵਿਕਰੀ ਕੇਂਦਰ ਦੇ ਇੰਚਾਰਜ ਸ੍ਰੀ ਰਵਿੰਦਰ ਸਿੰਘ ਨੇ ਇਸ ਮੌਕੇ ਵਿਭਾਗ ਦੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਕਿਤਾਬਾਂ ਵਿਅਕਤੀ ਨੂੰ ਚੰਗਾ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।ਉਨ੍ਹਾਂ ਦੱਸਿਆ ਕਿ ਇਸ ਪੁਸਤਕ ਪ੍ਰਦਰਸ਼ਨ ਵਿੱਚ ਸ੍ਰੀ ਸਰੂਪ ਸਿੰਘ, ਸ੍ਰੀ ਜਗਰਾਜ ਸਿੰਘ ਤੇ ਓਮ ਪ੍ਰਕਾਸ਼ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਇਲਾਕਿਆਂ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲਿਆਂ ਵਿੱਚ ਪੁਲਸ ਨੇ 6 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।ਥਾਣਾ ਸਦਰ ਫਿਰੋਜ਼ਪੁਰ, ਥਾਣਾ ਆਰਿਫ ਕੇ, ਥਾਣਾ ਮਮਦੋਟ ਤੇ ਥਾਣਾ ਕੁੱਲਗੜ੍ਹੀ ਦੀ ਪੁਲਸ ਨੇ 223 ਬੀਐੱਨਐੱਸ ਤਹਿਤ ਕਾਰਵਾਈ ਕੀਤੀ ਹੈ।ਸਹਾਇਕ ਥਾਣੇਦਾਰ ਗੁਰਨਾਮ ਸਿੰਘ, ਕੁਲਵੰਤ ਸਿੰਘ, ਗੁਰਚਰਨ ਸਿੰਘ, ਗੁਰਦੇਵ ਸਿੰਘ, ਦਰਸ਼ਨ ਸਿੰਘ ਤੇ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਤੇ ਚੈਕਿੰਗ ਦੌਰਾਨ ਇਲਾਕੇ ਵਿੱਚ ਮੌਜੂਦ ਸੀ।ਇਸ ਦੌਰਾਨ, ਖਾਸ ਮੁਖ਼ਬਰਾਂ ਨੇ ਜਾਣਕਾਰੀ ਦਿੱਤੀ ਕਿ ਪਿੰਡ ਰੱਜੀ ਵਾਲਾ, ਬਾਰੇ ਕੇ, ਚੱਕ ਦੋਨਾ ਰਹੀਮੇ ਕੇ, ਜਾਮਾ ਰੱਖਈਆ ਉਤਾੜ ਤੇ ਮੱਲਵਾਲ ਜਦੀਦ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਈ ਗਈ ਹੈ।ਪੁਲਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਭਾਕਿਯੂ ਉਗਰਾਹਾਂ ਵੱਲੋਂ ਝੋਨਾ ਖਰੀਦ ਦੇ ਢਿੱਲੇ ਪ੍ਰਬੰਧਾਂ ਖਿਲਾਫ਼ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਕਿਯੂ ਉਗਰਾਹਾਂ ਠੁੱਲੀਵਾਲ ਇਕਾਈ ਆਗੂਆਂ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਅਨਾਜ ਮੰਡੀ ਠੁੱਲੀਵਾਲ ਵਿਖੇ ਝੋਨੇ ਦੀ ਖਰੀਦ ਦੇ ਢਿੱਲੇ ਪ੍ਰਬੰਧਾਂ ਤੇ ਚੁਕਾਈ ਦਾ ਢੁੱਕਵਾਂ ਪ੍ਰਬੰਧ ਨਾ ਕੀਤੇ ਜਾਣ ਨੂੰ ਲੈ ਕੇ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਨਾਅਰੇਬਾਜ਼ੀ ਕੀਤੀ ਗਈ।ਜਥੇਬੰਦੀ ਦੇ ਆਗੂਆਂ ਮੇਵਾ ਸਿੰਘ ਭੱਟੀ, ਨਾਜ਼ਰ ਸਿੰਘ, ਅਮਰੀਕ ਸਿੰਘ, ਜਸਪਾਲ ਸਿੰਘ ਠੁੱਲੀਵਾਲ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਵੱਲੋਂ ਮੰਡੀਆਂ ਅੰਦਰ ਝੋਨੇ ਦੀ ਖਰੀਦ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਦਾਣਾ ਮੰਡੀਆਂ ਵਿੱਚ ਝੋਨੇ ਦੀ ਫਸਲ ਵੇਚਣ ਆਏ ਕਿਸਾਨ ਕਈ ਕਈ ਦਿਨਾਂ ਤੋਂ ਖੱਜਲ ਖੁਆਰੀ ਦਾ ਸਾਹਮਣਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰਾਂ ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਇੱਕ ਦੂਜੇ 'ਤੇ ਤੋਹਮਤਾਂ ਲਾ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਸਾਰੀਆਂ ਹੀ ਵੋਟ ਪਾਰਟੀਆਂ ਵੱਲੋਂ ਕਿਸਾਨਾਂ ਦੀ ਸਮੱਸਿਆ ਵੱਲ ਧਿਆਨ ਦੇਣ ਦੀ ਬਜਾਏ ਜ਼ਿਮਨੀ ਚੋਣਾਂ ਵੱਲ ਵੱਧ ਧਿਆਨ ਦਿੱਤਾ ਜਾ ਰਿਹਾ ਹੈ।ਉਕਤ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਦਾਣਾ ਮੰਡੀਆਂ 'ਚ ਖਰੀਦ ਤੇਜ਼ ਕਰਕੇ ਚੁਕਾਈ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ।ਇਸ ਮੌਕੇ ਕਿਸਾਨ ਆਗੂ ਪਿਆਰਾ ਸਿੰਘ ਬਾਠ, ਬਹਾਦਰ ਸਿੰਘ, ਤਾਰਾ ਸਿੰਘ, ਸੁਖਦੇਵ ਕੌਰ, ਨਾਇਬ ਕੌਰ ਆਦਿ ਆਗੂ ਹਾਜ਼ਰ ਸਨ।

## ਵਿਰੋਧੀ ਖਰੀਦ ਪ੍ਰਬੰਧਾਂ ਨੂੰ ਲੈ ਕੇ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ : ਗੋਇਲ

**■ ਹਲਕੇ 'ਚ ਝੋਨੇ ਦੀ ਖਰੀਦ ਤੇ ਲਿਫਟਿੰਗ ਦਾ ਕੰਮ ਤਸੱਲੀਬਖਸ਼**



**ਲਹਿਰਾਗਾਗਾ (ਪਵਨ ਸ਼ਰਮਾ)**

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਹਲਕਾ ਲਹਿਰਾ ਅੰਦਰ ਜ਼ੀਰੀ ਦੀ ਖਰੀਦ ਤੇ ਲਿਫਟਿੰਗ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਚੱਲ ਰਿਹੈ, ਵਿਰੋਧੀ ਖਰੀਦ ਪ੍ਰਬੰਧਾਂ ਨੂੰ ਲੈ ਕੇ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ।ਇਸ ਗੱਲ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਬੇਟੇ ਗੌਰਵ ਗੋਇਲ ਨੇ ਹਲਕੇ ਦੇ ਵੱਖ-ਵੱਖ ਖਰੀਦ ਕੇਂਦਰਾਂ ਤੇ ਅਨਾਜ ਮੰਡੀਆਂ ਦਾ ਅਧਿਕਾਰੀਆਂ ਨਾਲ ਦੌਰਾ ਕਰਨ ਉਪਰੰਤ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮੇਰੇ ਪਿਤਾ, ਕੈਬਨਿਟ ਮੰਤਰੀ ਗੋਇਲ ਦੇ ਸਿਆਸੀ ਰੁਝੇਵਿਆਂ ਦੇ ਚਲਦੇ ਉਹ ਖੁਦ ਖਰੀਦ ਕੇਂਦਰਾਂ ਵਿੱਚ ਜਾ ਕੇ ਆਏ ਹਨ, ਜਿੱਥੇ ਕਿ ਸਾਰੇ ਪ੍ਰਬੰਧ ਪੁਖਤਾ ਹਨ, ਸਰਕਾਰੀ ਸਪੈਸੀਫਿਕੇਸ਼ਨ ਅਨੁਸਾਰ ਜੋ ਵੀ ਜ਼ੀਰੀ ਖਰੀਦ ਕੇਂਦਰਾਂ ਜਾਂ ਅਨਾਜ ਮੰਡੀਆਂ ਵਿੱਚ ਆ ਰਹੀ ਹੈ, ਉਸ ਦੀ ਤੁਰੰਤ ਖਰੀਦ ਕੀਤੀ ਜਾ ਰਹੀ ਹੈ ਅਤੇ ਸਮੇਂ ਸਿਰ ਲਿਫਟਿੰਗ ਵੀ ਕਰਵਾਈ ਜਾ ਰਹੀ ਹੈ, ਉੱਥੇ ਹੀ ਕਿਸਾਨਾਂ ਦੀ ਪੇਮੈਂਟ ਵੀ ਸਮੇਂ ਸਿਰ ਉਹਨਾਂ ਦੇ ਖਾਤਿਆਂ ਵਿੱਚ ਪਾਈ ਜਾ ਰਹੀ ਹੈ। ਅਨਾਜ ਮੰਡੀਆਂ ਤੇ ਖਰੀਦ ਕੇਂਦਰਾਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਕਿਸਾਨ, ਮਜ਼ਦੂਰ, ਆੜ੍ਹਤੀ ਤੇ ਮਿਲਰਜ਼ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਜਾਣ-ਬੁੱਝ ਕੇ ਜ਼ੀਰੀ ਦੀ ਫਸਲ ਦੀ ਖਰੀਦ ਵਿੱਚ ਅਤੇ ਮਿੱਲਰਜ਼ 'ਤੇ ਤਰ੍ਹਾਂ ਤਰ੍ਹਾਂ ਦੀਆਂ ਸ਼ਰਤਾਂ ਲਗਾ ਕੇ ਪੰਜਾਬ, ਕਿਸਾਨ, ਮਿੱਲਰਜ਼, ਆੜ੍ਹਤੀ ਨੂੰ ਪ੍ਰੇਸ਼ਾਨ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਦੇ ਸਕੱਤਰ ਅਮਨਦੀਪ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ, ਚੇਅਰਮੈਨ ਓਮ ਪ੍ਰਕਾਸ਼ ਜਵਾਹਰਵਾਲਾ, ਸੀਨੀਅਰ ਆਗੂ ਜੀਵਨ ਨਾਲ ਸੇਖੂਵਾਸ ਵਾਲੇ, ਟਰੱਕ ਯੂਨੀਅਨ ਦੇ ਪ੍ਰਧਾਨ ਗੁਰੀ ਚਹਿਲ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸ਼ਰਮਾ, ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ, ਯੂਥ ਆਗੂ ਅਸ਼ਵਨੀ ਅਗਰਵਾਲ (ਆਸ਼ੂ ਭੱਠੇ ਵਾਲੇ), ਟੋਨੀ ਖੰਡੇਬਾਦ ਵਾਲੇ, ਮਨਜਿੰਦਰ ਸਿੰਘ ਛੋਟੀ ਲਹਿਲ ਤੋਂ ਇਲਾਵਾ ਹੋਰ ਹਾਜ਼ਰ ਸਨ।

## ਜਗਤ ਸਿੰਘ ਵਾਲਾ ਦੀ ਪੰਚਾਇਤ ਨੂੰ ਹਨੀ ਫੱਤਣਵਾਲਾ ਨੇ ਦਿੱਤੀ ਵਧਾਈ

**■ ਪਿੰਡਾਂ ਦੇ ਲੋਕ ਅੱਜ ਵੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੇ ਕੰਮਾਂ ਨੂੰ ਕਰਦੇ ਨੇ ਯਾਦ : ਹਨੀ ਫੱਤਣਵਾਲਾ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਬੀਤੇ ਦਿਨੀਂ ਹੋਈਆਂ ਨਗਰ ਪੰਚਾਇਤੀ ਚੋਣਾਂ ਦੌਰਾਨ ਪਿੰਡ ਜਗਤ ਸਿੰਘ ਵਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਭਾਰੀ ਬਹੁਮਤ ਨਾਲ ਆਪਣੀ ਪੰਚਾਇਤ ਬਣਾਉਣ ਵਿੱਚ ਕਾਮਯਾਬੀ ਹਾਸਲ ਕੀਤੀ।ਇਸ ਦੌਰਾਨ ਨਵੀਂ ਚੁਣੀ ਗਈ ਵਿੱਚ ਲਖਵੀਰ ਕੌਰ ਪਤਨੀ ਭਗਵਾਨ ਸਿੰਘ ਸਰਪੰਚ, ਚਰਨਜੀਤ ਕੌਰ ਮੈਂਬਰ, ਛਿੰਦਰਪਾਲ ਮੈਂਬਰ, ਵੀਰਪਾਲ ਸਿੰਘ ਮੈਂਬਰ, ਬਲਵੰਤ ਸਿੰਘ ਮੈਂਬਰ, ਹਰਦੀਪ ਸਿੰਘ ਮੈਂਬਰ ਚੁਣੇ ਗਈ।ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਬਹੁਮੱਤ ਹਾਸਲ ਕੀਤੀ।ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਚੁਣੀ ਗਈ ਪਿੰਡ ਜਗਤ ਸਿੰਘ ਵਾਲਾ ਦੀ ਪੰਚਾਇਤ ਦਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਕੋਟਕਪੂਰਾ ਰੋਡ 'ਤੇ ਸਥਿਤ ਆਪਣੇ ਗ੍ਰਿਹ ਵਿਖੇ ਸਨਮਾਨਤ ਕੀਤਾ ਤੇ ਵਧਾਈ ਦਿੱਤੀ।ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਪਿੰਡ ਦੇ ਲੋਕ ਅੱਜ ਵੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੇ ਕੰਮਾਂ ਨੂੰ ਯਾਦ ਕਰਦੇ ਹਨ, ਜਿਸ ਦੇ ਬਹੁਤ ਸਾਰੇ ਪਿੰਡਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਪੰਚਾਇਤਾਂ ਬਣੀਆਂ ਹਨ, ਜੋ ਕਿ ਬਹੁਤ ਹੀ ਮਾਣ ਵਾਲੀ ਗੱਲ ਹੈ।ਇਸ ਮੌਕੇ ਜੈਰਾਜ ਸਿੰਘ ਬਰਾੜ ਵਾਈਸ ਪ੍ਰਧਾਨ ਯੂਥ ਅਕਾਲੀ ਦਲ, ਗੁਰਜਿੰਦਰ ਸਿੰਘ, ਅੰਗਰੇਜ ਸਿੰਘ ਤੋਂ ਇਲਾਵਾ ਪਿੰਡ ਦੇ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ।

## ਪਾਵਰਕਾਮ ਪੈਨਸ਼ਨਰਜ਼ ਵੈੱਲਫੇਅਰ ਦੇ ਅਮਰਜੀਤ ਸਿੰਘ ਪ੍ਰਧਾਨ ਤੇ ਬਲਦੇਵ ਸਿੰਘ ਸੇਖੋਂ ਜਨਰਲ ਸਕੱਤਰ ਬਣੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਐਂਡ ਟਰਾਂਸਕੋ ਦੇ ਸੇਵਾ ਮੁਕਤ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੈਨਸ਼ਨਰਜ਼ ਵੈੱਲਫੇਅਰ ਦਾ ਡੈਲੀਗੇਟ ਅਜਲਾਸ ਹੋਇਆ, ਜਿਸ ਵਿੱਚ ਸਰਬਸੰਮਤੀ ਨਾਲ ਉਮਰ ਭਰ ਲਈ ਮੁੱਖ ਚੀਫ ਪੈਟਰਨ ਸੁਰਿੰਦਰ ਸਿੰਘ ਪਹਿਲਵਾਨ, ਪ੍ਰਧਾਨ ਬਾਬਾ ਅਮਰਜੀਤ ਸਿੰਘ ਤੇ ਬਲਦੇਵ ਸਿੰਘ ਸੇਖੋਂ ਜਨਰਲ ਸਕੱਤਰ ਚੁਣੇ ਗਏ।ਇਸ ਸਮੇਂ ਬੋਲਦਿਆਂ ਆਗੂਆਂ ਨੇ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕਰਦਿਆਂ ਕਿਹਾ ਕਿ ਵਾਰ-ਵਾਰ ਮੀਟਿੰਗਾਂ ਦੀਆਂ ਤਰੀਕਾਂ ਦੇ ਕੇ ਮੀਟਿੰਗ ਨਹੀਂ ਦਿੱਤੀ ਗਈ।ਪੈਨਸ਼ਨਰਾਂ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਬਿਲਕੁਲ ਸੰਜੀਦਾ ਨਹੀਂ ਹੈ।ਇਸ ਦਾ ਖਮਿਆਜ਼ਾ ਜ਼ਿਮਨੀ ਚੋਣਾਂ ਵਿੱਚ ਭੁਗਤਣਾ ਪਵੇਗਾ।ਸਰਬਸੰਮਤੀ ਨਾਲ ਕਰਵਾਈ ਗਈ ਚੋਣ ਵਿੱਚ ਸੂਬਾਈ ਪ੍ਰਧਾਨ ਬਾਬਾ ਅਮਰਜੀਤ ਸਿੰਘ, ਜਨਰਲ ਸਕੱਤਰ ਬਲਦੇਵ ਸਿੰਘ ਸੇਖੋਂ, ਚੀਫ ਪੈਟਰਨ ਪਰਮਜੀਤ ਸਿੰਘ ਦਸੂਹਾ, ਐੱਮ ਐੱਲ ਕਪਲਾ ਚੀਫ਼ ਆਰਗੇਨਾਈਜ਼ਰ, ਵਿਨੋਦ ਸਲਵਾਨ ਸੀਨੀਅਰ ਮੀਤ ਪ੍ਰਧਾਨ, ਖਜ਼ਾਨਚੀ ਸੁਖਦੇਵ ਸਿੰਘ, ਰਾਮ ਸ਼ਰਨ, ਰਾਮ ਕਿਸ਼ਨ, ਲਖਬੀਰ ਸਿੰਘ ਗਿਲ, ਮਲਕੀਤ ਸਿੰਘ, ਜਗਦੀਸ਼ ਰਾਏ, ਮਹਿੰਦਰਪਾਲ ਸਿੰਘ ਫਿਰੋਜ਼ਪੁਰ, ਹਰਜਿੰਦਰ ਕੋਹਲੀ, ਰਜਿੰਦਰ ਠਾਕੁਰ, ਸ਼ਿਵਦੇਵ ਸਿੰਘ ਦਫ਼ਤਰ ਸਕੱਤਰ ਪਟਿਆਲਾ, ਮਨੋਜ ਮਹਾਜਨ, ਸੁਰਿੰਦਰ ਸਿੰਘ, ਸਤੀਸ਼ ਕੁਮਾਰ, ਬਲਵਿੰਦਰ ਸਿੰਘ ਅਣਖੂ, ਕੁਲਦੀਪ ਸਿੰਘ ਮਿਨਹਾਸ, ਕਨੂੰਨੀ ਸਲਾਹਕਾਰ ਪਰਮਜੀਤ ਸਿੰਘ ਜਲੰਧਰ, ਆਦਿ ਕਮੇਟੀ ਮੈਂਬਰ ਚੁਣੇ ਗਏ। ਇਸ ਸਮੇਂ ਇੰਪਲਾਈਜ਼ ਫੈਡਰੇਸ਼ਨ ਦੇ ਸੂਬਾਈ ਪ੍ਰਧਾਨ ਬਲਦੇਵ ਸਿੰਘ ਮਢਾਲੀ, ਜਨਰਲ ਸਕੱਤਰ ਸੁਖਵਿੰਦਰ ਸਿੰਘ ਕਾਲੇਕੇ, ਸਾਬਕਾ ਪ੍ਰਧਾਨ ਹਰਮੇਸ਼ ਸਿੰਘ ਧੀਮਾਨ ਨੇ ਵੀ ਸੰਬੋਧਨ ਕੀਤਾ।

## 20 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਸ਼ਹਿਰ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਸੰਧੂ ਹਾਲ ਵਿੱਚ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਫਿਰੋਜ਼ਪੁਰ ਇਲਾਕੇ ਨਾਲ ਸਬੰਧਤ 20 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ ਅਤੇ ਸਿਟੀ ਤੇ ਛਾਉਣੀ ਦੇ ਸਰਕਲ ਇੰਚਾਰਜ ਬਲਵਿੰਦਰ ਸ਼ਰਮਾ ਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਇਸ ਮੌਕੇ ਜਾਂਚ ਪੜਤਾਲ ਉਪਰੰਤ ਨਵੇਂ ਫਾਰਮ ਵੀ ਭਰੇ ਗਏ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਤਲਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ ਸਰਕਲ ਸਿਟੀ ਤੇ ਛਾਉਣੀ, ਰਣਧੀਰ ਜੋਸ਼ੀ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਆਪਣੇ ਵੱਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ।ਇਸ ਮੌਕੇ ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ, ਰਣਧੀਰ ਜੋਸ਼ੀ ਤੇ ਹੋਰ ਪਤਵੰਤੇ ਮੌਜੂਦ ਸਨ।

## ਸਾਇੰਸ ਮੇਲੇ 'ਚ ਬੁਰਜ ਹਰੀ ਸਕੂਲ ਨੇ ਜਿੱਤਿਆ ਪਹਿਲਾ ਸਥਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਤੇ ਰੈੱਡ ਕਰਾਸ ਸੋਸਾਇਟੀ ਮਾਨਸਾ ਦੇ ਸਾਂਝੇ ਉਪਰਾਲੇ ਤਹਿਤ ਸਥਾਨਕ ਸੇਂਟ ਜੇਵੀਅਰ ਸਕੂਲ ਮਾਨਸਾ ਵਿਖੇ 'ਮਾਰਸ' ਸਾਇੰਸ ਮੇਲਾ ਕਰਵਾਇਆ ਗਿਆ।ਮੇਲੇ 'ਚ ਸਾਰੇ ਜ਼ਿਲ੍ਹੇ ਵਿੱਚੋਂ 75 ਸਾਇੰਸ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ।ਇਸੇ ਦੌਰਾਨ ਵਾਦ-ਵਿਵਾਦ ਮੁਕਾਬਲੇ ਤੇ ਕੁਇੱਜ਼ ਮੁਕਾਬਲੇ ਵੀ ਕਰਵਾਏ ਗਏ।ਗਾਈਡ ਅਧਿਆਪਕ ਰੋਹਿਤ ਕੁਮਾਰ ਤੇ ਮੈਡਮ ਪਿੰਕਲ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਰਜ ਹਰੀ ਦੀ ਵਿਦਿਆਰਥਣ ਐਸ਼ਮੀਨ ਕੌਰ ਨੇ ਵਾਦ-ਵਿਵਾਦ ਮੁਕਾਬਲੇ (ਸੀਨੀਅਰ ਗਰੁੱਪ) ਵਿੱਚ ਜ਼ਿਲ੍ਹੇ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਵਿਸ਼ੇਸ਼ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਭੁਪਿੰਦਰ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਭੋਗਲ ਨੇ ਸਕੂਲ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਇਸ ਉਪਰੰਤ ਜੇਤੂ ਰਹੀ ਵਿਦਿਆਰਥਣ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਰਜ ਹਰੀ ਵਿਖੇ ਸਕੂਲ ਸਟਾਫ਼ ਵੱਲੋਂ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਆਪਣੇ ਸਾਥੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ ਕਿ ਸਾਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ।ਸਕੂਲ ਇੰਚਾਰਜ ਸੰਦੀਪ ਢੰਡ ਨੇ ਇਸ ਜਿੱਤ ਦਾ ਸਿਹਰਾ ਹੋਣਹਾਰ ਵਿਦਿਆਰਥਣ, ਗਾਈਡ ਅਧਿਆਪਕ ਤੇ ਸਮੂਹ ਸਟਾਫ ਸਿਰ ਬੰਨ੍ਹਦਿਆਂ ਕਿਹਾ ਕਿ ਹੋਰ ਵਿਦਿਆਰਥੀਆਂ ਨੂੰ ਵੀ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਹਿੱਸਾ ਲੈਣਾ ਚਹੀਦਾ ਹੈ।ਇਸ ਮੌਕੇ ਸੁਖਜਿੰਦਰ ਸਿੰਘ, ਜਗਦੀਪ ਕੌਰ, ਮੈਡਮ ਹੇਮਲਤਾ, ਹਰਬਿੰਦਰ ਕੌਰ, ਪਰਮਜੀਤ ਕੌਰ, ਗੁਰਜੀਤ ਸਿੰਘ, ਮਨਪ੍ਰੀਤ ਕੌਰ, ਹਰਦੀਪ ਕੌਰ, ਮਨਦੀਪ ਸਿੰਘ, ਲਛਮਣ ਸਿੰਘ ਆਦਿ ਹਾਜ਼ਰ ਸਨ।

## ਸੜਕ ਹਾਦਸੇ 'ਚ ਸਕੂਲ ਵੈਨ ਦੀ ਮਹਿਲਾ ਹੈਲਪਰ ਤੇ ਇੱਕ ਬੱਚੀ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਦੇ ਸਮਸ਼ੇਰ ਨਗਰ ਚੌਕ ਵਿੱਚ ਵਾਪਰੇ ਸੜਕ ਹਾਦਸੇ 'ਚ ਸਕੂਲ ਵੈਨ 'ਚ ਸਵਾਰ ਇੱਕ ਮਹਿਲਾ ਹੈਲਪਰ ਤੇ ਇੱਕ ਛੋਟੀ ਬੱਚੀ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।ਇੱਕ ਨਿੱਜੀ ਸਕੂਲ ਦੀ ਵੈਨ ਦੇ ਡਰਾਇਵਰ ਬਰਿੰਦਰਜੀਤ ਸਿੰਘ ਨੇ ਦੱਸਿਆ ਕਿ ਉਹ ਸਰਹਿੰਦ ਤੋਂ ਵੈਨ ਦੇ ਵਿੱਚ 22 ਵਿਦਿਆਰਥੀਆਂ ਨੂੰ ਲੈ ਕੇ ਸਕੂਲ ਜਾ ਰਿਹਾ ਸੀ ਤੇ ਜਦੋਂ ਉਹ ਸਰਹਿੰਦ ਦੇ ਸਮਸ਼ੇਰ ਨਗਰ ਚੌਕ 'ਚ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫਤਾਰ ਮਹਿੰਦਰਾ ਪਿੱਕਅੱਪ ਗੱਡੀ ਨੇ ਉਨ੍ਹਾਂ ਦੀ ਵੈਨ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਵੈਨ 'ਚ ਸਵਾਰ ਮਹਿਲਾ ਹੈਲਪਰ ਰੇਨੂੰ ਤੇ ਦੂਸਰੀ ਜਮਾਤ ਦੀ ਵਿਦਿਆਰਥਣ ਸ਼ੁਭਰੀਤ ਜ਼ਖ਼ਮੀ ਹੋ ਗਏ।ਰਾਹਗੀਰਾਂ ਵੱਲੋਂ ਹਾਦਸੇ ਦੀ ਸੂਚਨਾ ਪੁਲਸ ਕੰਟਰੋਲ ਰੂਮ 'ਤੇ ਦਿੱਤੀ ਗਈ, ਉਪਰੰਤ ਮੌਕੇ 'ਤੇ ਪਹੁੰਚੇ ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮਾਂ ਵੱਲੋਂ ਜ਼ਖ਼ਮੀਆਂ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਗਈ।ਪੁਲਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਐਡਵੋਕੇਟ ਬਲਵੀਰ ਕੌਰ ਬੱਲੀ ਨੂੰ ਸਦਮਾ, ਮਾਤਾ ਦਾ ਦਿਹਾਂਤ



**ਮਾਨਸਾ (ਆਤਮਾ ਸਿੰਘ ਪਮਾਰ)**-ਐਡਵੋਕੇਟ ਬਲਕਰਨ ਸਿੰਘ ਬੱਲੀ ਤੇ ਐਡਵੋਕੇਟ ਬਲਵੀਰ ਕੌਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਬੱਲੀ ਦੀ ਸੱਸ ਤੇ ਬਲਵੀਰ ਕੌਰ ਦੀ ਮਾਤਾ ਸੁਖਜੀਤ ਕੌਰ (73) ਦਾ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਕਾਰਨ ਦਿਹਾਂਤ ਹੋ ਗਿਆ।ਉਨ੍ਹਾਂ ਦੇ ਸਸਕਾਰ ਸਮੇਂ ਮਾਨਸਾ ਜ਼ਿਲ੍ਹੇ ਦੀਆਂ ਵੱਖ ਵੱਖ ਸਮਾਜਿਕ, ਰਾਜਨੀਤਕ ਤੇ ਧਾਰਮਿਕ ਜਥੇਬੰਦੀਆਂ/ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਮਿੱਤਰ ਦੋਸਤ ਵੀ ਹਾਜ਼ਰ ਸਨ।

ਇਸ ਸਮੇਂ ਐਡਵੋਕੇਟ ਬੱਲੀ ਨੇ ਦੱਸਿਆ ਕਿ ਮਾਤਾ ਜੀ ਭਾਵੇਂ ਆਪ ਅਣਪੜ੍ਹ ਹੀ ਸਨ, ਪ੍ਰੰਤੂ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਦਿਵਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ।ਮਾਤਾ ਦੇ ਸਿਰਫ਼ ਦੋ ਧੀਆਂ ਹੋਣ ਕਰਕੇ ਅਰਥੀ ਨੂੰ ਮੋਢਾ ਵੀ ਦੋਵੇਂ ਧੀਆਂ ਤੇ ਜਵਾਈਆਂ ਵੱਲੋਂ ਹੀ ਦਿੱਤਾ ਗਿਆ।ਘੜੀ ਭੰਨਣ ਦੀ ਰਸਮ ਵੀ ਉਨ੍ਹਾਂ ਦੀ ਵੱਡੀ ਬੇਟੀ ਐਡਵੋਕੇਟ ਬਲਵੀਰ ਕੌਰ ਵੱਲੋਂ ਹੀ ਨਿਭਾਈ ਗਈ।ਉਨ੍ਹਾਂ ਦਾ ਸਸਕਾਰ ਅੱਜ ਸਥਾਨਕ ਰਾਮਬਾਗ ਵਿਖੇ ਕਰ ਦਿੱਤਾ ਗਿਆ।ਸਸਕਾਰ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਗੁਰਨਾਮ ਭੀਖੀ, ਕਰਨੈਲ ਸਿੰਘ ਮਾਨਸਾ, ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਧੰਨਾ ਮੱਲ ਗੋਇਲ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਰਪ੍ਰੀਤ ਭੈਣੀ, ਸਾਬਕਾ ਪ੍ਰਧਾਨ ਵਿਜੇ ਸਿੰਗਲਾ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਭਗਵੰਤ ਸਿੰਘ ਸਮਾਓਂ, ਗੁਰਲਾਭ ਸਿੰਘ ਮਾਹਲ, ਕਿਸਾਨ ਆਗੂ ਮਹਿੰਦਰ ਸਿੰਘ ਭੈਣੀ ਬਾਘਾ, ਪੱਤਰਕਾਰ ਆਤਮਾ ਸਿੰਘ ਪਮਾਰ, ਗੁਰਜੰਟ ਸਿੰਘ ਮਾਨਸਾ ਸਮੇਤ ਬਾਰ ਐਸੋਸੀਏਸ਼ਨ ਦੇ ਮੈਂਬਰ ਵੱਖ ਵੱਖ ਰਾਜਨੀਤਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।ਮਾਤਾ ਜੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਭੋਗ, ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 3 ਨਵੰਬਰ ਨੂੰ ਵਿਸ਼ਵਕਰਮਾ ਭਵਨ ਮਾਨਸਾ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗਾ।

## ਬਜ਼ੁਰਗਾਂ ਨੇ ਧੂਮਧਾਮ ਨਾਲ ਮਨਾਇਆ ਦੀਵਾਲੀ ਤੇ ਜਨਮ ਦਿਨ ਉਤਸਵ

**■ ਵਿਧਾਇਕ ਰਣਬੀਰ ਸਿੰਘ ਭੁੱਲਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸੀਨੀਅਰ ਸਿਟੀਜਨ ਕੌਂਸਲ ਨੇ ਬਾਗਬਾਨ ਵਿਖੇ ਬਜ਼ੁਰਗਾਂ ਦੀ ਦੀਵਾਲੀ ਤੇ ਜਨਮ ਦਿਨ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਰਣਬੀਰ ਸਿੰਘ ਭੁੱਲਰ ਵਿਧਾਇਕ ਫਿਰੋਜ਼ਪੁਰ ਹਲਕਾ ਸ਼ਹਿਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਦੇ ਨਾਲ ਅਭਿਸ਼ੇਕ ਅਰੋੜਾ ਡਾਇਰੈਕਟਰ ਫੈਸਲਿਟੀ ਅਮਨਦੀਪ ਹਸਪਤਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਡੀਸੀਬੀ ਬੈਂਕ ਦੇ ਮੈਨੇਜਰ ਮਨੀਸ਼ ਸ਼ਰਮਾ ਬਜ਼ੁਰਗਾਂ ਆਸ਼ੀਰਵਾਦ ਲੈਣ ਲਈ ਜਨਮ ਦਿਨ ਕੇਕ ਲੈ ਕੇ ਪੁੱਜੇ ਅਤੇ ਬਜ਼ੁਰਗਾਂ ਦਾ ਆਸ਼ੀਰਵਾਦ ਲਿਆ।ਕੌਂਸਲ ਦੇ ਪ੍ਰਧਾਨ ਪੀ ਡੀ ਸ਼ਰਮਾ ਨੇ ਦੱਸਿਆ ਕਿ ਕੌਂਸਲ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਜ਼ੁਰਗਾਂ ਲਈ ਦਿਵਾਲੀ ਤੇ ਉਨ੍ਹਾਂ ਦੇ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਉਣ ਦਾ ਪ੍ਰਬੰਧ ਕੀਤਾ।ਸਮਾਗਮ ਵਿੱਚ ਸੀਨੀਅਰ ਸਿਟੀਜਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਮਹਿਮਾਨਾਂ ਦੇ ਆਉਣ 'ਤੇ ਪ੍ਰੇਮ ਨਾਥ ਵੱਲੋਂ ਵਿਸ਼ੇਸ਼ ਗੀਤ 'ਬਹਾਰੋ ਫੂਲ ਬਰਸਾਓ, ਮੇਰਾ ਮਹਿਬੂਬ ਆਇਆ ਹੈ' ਗਾ ਕੇ ਮਹਿਮਾਨਾਂ ਨੂੰ ਮੰਤਰ ਮੁਗਧ ਕੀਤਾ।ਇਸ ਮੌਕੇ ਵੱਖ ਵੱਖ ਸੀਨੀਅਰ ਕਲਾਕਾਰਾਂ ਵੱਲੋਂ ਗੀਤ ਗਾ ਕੇ ਸਮੇਂ ਨੂੰ ਬੰਨ੍ਹ ਦਿੱਤਾ।ਅਭਿਸ਼ੇਕ ਅਰੋੜਾ ਨੇ ਬੋਲਦੇ ਹੋਏ ਜਿੱਥੇ ਸੀਨੀਅਰ ਸਿਟੀਜਨ ਕੌਂਸਲ ਦੇ ਕੰਮਾਂ ਦੀ ਪ੍ਰਸੰਸਾ ਕੀਤੀ, ਉੱਥੇ ਫਿਰੋਜ਼ਪੁਰ ਵਿੱਚ ਨਵੇਂ ਬਣੇ ਜੈਨਸਿਸ ਅਮਨਦੀਪ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਕੈਂਟ ਦੀਆਂ ਸਹੂਲਤਾਂ ਬਾਰੇ ਵੀ ਜਾਣੂ ਕਰਾਇਆ।ਉਨ੍ਹਾਂ ਦੱਸਿਆ ਕਿ ਦਿਵਾਲੀ ਤੇ ਜਨਮ ਦਿਨ ਦੇ ਮੌਕੇ ਜੈਨਸਿਸ ਅਮਨਦੀਪ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਕੈਂਟ ਵੱਲੋਂ ਬਜ਼ੁਰਗਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤੇ ਤੋਹਫੇ ਭੇਜੇ ਗਏ ਹਨ, ਜੋ ਸਮੂਹ ਬਜ਼ੁਰਗਾਂ ਦੇ ਵਿੱਚ ਵੰਡੇ ਜਾਣਗੇ।ਉਨ੍ਹਾ ਕਿਹਾ ਕਿ ਜੇ ਕੋਈ ਸੀਨੀਅਰ ਸਿਟੀਜਨ ਕੌਂਸਲ ਦੀ ਰਿਕਮੈਂਡੇਸ਼ਨ ਨਾਲ ਮਰੀਜ਼ ਆਉਂਦਾ ਹੈ ਤਾਂ ਉਸ ਨੂੰ ਵਿਸ਼ੇਸ਼ ਰਿਆਇਤ ਦਿੱਤੀ ਜਾਏਗੀ।ਸਮਾਗਮ ਦੇ ਮੁੱਖ ਮਹਿਮਾਨ ਰਣਬੀਰ ਸਿੰਘ ਭੁੱਲਰ ਨੇ ਬੋਲਦੇ ਹੋਏ ਦੱਸਿਆ ਕਿ ਉਹ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰੋਗਰਾਮ ਵਿੱਚ ਪਹਿਲਾਂ ਵੀ ਸ਼ਿਰਕਤ ਕਰ ਚੁੱਕੇ ਹਨ ਤੇ ਉਨ੍ਹਾਂ ਦੇਖਿਆ ਕਿ ਸੀਨੀਅਰ ਸਿਟੀਜਨ ਕੌਂਸਲ ਬਜ਼ੁਰਗਾਂ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ, ਜੋ ਕਿ ਪ੍ਰਸੰਸਾ ਯੋਗ ਹਨ।ਇਸ ਮੌਕੇ ਕੌਂਸਲ ਦੇ ਕਲਾਕਾਰ ਸ਼ਸ਼ੀ ਚੁੱਘ ਨੇ ਇੱਕ ਸਕਿੱਟ ਪੇਸ਼ ਕਰਦੇ ਹੋਏ ਬਹੁਤ ਵੱਡਾ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਦੀ ਸਮੂਹ ਹਾਜ਼ਰੀਨ ਵੱਲੋਂ ਬਹੁਤ ਪ੍ਰਸੰਸਾ ਕੀਤੀ ਗਈ।

ਇਸ ਮੌਕੇ ਇੱਕ ਲੱਕੀ ਡਰਾਅ ਵਿਸ਼ੇਸ਼ ਤੌਰ 'ਤੇ ਕੱਢਿਆ ਗਿਆ।ਇਸ ਵਿੱਚ ਜੇਤੂ ਦਸ ਲੱਕੀ ਮੈਂਬਰਾਂ ਨੂੰ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਦੀਵਾਲੀ ਉਤਸਵ ਮੌਕੇ ਲਗਭਗ 100 ਤੋਂ ਵੱਧ ਬਜ਼ੁਰਗਾਂ ਨੂੰ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ।ਜਨਮ ਦਿਨ ਵਾਲੇ ਸਮੂਹ ਮੈਂਬਰਾਂ ਨੂੰ ਜਨਮ ਦਿਨ ਦੇ ਤੋਹਫੇ ਤੇ ਨਵੇਂ ਸਾਲ ਦੇ ਤੋਹਫੇ ਦੇ ਕੇ ਮਾਨ ਸਨਮਾਨ ਕੀਤਾ ਗਿਆ।ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਤੇ ਅਹੁਦੇਦਾਰਾਂ ਵੱਲੋਂ ਮੁੱਖ ਮਹਿਮਾਨ ਰਣਬੀਰ ਸਿੰਘ ਭੁੱਲਰ ਤੇ ਵਿਸ਼ੇਸ਼ ਮਹਿਮਾਨ ਅਭਿਸ਼ੇਕ ਅਰੋੜਾ ਨੂੰ ਯਾਦਗਾਰ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਅਮਨਦੀਪ ਹਸਪਤਾਲ ਤੋਂ ਬਜ਼ੁਰਗਾਂ ਲਈ ਤੋਹਫੇ ਲੈ ਕੇ ਆਈ ਟੀਮ ਨੂੰ ਫਿਰੋਜ਼ਪੁਰ ਦਾ ਨੰਬਰ 1 ਹਸਪਤਾਲ ਦਾ ਖਿਤਾਬ ਦੇ ਸੀਨੀਅਰ ਸਿਟੀਜਨ ਕੌਂਸਲ ਵੱਲੋਂ ਸਨਮਾਨਤ ਕੀਤਾ ਗਿਆ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਤਿੰਨ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਦੇ ਠੱਗੀ ਮਾਰੇ ਜਾਣ ਦੇ ਦੋ ਵੱਖ-ਵੱਖ ਮਾਮਲਿਆਂ 'ਚ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਤਿੰਨ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸਰਬਜੀਤ ਸਿੰਘ ਵਾਸੀ ਪਿੰਡ ਬਾਹੋਮਾਜਰਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਸਨ ਕਿ ਅਮਰੀਸ਼ ਕੁਮਾਰ ਉਰਫ ਘੋਨਾ ਤੇ ਸੋਨੀਆ ਨੇ ਉਸ ਦੀ ਪਤਨੀ ਤੇ ਬੱਚਿਆਂ ਦਾ ਅਮਰੀਕਾ ਦਾ ਵੀਜ਼ਾ ਲਗਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ 28,00,000/- ਰੁਪਏ ਲੈ ਲਏ ਜਦੋਂ ਕਿ ਨਾ ਤਾਂ ਉਨ੍ਹਾਂ ਨੂੰ ਵਿਦੇਸ਼ ਭੇਜਿਆ ਗਿਆ ਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਮਰੀਸ਼ ਕੁਮਾਰ ਉਰਫ ਘੋਨਾ ਤੇ ਸੋਨੀਆ ਵਾਸੀਆਨ ਮੰਡੀ ਗੋਬਿੰਦਗੜ੍ਹ ਵਿਰੁੱਧ ਅ/ਧ 406,420 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਅਮਨਦੀਪ ਕੌਰ ਵਾਸੀ ਸਰਹਿੰਦ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਸਨ ਕਿ ਸਤਨਾਮ ਸਿੰਘ ਨੇ ਉਸਦੇ ਲੜਕੇ ਸਹਿਜਪ੍ਰੀਤ ਸਿੰਘ ਨੂੰ ਪੁਰਤਗਾਲ ਭੇਜਣ ਲਈ 7 ਲੱਖ 70 ਹਜ਼ਾਰ ਰੁਪਏ ਲੈ ਲਏ, ਜਦੋਂਕਿ ਨਾ ਤਾਂ ਉਸ ਦੇ ਲੜਕੇ ਨੂੰ ਪੁਰਤਗਾਲ ਭੇਜਿਆ ਗਿਆ ਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਗਏ।ਦਰਖਾਸਤ ਦੀ ਪੜਤਾਲ ਉਪਰੰਤ ਸਤਨਾਮ ਸਿੰਘ ਵਾਸੀ ਸਰਹਿੰਦ ਵਿਰੁੱਧ ਅ/ਧ 316 (2), 318 (4) ਬੀ.ਐਨ.ਐਸ. ਤੇ ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਐਕਟ ਦੀ ਧਾਰਾ 13 ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ 'ਚ ਸੰਭਾਲਣ ਦੀ ਜ਼ਰੂਰਤ : ਮੁੱਖ ਖੇਤੀਬਾੜੀ ਅਫ਼ਸਰ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਉਣ ਦੇ ਟੀਚੇ ਦੀ ਪੂਰਤੀ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਬਲਾਕ ਕੋਟਕਪੂਰਾ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਖੇਤਾਂ ਵਿਚ ਸੰਭਾਲਣ ਲਈ ਪ੍ਰੇਰਿਤ ਕੀਤਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਪਿੰਡ ਜਿਉਣਵਾਲੇ ਵਿਚ ਕਿਸਾਨ ਜਗਦੇਵ ਸਿੰਘ ਦੇ ਖੇਤਾਂ ਵਿਚ ਸੁਪਰ ਐੱਸ ਐੱਮ ਐਸ ਲੱਗੀ ਕੰਬਾਈਨ ਨਾਲ ਹੋ ਰਹੀ ਝੋਨੇ ਦੀ ਕਟਾਈ ਦਾ ਜਾਇਜ਼ਾ ਲਿਆ ਤੇ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ।ਵਧੀਕ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿਚ ਸੰਭਾਲ ਕੇ ਫ਼ਸਲਾਂ ਕਾਸ਼ਤ ਕਰਨ ਨਾਲ ਹੋਣ ਵਾਲੇ ਫਾਇਦਿਆਂ ਨੂੰ ਮੁੱਖ ਰੱਖਦਿਆਂ ਕਿਸਾਨਾਂ ਵਿਚ ਸੁਪਰ ਐੱਸ ਐੱਮ ਐਸ ਲੱਗੀ ਕੰਬਾਈਨ ਨਾਲ ਝੋਨੇਂ ਦੀ ਕਟਾਈ ਕਰਨ ਦੀ ਰੁਚੀ ਵਧ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੀ ਅਗਵਾਈ ਹੇਠ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਚਲਾਈ ਜਾ ਰਹੀ ਮੁਹਿਮ ਤਹਿਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਖੇਤਾਂ ਸੰਭਾਲਣ ਲਈ ਵਧੇਰੇ ਪ੍ਰੇਰਿਤ ਕੀਤਾ ਜਾ ਰਿਹਾ ਤਾਂ ਜੁ ਭਵਿੱਖ ਦੀ ਖੇਤੀ ਨੂੰ ਹੰਢਣਸਾਰ ਬਣਾਉਣ ਲਈ ਮਿੱਟੀ ਦੀ ਸਿਹਤ ਵਿੱਚ ਸੁਧਾਰ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੁਪਰ ਐੱਸ ਐੱਮ ਐੱਸ ਦੀ ਵਰਤੋਂ 2018 ਦੌਰਾਨ ਲਾਜ਼ਮੀ ਕੀਤੀ ਗਈ ਸੀ ਪ੍ਰੰਤੂ ਉਸ ਸਮੇਂ ਕੰਬਾਈਨ ਮਾਲਿਕ ਕਿਸਾਨਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ, ਪਰ ਹੁਣ ਇਸ ਮਸ਼ੀਨ ਦੇ ਫਾਇਦਿਆਂ ਬਾਰੇ ਜਾਣੂ ਹੋਣ ਕਾਰਨ ਕਿਸਾਨਾਂ ਅੰਦਰ ਇਸ ਮਸ਼ੀਨ ਦੀ ਵਰਤੋਂ ਵਿਚ ਦਿਲਚਸਪੀ ਵਧ ਰਹੀ ਹੈ, ਜੋ ਅਗਲੇ ਸਾਲਾਂ ਵਿਚ ਹੋਰ ਵਧੇਗੀ।ਡਾ. ਨਿਸ਼ਾਨ ਸਿੰਘ ਨੇ ਕਿਹਾ ਕਿ ਕਣਕ ਦੀ ਫ਼ਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਹਮੇਸ਼ਾ ਬੀਜ ਨੂੰ ਕੀਟਨਾਸ਼ਕਾਂ ਜਿਵੇਂ 160 ਮਿਲੀ ਲਿਟਰ ਕਲੋਰੋਪਾਈਰੀਫਾਸ ਜਾਂ 80 ਮਿਲੀ ਲਿਟਰ ਇਮਿਡਾਕਲੋਪ੍ਰਿਡ+ ਹੈਕਸਕੋਨਜ਼ੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕਰਨੀ ਚਾਹੀਦੀ ਹੈ।

## ਜਨਸੇਵਾ ਸੁਸਾਇਟੀ ਵੱਲੋਂ ਕਕਰਾਲਾ ਦੀ ਨਵੀਂ ਪੰਚਾਇਤ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**

ਪਿਛਲੇ ਕਰੀਬ 25 ਸਾਲ ਤੋਂ ਵੱਧ ਅਰਸੇ ਤੋਂ ਪੇਂਡੂ ਇਲਾਕਿਆਂ ਤੇ ਨਾਭਾ ਸ਼ਹਿਰ ਵਿੱਚ ਸਮਾਜ ਸੇਵਾ ਦੇ ਖੇਤਰ ਵਿੱਚ ਡਾਕਟਰ ਆਈ ਡੀ ਗੋਇਲ ਸਾਬਕਾ ਸਿਵਲ ਸਰਜਨ ਮੁੱਖ ਸਰਪ੍ਰਸਤ ਤੇ ਸੁਸਾਇਟੀ ਦੇ ਸੰਸਥਾਪਕ ਜਨਰਲ ਸਕੱਤਰ ਡਾਕਟਰ ਧੀਰ ਸਿੰਘ ਦੀ ਅਗਵਾਈ ਹੇਠ ਸ਼ਲਾਘਾਯੋਗ ਕਾਰਜ ਕਰਦੀ ਆ ਰਹੀ ਜਥੇਬੰਦੀ ਜਨਸੇਵਾ ਸੁਸਾਇਟੀ ਫਾਰ ਆਈ ਕੇਅਰ ਐਂਡ ਏਡਜ਼ ਅਵੇਅਰਨੈੱਸ ਕਕਰਾਲਾ, ਨਾਭਾ ਵੱਲੋਂ ਪਿੰਡ ਕਕਰਾਲਾ ਦੀ ਨਵੀਂ ਚੁਣੀ ਗਈ ਪੰਚਾਇਤ ਦੇ ਸਰਪੰਚ ਭੁਪਿੰਦਰ ਸਿੰਘ ਤੇ ਪੰਚਾਇਤ ਮੈਂਬਰਾਂ ਨੂੰ ਸੁਸਾਇਟੀ ਵੱਲੋਂ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਭਗਵਾਨ ਸਿੰਘ ਸਰਾਓ ਤੇ ਕਾਰਜਕਾਰੀ ਕਮੇਟੀ ਮੈਂਬਰ ਹਰਭਜਨ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਪਿੰਡ ਦੇ ਵੋਟਰਾਂ ਨੇ ਬਹੁਤ ਹੀ ਇਮਾਨਦਾਰੀ ਤੇ ਸੂਝਬੂਝ ਦਾ ਸਬੂਤ ਦਿੰਦੇ ਹੋਏ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਦਰ ਕਿਨਾਰ ਕਰਦੇ ਹੋਏ ਹਰ ਸਮੇਂ ਆਮ ਲੋਕਾਂ ਦੇ ਦੁੱਖ ਸੁੱਖ ਵਿੱਚ ਕੰਮ ਆਉਣ ਵਾਲੇ ਇੱਕ ਇਮਾਨਦਾਰ ਤੇ ਜ਼ਮੀਨ ਨਾਲ ਜੁੜੇ ਵਿਅਕਤੀ ਭੁਪਿੰਦਰ ਸਿੰਘ, ਜਿਸ ਨੂੰ ਲੋਕ ਪਿਆਰ ਨਾਲ ਕੇਜਰੀਵਾਲ ਕਹਿ ਕੇ ਬੁਲਾਉਂਦੇ ਹਨ, ਨੂੰ ਵੱਡੀ ਲੀਡ ਦਿਵਾ ਕੇ ਅਗਲੇ 5 ਸਾਲ ਲਈ ਨਗਰ ਦੀ ਸੇਵਾ ਸੌਂਪੀ ਹੈ।ਇਸ ਮੌਕੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਪ੍ਰੋਫੈਸਰ ਸੁਰਿੰਦਰ ਪਾਲ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਚੇਅਰਮੈਨ ਨੇ ਹਾਜ਼ਰ ਮੈਂਬਰਾਂ ਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਜਿੱਥੇ ਨਵੀਂ ਚੁਣੀ ਗਈ ਪੰਚਾਇਤ ਨੂੰ ਜਿੱਤ ਦੀ ਵਧਾਈ ਦਿੱਤੀ, ਸਮੁੱਚੀ ਪੰਚਾਇਤ ਨੇ ਆਪਣੇ ਵੱਲੋਂ ਕਿਸੇ ਵੀ ਕੰਮ ਲਈ ਹਰ ਸਮੇਂ ਮੱਦਦ ਦੇਣ ਦਾ ਭਰੋਸਾ ਦਿਵਾਇਆ ਅਤੇ ਨਗਰ ਨਿਵਾਸੀਆਂ ਦਾ ਪਿੰਡ ਦੇ ਵਿਕਾਸ ਇੱਕ ਵਧੀਆ ਟੀਮ ਦੀ ਚੋਣ ਕਰਨ ਲਈ ਧੰਨਵਾਦ ਕੀਤਾ।ਇਸ ਸਮਾਗਮ ਵਿੱਚ ਪੰਚਾਇਤ ਮੈਂਬਰ ਰੁਲਦ ਸਿੰਘ, ਸੁਖਵਿੰਦਰ ਸਿੰਘ ਗੋਗੀ, ਕਾਲਾ ਸਿੰਘ, ਹਰਮੇਸ਼ ਸਿੰਘ, ਪਰਮਜੀਤ ਸਿੰਘ ਬੰਟੀ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਲਖਵਿੰਦਰ ਸਿੰਘ, ਨਵਜੋਤ ਸਿੰਘ, ਸੁਸਾਇਟੀ ਮੈਂਬਰਾਂ ਰਾਮ ਸਿੰਘ, ਅਮਰੀਕ ਸਿੰਘ, ਗੁਰਮੇਲ ਸਿੰਘ, ਲਖਵੀਰ ਸਿੰਘ, ਕਾਮਰੇਡ ਸੀਤਾ ਸਿੰਘ, ਸਾਬਕਾ ਪੰਚ ਮੱਘਰ ਸਿੰਘ, ਨਿਰਮਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰਾਂ ਦੇ ਸਮਰਥਕ ਹਾਜ਼ਰ ਹੋਏ।

28-Oct-PAGE-8.qxd 10/27/2024 9:34 PM Page 1



# ਕੈਬਨਿਟ ਮੰਤਰੀ ਡਾ. ਰਵਜੋਤ ਨੂੰ ਕੀਤਾ ਸਨਮਾਨਤ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)** ਪਿਛਲੀ ਦਿਨੀ ਡਾ. ਰਵਜੋਤ ਸਿੰਘ ਜੋ ਕਿ ਸਥਾਨਕ ਸਰਕਾਰਾਂ ਮੰਤਰੀ ਬਣੇ ਹਨ, ਨੂੰ ਕੁਲਵੰਤ ਸਿੰਘ ਸੈਣੀ ਸਰਪ੍ਰਸਤ ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਅਤੇ ਸਫਾਈ ਕਰਮਚਾਰੀ ਯੂਨੀਅਨ ਦੇ ਵਾਈਸ ਪ੍ਰਧਾਨ ਸੋਮ ਨਾਥ ਆਦੀਆ ਵਲੋਂ ਪੂਰੀ ਟੀਮ ਨਾਲ ਸਨਮਾਨਿਤ ਕੀਤਾ ਗਿਆ। ਸੋਮਨਾਥ ਆਦੀਆਂ ਵਲੋਂ ਇੱਕ ਮੰਗ ਪੱਤਰ ਦਿੰਦੇ ਹੋਏ ਲੋਕਲ ਕਾਰਪੋਰੇਸ਼ਨ ਵਿਚ ਸਫਾਈ ਸੇਵਕਾਂ ਅਤੇ ਸੀਵਰਮੈਨ ਨੂੰ ਪੱਕਾ ਕਰਨਾ ਅਤੇ ਪਰਖਕਾਲ ਸਮਾਂ ਘੱਟ ਕਰਨ ਬਾਰੇ ਵੀ ਗੱਲਬਾਤ ਕੀਤੀ ਗਈ। ਇਸ ਦੇ ਨਾਲ ਹੀ ਬਾਕੀ ਵੱਖ-ਵੱਖ ਮਹਿਕਮਿਆਂ ਵਿਚ ਸਾਰੀਆਂ ਕੈਟਾਗਰੀਆਂ, ਜੋ ਆਊਟਸੋਰਸ 'ਤੇ ਹਨ, ਨੂੰ ਵੀ ਇਨਸੋਰਸ ਕਰਨ ਬਾਰੇ ਗੱਲਬਾਤ ਕੀਤੀ ਗਈ। ਇੱਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਸਰਕਾਰ ਬਣੀ ਨੂੰ ਢਾਈ-ਤਿੰਨ ਸਾਲ ਹੋ ਚੁੱਕੇ ਹਨ। ਸਰਕਾਰ ਜਿਹਨਾਂ ਮੁੱਦਿਆਂ 'ਤੇ ਬਣੀ ਸੀ ਉਨ੍ਹਾਂ ਉੱਪਰ ਪੂਰਾ ਨਹੀਂ ਉੱਤਰੀ ਅਤੇ ਨਾ ਹੀ ਇੰਨੇ ਸਮੇਂ ਦੌਰਾਨ ਮੁਲਾਜ਼ਮ ਜਥੇਬੰਦੀ ਨਾਲ ਕੋਈ ਗੱਲਬਾਤ ਹੀ ਕਰ ਸਕੀ ਹੈ, ਜਿਸ ਕਰਕੇ ਮੁਲਾਜ਼ਮਾਂ ਵਿਚ ਬਹੁਤ ਵੱਡਾ ਰੋਸ ਹੈ। ਮੰਤਰੀ ਜੀ ਪਾਸੋਂ ਮੀਟਿੰਗਾਂ ਦਾ ਸਮਾਂ ਮੰਗਿਆ ਗਿਆ ਅਤੇ ਉਹਨਾਂ ਵਲੋਂ ਵਿਸ਼ਵਾਸ ਦੁਆਇਆ ਗਿਆ ਕਿ ਅਗਲੇ ਹਫਤੇ ਦੇ ਵਿਚ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਦਲੀਪ ਕੁਮਾਰ ਪ੍ਰਧਾਨ, ਕੈਲਾਸ਼, ਬੰਟੀ ਅਤੇ ਹੋਰ ਮੁਲਾਜ਼ਮ ਸ਼ਾਮਲ ਸਨ।

# ਦੋਆਬਾ ਗਰੁੱਪ ਆਫ ਕਾਲਜ 'ਚ ਅਲੱਗ-ਅਲੱਗ ਪ੍ਰਕਾਰ ਦੇ ਪ੍ਰੋਗਰਮ ਕਰਵਾਏ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਇਥੋਂ ਨਜ਼ਦੀਕ ਪਿੰਡ ਛੋਕਰਾਂ ਵਿਖੇ ਸਥਿਤ ਦੋਆਬਾ ਗਰੁੱਪ ਆਫ ਕਾਲਜ ਦੇ ਵਿਹੜੇ ਵਿੱਚ ਸਾਲਾਨਾ ਟੈਲੈਂਟ ਹੰਟ ਟੈਕਨੋਵਿਲਾ ਸਫਲਤਾ ਪੂਰਨ ਸੰਪੰਨ ਹੋਇਆ। ਦੁਆਬਾ ਗਰੁੱਪ ਆਫ ਕਾਲਜ ਵਿੱਚ ਦੂਸਰੇ ਦਿਨ ਬੱਚਿਆਂ ਦਾ ਰੰਗਾ-ਰੰਗ ਪ੍ਰੋਗਰਮ ਦੇਖਣ ਨੂੰ ਮਿਲਿਆ । ਹਲਕਾ ਇੰਚਾਰਜਲਲਿਤ ਮੋਹਨ ਪਾਠਕ, ਡੀਐਸਪੀ ਰਾਜ ਕੁਮਾਰ, ਐੱਸਐੱਚਓ ਰਾਹੋਂ ਜਰਨੈਲ ਸਿੰਘ ਅਤੇ ਹੈਪੀ ਮਾਡਲ ਸਕੂਲ ਦੇ ਪ੍ਰਿੰਸੀਪਲ ਜੋਗਾ ਸਿੰਘ, ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗੋਰਵ ਗਾਬਾ ਰਾਹੋਂ ਆਦਿ ਹਾਜ਼ਰ ਸਨ। ਬੱਚਿਆਂ ਨੇ ਪੰਜਾਬੀ ਕਲਚਰ ਅਤੇ ਗਿੱਧਾ ਅਤੇ ਸ਼ਾਇਰੋ ਸ਼ਾਇਰੀ ਅਤੇ ਮਾਡਲਿੰਗ ਦੇ ਨਾਲ ਸਕਿੱਟਾਂ ਵੀ ਕੀਤੀਆਂ। ਇਸ ਮੌਕੇ ਹਲਕਾ ਇੰਚਾਰਜ਼ ਗੜ੍ਹਸ਼ੰਕਰ ਜੈ ਕਿਸ਼ਨ ਰੋੜੀ ਡਿਪਟੀ ਸਪੀਕਰ ਕੋਲੋਂ ਪਹਿਲੇ ਸਥਾਨ 'ਤੇ ਆਏ ਬੱਚਿਆਂ ਨੂੰ ਇਨਾਮ ਦਿਵਾਏ ਗਏ ਅਤੇ ਸਨਮਾਨਤ ਕੀਤਾ। ਵਿਦਿਆਰਥੀਆਂ ਵੱਲੋਂ ਖਾਣ ਪੀਣ ਦਾ ਸਟਾਲ ਲਗਾਏ ਗਏ। ਇੱਥੋਂ ਮੈਨੇਜਮੈਂਟ ਤੋਂ ਗੁਰਪ੍ਰੀਤ ਸਿੰਘ ਬਾਠ ਤੇ ਨਵਪ੍ਰੀਤ ਸਿੰਘ ਬਾਠ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਥੇ ਖਾਣਾ ਬਣਾਉਣ ਦੇ ਮੁਕਾਬਲੇ ਵੀ ਰੱਖੇ ਗਏ ਸਨ ਤੇ ਲਾਜਵਾਬ ਖਾਣਿਆ ਤੋਂ ਖਾਣ ਪੀਣ ਵਾਲੇ ਬਹੁਤ ਹੀ ਪ੍ਰਭਾਵਿਤ ਹੋਏ। ਇਸ ਮੌਕੇ ਹਲਕਾ ਵਿਧਾਇਕ ਗੜ੍ਹਸ਼ੰਕਰ ਜੈ ਕਿਸ਼ਨ ਰੋੜੀ ਡਿਪਟੀ ਸਪੀਕਰ ਪੰਜਾਬ ਸਰਕਾਰ ਨੇ ਵਿਦਿਆਰਥੀ ਨੂੰ ਸੰਬੋਧਨ ਕਰਦਿਆ ਕਿਹਾ ਕਿ ਵਿਦਿਆ ਸਭ ਲਈ ਜ਼ਰੂਰੀ ਹੈ। ਉਹਨਾਂ ਪੰਜ ਲੱਖ ਰੁਪਏ ਕਾਲਜ ਨੂੰ ਦੇਣ ਦਾ ਐਲਾਨ ਕੀਤਾ। ਇਸ ਮੌਕੇ ਤੇ ਡਾ. ਰਾਜੇਸ਼ਵਰ ਸਿੰਘ, ਪ੍ਰਿੰਸੀਪਲ ਖੁਸ਼ਪ੍ਰੀਤ ਕੌਰ ਬਾਠ, ਨਾਨਕਸ਼ਰਣ ਸਿੰਘ, ਹਰਵਿੰਦਰ ਕੌਰ, ਕਿਰਨ ਬਾਲਾ, ਨਰੇਸ਼ ਕੁਮਾਰ, ਕਨੂਪ੍ਰੀਆ, ਸੰਗੀਤਾ ਰਾਣੀ, ਗੁਰਪਾਲ ਸਿੰਘ, ਗੁਰਵਿੰਦਰ ਸਿੰਘ ਮਾਂਗਟ, ਰਜਿੰਦਰ ਸਿੰਘ, ਦੀਪ ਸੰਧੂ ਆਦਿ ਵੀ ਹਾਜ਼ਰ ਸਨ।

# ਚੱਬੇਵਾਲ ਨੇ ਡਾ: ਇਸ਼ਾਂਕ ਕੁਮਾਰ ਦੇ ਹੱਕ 'ਚ ਪਿੰਡ ਵਾਸੀਆਂ ਨੂੰ ਕੀਤਾ ਲਾਮਬੰਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਚੱਬੇਵਾਲ ਉਪ ਚੋਣ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ।ਆਮ ਆਦਮੀ ਪਾਰਟੀ ਦੀ ਤਰਫੋਂ ਪਾਰਟੀ ਦੇ ਸੰਸਦ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਨੇ ਸ਼ਨੀਵਾਰ ਨੂੰ ਪਿੰਡ ਮੰਨਣਹਾਨਾ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕੀਤਾ।ਇਸ ਦੌਰਾਨ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ.ਇਸ਼ਾਂਕ ਕੁਮਾਰ ਦੇ ਹੱਕ ਵਿੱਚ ਪਿੰਡ ਵਾਸੀਆਂ ਨੂੰ ਲਾਮਬੰਦ ਕੀਤਾ ਅਤੇ ਪਾਰਟੀ ਦੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਡਾ. ਚੱਬੇਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਨੇ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਬੇਮਿਸਾਲ ਵਿਕਾਸ ਕਾਰਜ ਕੀਤੇ ਹਨ।ਪੰਜਾਬ ਦੇ ਲੋਕਾਂ ਦਾ ਭਰੋਸਾ ਸਾਡੀ ਸਰਕਾਰ ਦੇ ਇਮਾਨਦਾਰ ਅਤੇ ਪਾਰਦਰਸ਼ੀ ਕੰਮਾਂ ਦਾ ਨਤੀਜਾ ਹੈ, ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਗਿਆ ਹੈ ਅਤੇ ਮੁਹੱਲਾ ਕਲੀਨਿਕਾਂ ਰਾਹੀਂ ਮੁਫਤ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਸੰਸਦ ਮੈਂਬਰ ਨੇ ਪਿੰਡ ਮੰਨਣਹਾਣਾ, ਨਕਦੀਪੁਰ, ਖੈਰੜ ਰਾਵਲ ਬਸੀ ਦੇ ਵਾਸੀਆਂ ਨੂੰ ਜ਼ਿਮਨੀ ਚੋਣ ਵਿੱਚ ਡਾ: ਇਸ਼ਾਂਕ ਕੁਮਾਰ ਦਾ ਸਾਥ ਦੇਣ ਦੀ ਅਪੀਲ ਕੀਤੀ ਇਸ ਮੌਕੇ ਪਿੰਡ ਦੇ ਕਈ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਡਾ.ਇਸ਼ਾਂਕ ਕੁਮਾਰ ਨੂੰ ਆਪਣੇ ਸਹਿਯੋਗ ਦਾ ਭਰੋਸਾ ਦਿੱਤਾ। ਪਿੰਡ ਵਾਸੀਆਂ ਦੇ ਉਤਸ਼ਾਹ ਨੂੰ ਦੇਖਦਿਆਂ ਸਾਫ਼ ਹੈ ਕਿ ਚੱਬੇਵਾਲ ਉਪ ਚੋਣ ਵਿੱਚ ਮੁਕਾਬਲਾ ਇੱਕ ਤਰਫਾ ਹੋਵੇਗਾ। ਇਸ ਜਨ ਸਭਾ ਰਾਹੀਂ ਆਮ ਆਦਮੀ ਪਾਰਟੀ ਨੇ ਆਪਣੀ ਰਣਨੀਤੀ ਮਜ਼ਬੂਤ ਕਰਦਿਆਂ ਪੇਂਡੂ ਖੇਤਰਾਂ ਵਿੱਚ ਆਪਣੀ ਪਕੜ ਵਧਾਉਣ ਦੇ ਸੰਕੇਤ ਦਿੱਤੇ ਹਨ। ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਵਿਕਾਸ ਕਾਰਜਾਂ ਸਦਕਾ ਉਹ ਜ਼ਿਮਨੀ ਚੋਣਾਂ ਵਿੱਚ ਵੱਡੀ ਜਿੱਤ ਦਰਜ ਕਰਨਗੇ।

# ਡੇਂਗੂ 'ਤੇ ਵਾਰ ਮੁਹਿੰਮ ਅਧੀਨ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਕੀਤਾ ਜਾਗਰੂਕ



**ਮੋਰਿੰਡਾ (ਜੈਜ਼ੀ ਸਰਦਾਰ)** ਸਿਹਤ ਤੇ ਪਰਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾ. ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਹੁਕਮਾਂ ਅਤੇ ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਚਮਕੌਰ ਸਾਹਿਬ ਤੇ ਪਰਵਿੰਦਰ ਸਿੰਘ ਕਾਰਜ ਸਾਧਕ ਅਫਸਰ ਮੋਰਿੰਡਾ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਅਧੀਨ ਸਿਹਤ ਵਿਭਾਗ ਵੱਲੋਂ ਅਰਬਨ ਮੋਰਿੰਡਾ ਵਿਖੇ ਡੇਂਗੂ ਸੰਬੰਧੀ ਗਤੀਵਿਧੀਆਂ ਕੀਤੀਆਂ ਗਈਆਂ ਤੇ ਸ਼ਹੀਦ ਭਗਤ ਸਿੰਘ ਨਗਰ ਮੋਰਿੰਡਾ ਵਿਖੇ ਆਏ ਡੇਂਗੂ ਪੋਜ਼ੀਟਿਵ ਕੇਸ ਦੇ ਸੰਬੰਧ 'ਚ ਗਤੀਵਿਧੀਆਂ ਕੀਤੀਆਂ ਗਈਆਂ।ਇਸ ਮੌਕੇ ਐਸ ਆਈ ਰਾਮਸਰਨ ਸਿੰਘ ਤੇ ਵਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਥਾਂ, ਕਿਸੀ ਭਾਂਡੇ, ਕੂਲਰਾਂ, ਫਰਿਜਾਂ ਦੀਆਂ ਟ੍ਰੇਆਂ, ਗਮਲਿਆਂ, ਟਾਇਰਾਂ ਆਦਿ ਵਿੱਚ ਪਾਣੀ ਇੱਕ ਹਫਤੇ ਤੋਂ ਜਿਆਦਾ ਦੇਰ ਤੱਕ ਇੱਕਠਾ ਰਹਿੰਦਾ ਹੈ ਤਾਂ ਉਸ ਪਾਣੀ ਵਿੱਚ ਡੇਂਗੂ ਦੇ ਮੱਛਰ ਦਾ ਲਾਰਵਾ ਪੈਦਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਇਸ ਲਈ ਹਰ ਸ਼ੁੱਕਰਵਾਰ ਡਰਾਈ ਡੇਅ ਵਜ਼ੋਂ ਮਨਾਇਆ ਜਾਂਦਾ ਹੈ।ਇਸ ਮੌਕੇ ਐਸ ਆਈ ਵਰਿੰਦਰ ਸਿੰਘ ਨਗਰ ਕੌਂਸਲ ਨੇ ਕਿਹਾ ਕਿ ਆਪਣੇ ਘਰਾਂ ਤੇ ਘਰਾਂ ਤੋਂ ਬਾਹਰ ਆਪਣੇ ਆਪਣੇ ਦੁਆਲੇ ਦੀ ਸਫਾਈ ਰੱਖੀ ਜਾਵੇ ਤਾਂ ਕਿ ਨਾਲੀਆਂ ਬੰਦ ਨਾਂ ਹੋਣ।ਇਸ ਮੌਕੇ ਗੁਰਬਿੰਦਰ ਸਿੰਘ, ਗੁਰਲਾਲ ਸਿੰਘ, ਮੇਜਰ ਸਿੰਘ, ਮਲਕੀਤ ਸਿੰਘ ਆਸ਼ਾ ਕਿਰਨਜੀਤ ਕੌਰ ਆਦਿ ਹਾਜ਼ਰ ਸਨ।

# ਗੁਰਪੁਰਬ ਸੰਬੰਧੀ ਪ੍ਰਭਾਤ ਫੇਰੀ ਕੱਢੀ



**ਮੋਰਿੰਡਾ (ਜੈਜ਼ੀ ਸਰਦਾਰ)** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸੰਬੰਧੀ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਤੋਂ ਪ੍ਰਭਾਤ ਫੇਰੀ ਕੱਢੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਹਰਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਸਜਾਈ ਪ੍ਰਭਾਤ ਫੇਰੀ ਵਿੱਚ ਗੁਰਦੀਪ ਸਿੰਘ, ਗੁਰਮੀਤ ਸਿੰਘ, ਸੰਤਪਾਲ ਸਿੰਘ, ਚਰਨਜੀਤ ਸਿੰਘ, ਬਸਰਾ ਸਿੰਘ, ਸੰਤ ਸਿੰਘ, ਭਿੰਦਰ ਸਿੰਘ, ਸੁਖਪ੍ਰੀਤ ਸਿੰਘ ਗਿਆਨ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਨਿੰਜੇ ਦੇ 'ਆਦਤ' ਗੀਤ ਨੇ ਸੰਗੀਤਕ ਸ਼ਾਮ ਸਿਖਰ 'ਤੇ ਪਹੁੰਚਾ ਦਰਸ਼ਕ ਕੀਤੇ ਭਾਵੁਕ



**ਮੋਹਾਲੀ, (ਗੁਰਜੀਤ ਬਿੱਲਾ)** ਖੇਤਰੀ ਸਰਸ ਮੇਲਾ ਮੋਹਾਲੀ ਵਾਸੀਆਂ ਦੇ ਸਹਿਯੋਗ ਨਾਲ਼ ਹਰ ਰੋਜ਼ ਨਵੀਆਂ ਪੈੜਾਂ ਪਾ ਰਿਹਾ ਹੈ।ਸ਼ਾਮ ਸਮੇਂ ਮੇਲੀਆਂ ਦੀ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਆਮਦ ਸ਼ੁਰੂ ਹੋ ਜਾਂਦੀ ਹੈ, ਜੋ ਰਾਤ ਦੇ 11 ਵਜੇ ਤੱਕ ਟਿਮਟਮਾਉਂਦੇ ਜੁਗਨੂਆਂ ਵਾਂਗੂ ਮੇਲੇ ਦਾ ਆਨੰਦ ਮਾਣਦੇ ਹਨ।ਮੇਲੇ ਦੇ ਅੱਠਵੇਂ ਦਿਨ ਸੰਗੀਤਕ ਸ਼ਾਮ ਦੀ ਸ਼ੁਰੂਆਤ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਦੇ ਗੀਤ 'ਕਿੱਥੇ ਗਈ ਸੂਹੀ ਸੂਹੀ ਸੰਗ ਨੀ ਪੰਜਾਬਣੇ' ਕੌਣ ਪਾਊ ਚਰਖੇ ਦੇ ਤੰਦ ਨੀ ਪੰਜਾਬਣੇ ਨਾਲ਼ ਕੀਤੀ। ਉਸ ਤੋਂ ਬਾਅਦ ਮੇਲਾ ਦੇਖਣ ਆਏ ਮੇਲੀਆਂ ਨੂੰ ਪੰਜਾਬੀ ਦੇ ਮਸ਼ਹੂਰ ਲੋਕ ਗਾਇਕ ਨਿੰਜੇ ਦੀ ਗਾਇਕੀ ਨੇ ਝੂੰਮਣ ਲਗਾ ਦਿੱਤਾ।ਨਿੰਜੇ ਵੱਲੋਂ ਆਪਣੇ ਚਰਚਿਤ ਗੀਤ ਲਾਇਸੰਸ, ਮੁਕਾਬਲਾ, ਗੱਲ ਜੱਟਾਂ ਵਾਲੀ, ਰੋਈ ਨਾ ਅਤੇ ਦਿਲ ਗਾ ਕੇ ਲੋਕਾਂ ਨੂੰ ਮੰਤਰ ਮੁਗਧ ਕਰ ਦਿੱਤਾ।ਜਦੋਂ ਨਿੰਜੇ ਨੇ ਆਪਣਾ ਮਸ਼ਹੂਰ ਗੀਤ 'ਆਦਤ' ਨੂੰ ਗਾਉਣਾ ਸ਼ੁਰੂ ਕੀਤਾ ਤਾਂ ਉਹ ਮੇਲੇ ਦਾ ਸਿਖਰ ਹੋ ਨਿਬੜਿਆ ਤੇ ਮੇਲਾ ਦੇਖਣ ਆਏ ਮੇਲੀ ਭਾਵੁਕ ਹੋ ਗਏ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਰਾਜ ਸ਼ਿਆਮਕਰਨ ਤਿੜਕੇ ਅਤੇ ਮੇਲਾ ਅਫਸਰ ਸੋਨਮ ਚੌਧਰੀ ਨੇ ਵੀ ਨਿੰਜੇ ਦੇ ਗੀਤਾਂ ਦਾ ਭਰਪੂਰ ਆਨੰਦ ਮਾਣਿਆ।ਇਸ ਮੌਕੇ 'ਬੇਟੀ ਬਚਾਓ, ਬੇਟੀ ਪੜ੍ਹਾਉ' ਦਾ ਸੁਨੇਹਾ ਦਿੰਦੀ ਹੋਈ ਇੱਕ ਲਘੂ ਫਿਲਮ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਵੱਲੋਂ ਦਿਖਾਈ ਗਈ।

# ਐੱਸ ਟੀ ਐੱਸ ਵਰਲਡ ਸਕੂਲ 'ਚ ਮਨਾਇਆ ਸਾਲਾਨਾ ਖੇਡ ਦਿਵਸ



**ਗੁਰਾਇਆ (ਬਿੰਦਰ ਸੁਮਨ)** ਅੱਜ ਐੱਸ. ਟੀ. ਐੱਸ.ਵਰਲਡ ਸਕੂਲ ਵਿੱਚ ਖੇਡ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਨੂੰ ਬਹੁਤ ਖ਼ੂਬਸੂਰਤੀ ਦੇ ਨਾਲ ਸਜਾਇਆ ਗਿਆ । ਇਸ ਮੌਕੇ ਮੁੱਖ ਮਹਿਮਾਨ ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਪ੍ਰਭਜੋਤ ਕੌਰ ਗਿੱਲ ਸਨ, ਜਿਨ੍ਹਾਂ ਦਾ ਫੌਜੀ ਬੈਂਡ ਦੇ ਵਿਦਿਆਰਥੀਆਂ ਨੇ ਨਿੱਘਾ ਸਵਾਗਤ ਕੀਤਾ ਤੇ ਸੁਆਗਤੀ ਗੀਤ ਪੇਸ਼ ਕੀਤਾ ਉਸ ਤੋਂ ਬਾਅਦ ਸ਼ਮਾ ਰੌਸ਼ਨ ਕੀਤੀ ਗਈ। ਫਿਰ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਤੇ ਰਾਸ਼ਟਰੀ ਗੀਤ ਨਾਲ ਸਾਰਾ ਖੇਡ ਦਾ ਮੈਦਾਨ ਗੂੰਜ ਉੱਠਿਆ। ਵਿਦਿਆਰਥਣਾਂ ਦੁਆਰਾ ਪੇਸ਼ ਕੀਤਾ ਨਾਚ ਬਹੁਤ ਹੀ ਖ਼ੂਬਸੂਰਤ ਤੀਜੀ ਜਮਾਤ ਦੇ ਵਿਦਿਆਰਥੀਆਂ ਲਈ ਕੈਂਡੀ ਹਾਈਡ ਦੌੜ , ਚੌਥੀ ਜਮਾਤ ਦੇ ਵਿਦਿਆਰਥੀਆਂ ਵਿੱਚ ਹਰਡਲ ਦੌੜ, ਪੰਜਵੀਂ ਜਮਾਤ ਦੀ ਵਿਦਿਆਰਥੀਆਂ ਵਾਸਤੇ 100 ਮੀਟਰ ਦੌੜ , ਛੇਵੀਂ ਜਮਾਤ ਵਿੱਚ ਕੈਂਡੀ ਪਿੱਕ ਦੌੜ , ਸੱਤਵੀ ਲਈ ਕੋਨ ਉਪਰ ਗੁਬਾਰਾ ਟਿਕਾਈ ਰੱਖ ਕੇ ਦੌੜ, ਅੱਠਵੀਂ ਲਈ ਬਲੂਨ ਬੈਲੰਸ ਦੌੜ, ਨੌਵੀਂ ਲਈ ਪਾਸ ਦਾ ਬਾਲ ਖੇਡ, ਦਸਵੀਂ ਵਾਸਤੇ ਪੇਪਰ ਦੌੜ, ਗਿਆਰ੍ਹਵੀਂ ਤੇ ਬਾਰਵੀਂ ਲਈ ਰਿਲੇ ਦੌੜ ਵੀ ਕਰਵਾਈ ਗਈ ਅੰਤ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਰੱਸਾਕਸ਼ੀ ਦੀ ਖੇਡ ਹੋਈ। ਖੇਡਾਂ ਦੌਰਾਨ ਬੱਚਿਆਂ ਦਾ ਉਤਸ਼ਾਹ ਵੇਖਣ ਵਾਲਾ ਸੀ। ਕੈਂਡੀ ਹਾਈਡ ਰੇਸ ਵਿੱਚੋਂ ਤੀਸਰੀ ਜਮਾਤ ਦੇ ਮੁੰਡਿਆਂ ਵਿੱਚੋਂ ਆਕਸਫੋਰਡ ਹਾਊਸ ਦੇ ਅਭਿਜੀਤ ਸਿੰਘ ਨੇ ਪਹਿਲਾ ਤੇ ਆਕਸਫੋਰਡ ਹਾਊਸ ਦੇ ਸਾਹਿਬ ਕੌਲ ਨੇ ਦੂਜਾ ਅਤੇ ਕੈਮਰੇਜ ਹਾਊਸ ਦੇ ਸਾਹਿਲ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚੋਂ ਕੈਮਰੇਜ ਹਾਊਸ ਦੀ ਜਸਪ੍ਰੀਤ ਨੇ ਪਹਿਲਾ ਅਤੇ ਕੈਮਰੇਜ ਹਾਊਸ ਦੀ ਸੀਰਤ ਨੇ ਦੂਜਾ ਤੇ ਕੈਮਰੇਜ ਹਾਊਸ ਦੀ ਸਿਮਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਹਰਡਲ ਰੇਸ ਵਿੱਚ ਚੌਥੀ ਜਮਾਤ ਵਿੱਚੋਂ ਮੁੰਡਿਆਂ ਵਿੱਚੋਂ ਹਰਵਰਡ ਹਾਊਸ ਦੇ ਗੁਰਜੋਤ ਨੇ ਪਹਿਲਾ, ਕੈਮਰੇਜ ਹਾਊਸ ਦੇ ਗੁਰਨਵ ਨੇ ਦੂਜਾ ਤੇ ਕੈਮਰੇਜ ਹਾਊਸ ਦੇ ਅਰਜੁਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਵਿੱਚੋਂ ਹਰਵਰਡ ਹਾਊਸ ਦੀ ਸੁਖਰੀਤ ਨੇ ਪਹਿਲਾ,ਆਕਸਫੋਰਡ ਹਾਊਸ ਦੀ ਹਰਲੀਨ ਨੇ ਦੂਜਾ ਤੇ ਕੈਂਬਰਿਜ ਹਾਊਸ ਦੀ ਹਰਿਕਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਸ਼੍ਰੀਮਤੀ ਪ੍ਰਭਜੋਤ ਕੌਰ ਗਿੱਲ ਨੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਦੀ ਸ਼ਲਾਘਾ ਕਰਦੇ ਹੋਏ ਉਹਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਚ ਭਾਗ ਲੈਣਾ ਬਹੁਤ ਵੱਡੀ ਗੱਲ ਹੁੰਦੀ ਹੈ, ਜਿੱਤ ਤੇ ਹਾਰ ਜ਼ਿੰਦਗੀ ਦਾ ਹਿੱਸਾ ਹਨ ।ਇਸ ਲਈ ਹਰ ਵਿਦਿਆਰਥੀ ਨੂੰ ਇਹਨਾਂ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ

# ਡੀ ਸੀ ਦਫਤਰ ਅੱਗੇ ਰੋਸ ਧਰਨਾ 8 ਨੂੰ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਕਿਸਾਨ ਮਜ਼ਦੂਰ ਮੋਰਚਾ ਪੰਜਾਬ ਦੇ ਆਗੂਆਂ ਨੇ ਮੋਹਰਾਂ ਦਾਣਾ ਮੰਡੀ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਫਸਲ ਵੇਚਣ ਵਿੱਚ ਆ ਰਹੀਆਂ ਮੁਸ਼ਕਲਾਂ ਤੇ ਕਿਸਾਨਾਂ ਨਾਲ ਵਿਚਾਰ ਚਰਚਾ ਕੀਤੀ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਸਲ ਦੇ ਖਰੀਦ ਪ੍ਰਬੰਧਾਂ ਨੂੰ ਤੁਰੰਤ ਦਰੁਸਤ ਕੀਤਾ ਜਾਵੇ ਤਾਂ ਕਿ ਕਿਸਾਨਾਂ ਨੂੰ ਫਸਲ ਵੇਚਣ ਵਿੱਚ ਕੋਈ ਮੁਸ਼ਕਲ ਨਾ ਆਵੇ ਇਸੇ ਤਰ੍ਹਾਂ ਉਹਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਫਸਲ ਦੀ ਲਿਫਟਿੰਗ ਦਾ ਪ੍ਰਬੰਧ ਤੇਜ ਕੀਤਾ ਜਾਵੇ ਤਾਂ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਦਿੱਕਤ ਨਾ ਆਵੇ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਜਨਾ ਸਕੱਤਰ ਸਾਂਝਾ ਕਿਸਾਨ ਮੋਰਚਾ ਪੰਜਾਬ ਨੇ ਮੰਗ ਕੀਤੀ ਕਿ ਧੌਲ ਸੁਸਾਇਟੀ ਵਿੱਚ ਹੋਏ ਘਪਲੇ ਦੇ ਪੀੜਤ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਤੁਰੰਤ ਰਾਹਤ ਦਿੱਤੀ ਜਾਵੇ ਅਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਤੇਜ਼ ਕੀਤੀ ਜਾਵੇ ਜਿਲ੍ਹੇ ਵਿੱਚ ਮਨਰੇਗਾ ਮਜ਼ਦੂਰਾਂ ਦੇ ਕੰਮ ਵਿੱਚ ਸਿਆਸੀ ਦਖ਼ਲ ਬੰਦ ਕੀਤਾ ਜਾਵੇ ਮਜ਼ਦੂਰਾਂ ਨੂੰ ਕੰਮ ਵਿੱਚ ਮਜ਼ਦੂਰਾਂ ਨੂੰ 200 ਦਿਨ ਦਾ ਕੰਮ ਦਿੱਤਾ ਜਾਵੇ ਅਤੇ 700 ਦਿਹਾੜੀ ਦਿੱਤੀ ਜਾਵੇ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਅੱਠ ਨਵੰਬਰ ਨੂੰ ਡੀ ਸੀ ਦਫਤਰ ਨਵਾਂਸ਼ਹਿਰ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਹਿੱਤ ਇੱਕ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

# ਮਹਿਮੀ ਜੱਦੀ ਜਠੇਰੇਆਂ ਦਾ 38ਵਾਂ ਮੇਲਾ ਮੁਠੱਡਾ ਕਲਾਂ ਵਿਖੇ 2 ਨਵੰਬਰ



**ਅੱਪਰਾ, ਗੁਰਾਇਆ (ਨਿਰਮਲ ਗੁੜਾ, ਬਿੰਦਰ ਸੁੰਮਨ)** - ਜਿਲ੍ਹਾ ਜਲੰਧਰ ਤੇ ਤਹਿਸੀਲ ਫਿਲੌਰ ਦੇ ਪਿੰਡ ਮੁਠੱਡਾ ਕਲਾਂ ਵਿਖੇ ਮਹਿਮੀ ਜੱਦੀ ਜਠੇਰੇਆਂ ਦਾ 38ਵਾਂ ਮੇਲਾ 2 ਨਵੰਬਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਮਹਿਮੀ ਜਠੇਰੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਪੂਰ ਚੰਦ, ਸਕੱਤਰ ਸ਼ਾਮ ਲਾਲ ਅਤੇ ਮੈਂਬਰ ਸਹਿਬਾਨਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਿਮੀ ਜਠੇਰੇ ਪ੍ਰਬੰਧਕ ਕਮੇਟੀ ਅਤੇ ਗ੍ਰਾਮ ਪੰਚਾਇਤ ਵੱਲੋਂ ਮੇਲਾ 2 ਨਵੰਬਰ ਨੂੰ ਬੜੀ ਸ਼ਰਧਾ ਅਤੇ ਧੂਮਧਾਮ ਮਨਾਇਆ ਜਾਵੇਗਾ।

ਇਸ ਮੇਲੇ ਤੇ ਹਰ ਸਾਲ ਦੇਸ਼ ਵਿਦੇਸ਼ ਤੋਂ ਸੰਗਤ ਬੜੇ ਉਤਸ਼ਾਹ ਨਾਲ ਆਉਂਦੀ ਹੈ।ਉਹਨਾਂ ਅਗੇ ਦੱਸਿਆ ਕਿ ਇਸ ਮੌਕੇ ਪ੍ਰਸਿੱਧ ਕਲਾਕਾਰ ਕਾਸ਼ੀ ਨਾਥ ਅਤੇ ਹੋਰ ਕਲਾਕਾਰ ਧਾਰਮਿਕ ਅਤੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕਰਕੇ ਸੰਗਤ ਨੂੰ ਨਿਹਾਲ ਕਰਨਗੇ।

# ਏ ਜੀ ਆਈ ਆਰਟ ਮਿਊਜ਼ਿਕ ਤੇ ਕਲਚਰਲ ਗਰੁੱਪ ਨੇ ਪ੍ਰੀ-ਦੀਵਾਲੀ ਸਮਾਰੋਹ ਕਰਵਾਇਆ



**ਜਲੰਧਰ (ਰਾਜੇਸ਼ ਥਾਪਾ)** ਦੀਵਾਲੀ ਭਾਰਤ ਦੇ ਸਭ ਤੋਂ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੈ। ਦੀਵਾਲੀ ਹਰ ਕਿਸੇ ਲਈ ਖੁਸ਼ੀ ਅਤੇ ਉਤਸ਼ਾਹ ਲੈ ਕੇ ਆਉਂਦੀ ਹੈ।ਲੋਕ ਅਸਲ ਤਿਉਹਾਰ ਤੋਂ ਕਈ ਦਿਨ ਪਹਿਲਾਂ ਦੀਵਾਲੀ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ।ਤਿਉਹਾਰਾਂ ਦੇ ਮੌਸਮ ਦਾ ਆਨੰਦ ਲੈਣ ਲਈ, ਲੋਕ ਆਪਣੇ ਆਂਢ-ਗੁਆਂਢ ਜਾਂ ਹਾਊਸਿੰਗ ਸੁਸਾਇਟੀਆਂ ਵਿੱਚ ਸੰਗੀਤਕ ਸ਼ਾਮਾਂ ਅਤੇ ਖੇਡਾਂ ਵਰਗੇ ਮਜ਼ੇਦਾਰ ਸਮਾਗਮਾਂ ਦਾ ਆਯੋਜਨ ਕਰਦੇ ਹਨ। ਇਹ ਇਵੈਂਟਾਂ ਲੋਕਾਂ ਨੂੰ ਇਕੱਠੇ ਹੋਣ, ਆਪਣੇ ਗੁਆਂਢੀਆਂ ਨੂੰ ਮਿਲਣ ਅਤੇ ਦੋਸਤਾਨਾ ਗੱਲਬਾਤ ਦਾ ਆਨੰਦ ਲੈਣ ਦਾ ਮੌਕਾ ਦਿੰਦੀਆਂ ਹਨ।ਏਜੀਆਈ ਆਰਟ ਮਿਊਜ਼ਿਕ ਐਂਡ ਕਲਚਰਲ ਗਰੁੱਪ ਵੱਲੋਂ ਜਲੰਧਰ ਹਾਈਟਸ ਜਲੰਧਰ ਵਿਖੇ ਵਿਸ਼ੇਸ਼ ਸੰਗੀਤਕ ਸ਼ਾਮ ਅਤੇ ਮਜ਼ੇਦਾਰ ਤੰਬੋਲਾ ਖੇਡਾਂ ਦਾ ਆਯੋਜਨ ਕੀਤਾ ਗਿਆ।

ਏਜੀਆਈ ਆਰਟ ਮਿਊਜ਼ਿਕ ਐਂਡ ਕਲਚਰਲ ਗਰੁੱਪ ਦੇ ਸਕੱਤਰ ਸੁਰਿੰਦਰ ਭਾਂਬਰੀ ਨੇ ਏਜੀਆਈ ਇਨਫਰਾ ਲਿਮਟਿਡ ਦੀਆਂ ਰਿਹਾਇਸ਼ੀ ਸੁਸਾਇਟੀਆਂ ਦੇ ਉੱਘੇ ਨਾਗਰਿਕਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਸਾਡੇ ਸ਼ੁਭ ਸੱਭਿਆਚਾਰਕ ਤਿਉਹਾਰਾਂ 'ਤੇ ਅਜਿਹੇ ਸਮਾਜਿਕ ਸਮਾਗਮ ਲੋਕਾਂ ਵਿੱਚ ਆਪਸੀ ਸਦਭਾਵਨਾ ਅਤੇ ਭਾਈਚਾਰਾ ਪੈਦਾ ਕਰਦੇ ਹਨ।

ਏਜੀਆਈ ਇਨਫਰਾ ਲਿਮਟਿਡ ਦੀਆਂ ਰਿਹਾਇਸ਼ੀ ਸੁਸਾਇਟੀਆਂ ਦੇ ਮੁੱਖ ਪ੍ਰਬੰਧਕ ਮੇਜਰ ਜਨਰਲ ਅਰੁਣ ਖੰਨਾ ( ਰਿਟਾਇਰਡ ) ਨੇ ਸਮਾਗਮ ਦੀ ਕਾਰਵਾਈ ਦਾ ਸੰਚਾਲਨ ਕੀਤਾ ਅਤੇ ਗਾਇਕ ਵਜੋਂ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਆਪਣੇ ਦੋਹੇ ਆਦਿ ਨਾਲ ਮਹਿਮਾਨਾਂ ਦਾ ਮਨੋਰੰਜਨ ਕੀਤਾ।ਦੂਜੇ ਹਾਊਸ ਦਾ ਸੰਚਾਲਨ ਸੁਸਾਇਟੀ ਦੇ ਵਸਨੀਕ ਅਤੇ ਵਿੱਤੀ ਪ੍ਰਬੰਧਨ ਸਲਾਹਕਾਰ ਸ੍ਰੀ ਮਨਿੰਦਰ ਸਿੰਘ ਨੇ ਕੀਤਾ।ਸ਼੍ਰੀਮਤੀ ਸਲਵਿੰਦਰਜੀਤ ਕੌਰ, ਏਜੀਆਈ ਹਾਸਪਿਟੈਲਿਟੀ ਦੀ ਚੇਅਰਪਰਸਨ ਅਤੇ ਏਜੀਆਈ ਇਨਫਰਾ ਲਿਮਟਿਡ ਦੇ ਡਾਇਰੈਕਟਰ ਨੇ ਮੁੱਖ ਮਹਿਮਾਨ ਵਜੋਂ ਪਹਿਲੇ ਅਤੇ ਦੂਜੇ ਹਾਊਸ ਦੇ ਜੇਤੂਆਂ ਨੂੰ ਇਨਾਮ ਵੰਡੇ।

ਏਜੀਆਈ ਆਰਟ ਮਿਊਜ਼ਿਕ ਐਂਡ ਕਲਚਰਲ ਗਰੁੱਪ ਨੇ ਸ਼੍ਰੀ ਤਰਸੇਮ ਸਿੰਘ ਲਾਲੀ, ਸਰਵਦੀਪ ਸਿੰਘ ਲਾਲੀ, ਐੱਸ ਵੀ ਹੰਸ, ਸ਼੍ਰੀਮਤੀ ਅਦਿਤੀ ਹੰਸ, ਸੁਮਿਤ ਸ਼ਰਮਾ, ਵਿਕ ਧੀਮਾਨ, ਰਮਨ, ਗਗਨ ਚੌਧਰੀ ਅਤੇ ਸੁਧੀਰਪੁਰੀ ਨੂੰ ਵੀ ਸਨਮਾਨਿਤ ਕੀਤਾ।

# ਆਰ ਬੀ ਯੂ ਵਿਖੇ ਫਸਲਾਂ ਦੀ ਰਹਿੰਦ-ਖੂੰਹਦ ਬਾਰੇ ਵਰਕਸ਼ਾਪ



**ਮੋਹਾਲੀ/ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਿਜ਼ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ, ਮੋਹਾਲੀ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਲੁਧਿਆਣਾ ਦੇ ਸਹਿਯੋਗ ਨਾਲ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਵਿਸ਼ੇ 'ਤੇ ਇੱਕ ਵਰਕਸ਼ਾਪ ਅਤੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਉਦਘਾਟਨ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਸਤੀਸ਼ ਕੁਮਾਰ ਬਾਂਸਲ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਮੋਹਾਲੀ ਦੀ ਟੀਮ ਨਾਲ ਮਿਲ ਕੇ ਕੀਤਾ। ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਿਜ਼ ਦੀ ਮੁਖੀ ਡਾ. ਅਮਿਤਾ ਮਹਾਜਨ ਨੇ ਵਾਈਸ-ਚਾਂਸਲਰ ਡਾ. ਸਤੀਸ਼ ਕੁਮਾਰ ਬਾਂਸਲ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਟੀਮ ਮੈਂਬਰਾਂ ਦਾ ਸਵਾਗਤ ਕੀਤਾ। ਉਸਨੇ ਵਰਕਸ਼ਾਪ ਦੀ ਮਹੱਤਤਾ ਬਾਰੇ ਦੱਸਿਆ ਜੋ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਨੂੰ ਹੋਣ ਵਾਲੇ ਪ੍ਰਦੂਸ਼ਣ ਤੋਂ ਬਚਣ ਲਈ ਸਮੇਂ ਦੀ ਲੋੜ ਹੈ।ਵਾਈਸ-ਚਾਂਸਲਰ ਡਾ. ਬਾਂਸਲ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਦੱਸਿਆ ਅਤੇ ਇਸ ਸਮੱਸਿਆ ਦੇ ਹੱਲ ਲਈ ਵਿਗਿਆਨੀਆਂ ਤੋਂ ਹੱਲ ਮੰਗੇ।ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਡਾ. ਬਲਬੀਰ ਖੱਡਾ ਨੇ ਇਨ ਸੀਟੂ ਅਤੇ ਐਕਸ-ਸੀਟੂ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਵਿਸ਼ੇ 'ਤੇ ਭਾਸ਼ਣ ਦਿੱਤਾ।

# ਕਿਸਾਨਾਂ ਦਾ ਇਕੱਠ ਹੁੰਦਾ ਵੇਖ ਪ੍ਰਸ਼ਾਸਨ 'ਚ ਮਚੀ ਹਫੜਾ-ਦਫੜੀ



**ਅੱਪਰਾ (ਨਿਰਮਲ ਗੁੜਾ)** - ਤਹਿਸੀਲ ਫਿਲੌਰ ਪ੍ਰਸ਼ਾਸ਼ਨ ਵਿਚ ਉਦੋਂ ਹਫੜਾ ਦਫੜੀ ਮਚ ਗਈ ਜਦੋਂ ਦਾਣਾ ਮੰਡੀ ਦੁਸਾਂਝ ਕਲਾਂ ਵਿਖੇ ਇਲਾਕੇ ਭਰ ਦੇ ਕਿਸਾਨ, ਆੜ੍ਹਤੀਏ ਅਤੇ ਕਿਸਾਨ ਆਗੂ ਇਕੱਠੇ ਹੋਣੇ ਸ਼ੁਰੂ ਹੋ ਗਏ।ਮੌਕੇ ਪਹੁੰਚ ਕੇ ਪੁਲਸ ਅਤੇ ਸਿਵਲ ਪ੍ਰਸ਼ਾਸ਼ਨ ਨੇ ਮਾਮਲਾ ਸੁਲਝਾ ਕੇ ਝੋਨੇ ਦੀ ਲਿਫਟਿੰਗ ਸ਼ੁਰੂ ਕਰਵਾਈ।ਇਸ ਮੌਕੇ ਭਾਰਤੀ ਕਿਸਾਨ ਜੂਨੀਅਨ ਕਾਦੀਆਂ ਦੇ ਜਿਲਾ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰਾ, ਸੁਖਵਿੰਦਰ ਸਿੰਘ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਤੇ ਕਿਸਾਨਾਂ ਨੇ ਦੱਸਿਆ ਕਿ ਦੁਸਾਂਝ ਕਲਾਂ ਦੇ ਨਜਦੀਕੀ ਸੈਲਰ ਦੇ ਮਾਲਕ ਵਲੋਂ ਝੋਨੇ ਦੇ 100 ਗੱਟੂ ਪਿਛੇ 7 ਗੱਟੂ ਜਿਆਦਾ ਲੈਣ ਦੀ ਮੰਗ ਕਰ ਰਿਹਾ ਹੈ, ਜਿਸ ਦੇ ਰੋਸ ਵਜੋਂ ਕਿਸਾਨਾਂ ਵਲੋਂ ਜਥੇਬੰਦੀਆਂ ਦੇ ਆਗੂ ਅਤੇ ਇਲਾਕੇ ਭਰ ਦੇ ਕਿਸਾਨਾਂ ਨੂੰ ਫੋਨ ਕਰਕੇ ਬੁਲਾਉਣਾਂ ਸ਼ੁਰੂ ਕਰ ਦਿਤਾ।ਇਕੱਠ ਹੁੰਦਾ ਵੇਖ ਡੀ ਐਸ ਪੀ ਫਿਲੌਰ ਕੰਵਰਵਿਜੈ ਪ੍ਰਤਾਪ, ਐਸ ਐਚ ਓ ਗੁਰਾਇਆ ਪਲਵਿੰਦਰ ਸਿੰਘ, ਪੁਲਸ ਚੌਕੀ ਦੁਸਾਂਝ ਕਲਾਂ ਦੇ ਇੰਚਾਰਜ ਚਰਨਜੀਤ ਸਿੰਘ ਪੁਲਸ ਪਾਰਟੀ ਸਮੇਤ ਪੁੱਜੇ ਅਤੇ ਕਿਸਾਨ ਅਤੇ ਸੈਲਰ ਮਾਲਕਾਂ ਦਰਮਿਆਨ ਸਮਝੌਤਾ ਕਰਵਾ ਕੇ ਲਿਫਟਿੰਗ ਸ਼ੁਰੂ ਕਰਵਾਈ।

# ਡੇਂਗੂ ਦੀ ਰੋਕਥਾਮ ਲਈ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ : ਡਾ. ਕੁਲਵਿੰਦਰ ਮਾਨ



**ਬਲਾਚੌਰ, (ਜਸਵਿੰਦਰ ਬੈਂਸ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਯੋਗ ਰਹਿਨੁਮਾਈ ਹੇਠ ਸਿਹਤ ਬਲਾਕ ਬਲਾਚੌਰ ਦੀ ਡੇਂਗੂ ਵਿਰੋਧੀ ਟੀਮ ਨੇ ਸ਼ੁੱਕਰਵਾਰ ਨੂੰ ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ ਮੈਗਾ ਮੁਹਿੰਮ ਤਹਿਤ ਸਰਕਾਰੀ ਮਿਡਲ ਸਮਾਰਟ ਸਕੂਲ, ਸਿਆਣਾ ਵਿਖੇ ਡੇਂਗੂ ਤੋਂ ਬਚਾਅ ਲਈ ਵਿਦਿਆਰਥੀਆਂ ਨੂੰ ਸਿਹਤ ਸਿੱਖਿਆ ਦਿੱਤੀ।ਇਸ ਮੌਕੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਡੇਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਹਫਤੇ ਵਿੱਚ ਇਕ ਵਾਰ ਜ਼ਰੂਰ ਗਮਲਿਆਂ, ਕੂਲਰਾਂ, ਫ਼ਰਿੱਜ ਦੀਆਂ ਟਰੇਆਂ, ਪੁਰਾਣੇ ਟਾਇਰਾਂ ਅਤੇ ਛੱਤਾਂ 'ਤੇ ਪਏ ਕਬਾੜ ਸਮਾਨ ਵਿੱਚ ਖੜ੍ਹੇ ਪਾਣੀ ਨੂੰ ਸਾਫ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।ਇਸ ਮੌਕੇ ਅਫਥਾਲਮਿਕ ਅਫ਼ਸਰ ਹਰਜਿੰਦਰ ਸਿੰਘ ਨਾਗਰਾ, ਐੱਲ ਐੱਚ ਵੀ, ਮ.ਪ.ਹ.ਸ. (ਮੇਲ) ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਪੁਰਾਤਨ ਤਲਾਬ ਦਾ ਨਵੀਨੀਕਰਨ ਲਈ ਰੱਖਿਆ ਨੀਂਹ ਪੱਥਰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਅੱਜ ਮੰਦਰ ਸ੍ਰੀ ਬਾਬਾ ਭੂਤਨਾਥ ਨੂਰਮਹਿਲ ਵਿਖੇ 500 ਸਾਲ ਪੁਰਾਣੇ ਤਲਾਬ ਦਾ ਨਵੀਨੀਕਰਨ ਅਤੇ ਸੁੰਦਰੀਕਰਨ ਕਰਨ ਲਈ ਪੂਜਾ ਕਰਨ ਤੋਂ ਬਾਅਦ ਤਲਾਬ ਦੇ ਨਿਰਮਾਣ ਦਾ ਸ਼ੁਭ ਆਰੰਭ ਕੀਤਾ ਗਿਆ। ਸਭ ਤੋਂ ਪਹਿਲਾਂ ਮੰਦਰ ਕਮੇਟੀ ਦੇ ਚੇਅਰਮੈਨ ਸ੍ਰੀ ਰਜਿੰਦਰ ਕੁਮਾਰ ਸੰਧੀਰ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਮੀਨਾ ਸੰਧੀਰ ਵੱਲੋਂ ਇਸ ਸੰਬੰਧੀ ਪੂਜਾ ਅਰਚਨਾ ਅਤੇ ਭੂਮੀ ਪੂਜਨ ਕਰਵਾਇਆ ਗਿਆ। ਇਹ ਸ਼ੁਭ ਕਾਰਜ ਕਮੇਟੀ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਮੈਹਨ ਦੀ ਅਗਵਾਈ ਵਿੱਚ ਰੱਖਿਆ ਗਿਆ। ਕਮੇਟੀ ਦੇ ਪ੍ਰਧਾਨ ਸ਼੍ਰੀ ਰਾਜ ਕੁਮਾਰ ਮੈਹਨ ਨੇ ਦੱਸਿਆ ਕਿ ਕਮੇਟੀ ਦੇ ਯੂਥ ਵਿੰਗ ਸ੍ਰੀ ਬਾਬਾ ਭੂਤਨਾਥ ਭਗਤੀ ਪ੍ਰਸਾਰ ਮੰਡਲ ਦੇ ਨੌਜਵਾਨਾਂ ਵੱਲੋਂ ਇਸ ਤਲਾਬ ਦੇ ਆਧੁਨਿਕੀਕਰਨ ਅਤੇ ਨਵੀਨੀਕਰਨ ਲਈ ਇਹ ਬੀੜਾ ਚੁੱਕਿਆ ਗਿਆ ਹੈ।ਮੁੱਢਲੇ ਪ੍ਰੋਜੈਕਟ 'ਤੇ ਲਗਭਗ 50 ਤੋਂ 60 ਲੱਖ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ। ਇਸ ਪ੍ਰੋਜੈਕਟ ਲਈ ਯੂਐਸਏ ਦੇ ਨਿਵਾਸੀ ਸ੍ਰੀ ਦਿਨੇਸ਼ ਨਈਅਰ ਰਾਜੂ ਪਹਿਲਾਂ ਹੀ 5 ਲੱਖ ਰੁਪਏ ਦੇਣ ਦਾ ਐਲਾਨ ਕਰ ਚੁੱਕੇ ਹਨ,ਉਹਨਾਂ ਤੋਂ ਇਲਾਵਾ ਹੋਲੈਂਡ ਨਿਵਾਸੀ ਸ੍ਰੀ ਵਿਜੇ ਕੁਮਾਰ ਢੀਗੜਾ ਨੇ ਵੀ ਵਿਸ਼ਵਾਸ ਦਿਵਾਇਆ ਹੈ ਕਿ ਉਹ ਵੀ ਇਸ ਪ੍ਰੋਜੈਕਟ ਲਈ ਵੱਧ ਤੋਂ ਵੱਧ ਸਹਿਯੋਗ ਕਰਨਗੇ। ਇਸ ਮੌਕੇ ਸ਼੍ਰੀ ਰਾਜਿੰਦਰ ਕੁਮਾਰ ਸੰਧੀਰ ਸ਼੍ਰੀਮਤੀ ਮੀਨਾ ਸੰਧੀਰ,ਰਾਜ ਕੁਮਾਰ ਮੈਹਨ ਤੋਂ ਇਲਾਵਾ ਸ੍ਰੀ ਕ੍ਰਿਸ਼ਨ ਕੁਮਾਰ ਸੰਧੀਰ, ਸ਼੍ਰੀ ਹਰੀਸ਼ ਕੁਮਾਰ ਮੈਹਨ,ਸ੍ਰੀ ਅਨਿਲ ਮਿਸਰ, ਸ੍ਰੀ ਪਵਨ ਕੁਮਾਰ ਤੱਕਿਆਰ ਸਮੇਤ ਵੱਡੀ ਗਿਣਤੀ ਵਿੱਚ ਕਮੇਟੀ ਮੈਂਬਰ ਹਾਜ਼ਰ ਸਨ।

# ਖੇੜੀ ਸਲਾਬਤਪੁਰ ਸਕੂਲ ਦੇ ਖਿਡਾਰੀਆਂ ਦੀ ਜ਼ੋਨਲ ਖੇਡਾਂ 'ਚ ਝੰਡੀ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਸਕੂਲ ਸਿੱਖਿਆ ਵਿਭਾਗ ਦੇ ਖੇਡ ਕੈਲੰਡਰ ਅਨੁਸਾਰ ਜੋਨ ਪੱਧਰ 'ਤੇ ਚੱਲ ਰਹੀਆਂ ਖੇਡਾਂ ਵਿੱਚ ਸ੍ਰੀ ਚਮਕੌਰ ਸਾਹਿਬ ਜ਼ੋਨ ਦੇ ਅੰਦਰ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਦੇ ਵਿੱਚ ਨਜ਼ਦੀਕੀ ਪਿੰਡ ਖੇੜੀ ਸਲਾਬਤਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ। ਇਹਨਾਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜੀ ਸਲਾਬਤਪੁਰ ਗੁਰਸ਼ਰਨ ਕੌਰ ਅਤੇ ਸਮੂਹ ਸਟਾਫ਼ ਮੈਂਬਰਾਂ ਵੱਲੋਂ ਮੈਡਲਾਂ ਦੇ ਨਾਲ ਸਨਮਾਨਿਤ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ ਲੈਕਚਰਾਰ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਡੀ ਪੀ ਈ ਅਸੀਸ ਗਗਨੇਜਾ ਦੀ ਅਗਵਾਈ ਹੇਠ ਇਹਨਾਂ ਵਿਦਿਆਰਥੀਆਂ ਦੀ ਪ੍ਰਾਪਤੀ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਵੱਡੀ ਹੈ।ਜ਼ਿਕਰਯੋਗ ਹੈ ਕਿ ਗਗਨੇਜਾ ਵੱਲੋਂ ਅਜੇ ਦੋ ਮਹੀਨੇ ਪਹਿਲਾਂ ਹੀ ਇਸ ਸੰਸਥਾ ਵਿੱਚ ਜੁਆਇਨ ਕੀਤਾ ਗਿਆ ਹੈ ਅਤੇ ਉਹਨਾਂ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਸਦਕਾ ਵਿਦਿਆਰਥੀਆਂ ਦੀਆਂ ਜੋਨ ਪੱਧਰ 'ਤੇ ਪ੍ਰਾਪਤੀਆਂ ਲਾ ਮਿਸਾਲ ਰਹੀਆਂ ਹਨ। ਅੰਡਰ 14 ਗਰੁੱਪ ਵਿੱਚ ਮੁੰਨਾ ਕੁਮਾਰ ਵੱਲੋਂ ਦੌੜ 400 ਮੀਟਰ ਵਿੱਚ ਪਹਿਲਾ ਸਥਾਨ, ਲੰਬੀ ਛਾਲ ਵਿੱਚ ਮੁੰਨਾ ਕੁਮਾਰ ਵੱਲੋਂ ਪਹਿਲਾ ਸਥਾਨ, 600 ਮੀਟਰ ਦੌੜ ਵਿੱਚ ਪ੍ਰਹਿਲਾਦ ਕੁਮਾਰ ਵੱਲੋਂ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ।ਇਸੇ ਤਰ੍ਹਾਂ ਅੰਡਰ 17 ਗਰੁੱਪ ਵਿੱਚ ਰੋਹਿਤ ਕੁਮਾਰ ਵੱਲੋਂ 400 ਮੀਟਰ ਵਿੱਚ ਪਹਿਲਾ, ਕਰਨਵੀਰ ਸਿੰਘ ਵੱਲੋਂ 800 ਮੀਟਰ ਵਿੱਚ ਦੂਜਾ, ਹਰਮਨ ਸਿੰਘ ਵੱਲੋਂ 1500 ਮੀਟਰ ਵਿੱਚ ਪਹਿਲਾ, ਹੀਰਾ ਕੁਮਾਰ ਵੱਲੋਂ ਜੈਵਲਨ ਥਰੋਅ ਵਿੱਚ ਦੂਜਾ ਅਤੇ ਅੰਡਰ 19 ਗਰੁੱਪ ਵਿੱਚ ਉੱਚੀ ਛਾਲ ਵਿੱਚ ਰਵਿੰਦਰ ਸਿੰਘ ਵੱਲੋਂ ਤੀਜਾ, ਦਿਲਪ੍ਰੀਤ ਸਿੰਘ ਵੱਲੋਂ ਜੈਵਲਿਨ ਥਰੋਅ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ।

# ਗਰੀਨ ਦੀਵਾਲੀ ਮਨਾ ਕੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਫਗਵਾੜਾ ਵਾਸੀ : ਖੋਸਲਾ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਹਲਕੇ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਕਾਂਗਰਸ ਆਗੂਆਂ ਦੀ ਵਿਸ਼ੇਸ਼ ਮੀਟਿੰਗ ਹਰਮਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਈ, ਮੀਟਿੰਗ ਦੀ ਪ੍ਰਧਾਨਗੀ ਕਾਂਗਰਸ ਪਾਰਟੀ ਦੇ ਵਾਇਸ ਪ੍ਰਧਾਨ ਫਗਵਾੜਾ ਤੁਲਸੀ ਰਾਮ ਖੋਸਲਾ ਨੇ ਕੀਤੀ।ਮੀਟਿੰਗ ਦੌਰਾਨ ਤੁਲਸੀ ਰਾਮ ਖੋਸਲਾ ਤੋਂ ਇਲਾਵਾ ਵਾਈਸ ਪ੍ਰਧਾਨ ਸੰਜੀਵ ਸ਼ਰਮਾ ਟੀਟੂ ਨੇ ਸਮੂਹ ਹਾਜਰੀਨ ਅਤੇ ਫਗਵਾੜਾ ਵਾਸੀਆਂ ਨੂੰ ਦੀਵਾਲੀ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਰੇ ਭਾਰਤ ਵਾਸੀਆ ਦਾ ਸਾਂਝਾ ਤਿਉਹਾਰ ਹੈ, ਜੋ ਬੜੀ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ ਅਤੇ ਹਰ ਭਾਰਤੀ ਆਪਣੇ ਘਰ ਵਿਚ ਦੀਪ ਮਾਲਾ ਕਰਦਾ ਹੈ ਤੇ ਮਿਠਾਈਆਂ ਅਤੇ ਉਪਹਾਰਾਂ ਦਾ ਅਦਾਨ-ਪ੍ਰਦਾਨ ਕਰਕੇ ਖੁਸ਼ੀ ਸਾਂਝੀ ਕੀਤੀ ਜਾਂਦੀ ਹੈ।ਘਰਾਂ ਨੂੰ ਸੁੰਦਰ ਸਜਾਵਟੀ ਵਸਤੂਆਂ ਦੇ ਨਾਲ ਸਜਾਇਆ ਜਾਂਦਾ ਹੈ।ਦੀਵਾਲੀ ਦੀ ਰਾਤ ਨੂੰ ਪਟਾਕੇ ਚਲਾਉਣ ਦਾ ਵੀ ਪ੍ਰਚਲਨ ਹੈ ਪਰ ਅਜੋਕੇ ਸਮੇਂ ਵਿਚ ਵੱਧਦੇ ਪ੍ਰਦੂਸ਼ਨ ਨੂੰ ਦੇਖਦੇ ਹੋਏ ਪਟਾਕਾ ਮੁਕਤ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਤਾਂ ਜੋ ਵਾਤਾਵਰਣ ਦੂਸ਼ਿਤ ਨਾ ਹੋਵੇ।ਇਸ ਮੌਕੇ ਯੋਗੇਸ਼ ਕੌਲ, ਜੋਗਾ ਰਾਮ ਅਤੇ ਨੌਹਰੀਆ ਸਮੇਤ ਹੋਰ ਸੀਨੀਅਰ ਕਾਂਗਰਸ ਆਗੂ ਹਾਜਰ ਸਨ।

# ਬਸਪਾ ਆਗੂ ਸੁਮਿੱਤਰ ਸਿੰਘ ਸੀਕਰੀ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਵਿਧਾਨ ਸਭਾ ਹਲਕਾ ਚੱਬੇਵਾਲ ਦੇ ਕਾਂਗਰਸੀ ਉਮੀਦਵਾਰ ਰਣਜੀਤ ਕੁਮਾਰ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਦੇ ਯਤਨਾਂ ਸਦਕਾ ਬਸਪਾ ਹੁਸ਼ਿਆਰਪੁਰ ਦੇ ਜਰਨਲ ਸਕੱਤਰ ਸੁਮਿੱਤਰ ਸਿੰਘ ਸੀਕਰੀ ਆਪਣੇ ਸੈਂਕੜੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਨੇ ਸੀਕਰੀ ਨੂੰ ਸ਼ਾਮਲ ਕਰਦੇ ਹੋਏ ਕਿਹਾ ਕਿ ਸ੍ਰੀ ਸੀਕਰੀ ਦੇ ਆਉਣ ਨਾਲ ਕਾਂਗਰਸੀ ਉਮੀਦਵਾਰ ਰਣਜੀਤ ਕੁਮਾਰ ਦੀ ਜਿੱਤ ਤੇ ਮੋਹਰ ਲੱਗ ਗਈ ਹੈ ਬਾਜਵਾ ਨੇ ਸ਼੍ਰੀ ਸੀਕਰੀ ਤੇ ਉਨ੍ਹਾ ਦੇ ਧਨਪਤ ਰਾਇ ਡਾਡਾ, ਭੁਪਿੰਦਰ ਸਿੰਘ ਧਾਮੀ, ਸਰਬਜੀਤ ਸਿੰਘ, ਚਰਨਜੀਤ ਸਿੰਘ, ਸੁਰਜੀਤ ਲਾਲ, ਸੁੱਖਵਿੰਦਰ ਪਾਲ, ਪਰਵਿੰਦਰ ਸਿੰਘ, ਸ਼ਿੰਦਰ ਬੱਸੀ ਕਲਾਂ ਆਦਿ ਦੂਸਰੇ ਸਾਥੀਆਂ ਦਾ ਕਾਂਗ੍ਰਸ ਪਰੀਵਾਰ ਵਿੱਚ ਆਉਣ ਦਾ ਸਵਾਗਤ ਕੀਤਾ।

ਇਸ ਮੌਕੇ ਕਾਂਗਰਸ ਦੇ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ, ਸਾਬਕਾ ਕੈਬਿਨੇਟ ਮੰਤਰੀ ਸੰਗਤ ਸਿੰਘ ਗਿਲਜੀਆਂ, ਜਿਲ੍ਹਾ ਪ੍ਰਧਾਨ ਅਰੁਣ ਡੋਗਰਾ, ਗੁਰਦੀਪ ਕਟੋਚ ਜ਼ਿਲ੍ਹਾ ਕਾਂਗਰਸ ਐਸੀ ਵਿਭਾਗ ਚੇਅਰਮੈਨ, ਸਿਟੀ ਕਾਂਗਰਸ ਦੇ ਪ੍ਰਧਾਨ ਨਵੀ ਰੈਹਲ, ਰੋਹਿਤ ਜੋਸ਼ੀ, ਬਲਦੇਵ ਸਿੰਘ ਅਤੇ ਅਸ਼ੋਕ ਮਹਿਰਾ ਐਮਸੀ ਆਦਿ ਭਾਰੀ ਗਿਣਤੀ ਵਿੱਚ ਕਾਂਗ੍ਰਸੀ ਮੌਜੂਦ ਸਨ।

# ਡਾ. ਇਸ਼ਾਂਕ ਦੇ ਹੱਕ 'ਚ ਆਪ ਦੇ ਸੀਨੀਅਰ ਆਗੂਆਂ ਨੇ ਕੀਤਾ ਇਕੱਠ



**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)**-ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨੇ ਹੁਸ਼ਿਆਰਪੁਰ-ਚੰਡੀਗੜ੍ਹ ਰੋਡ'ਤੇ ਇੱਕ ਨਿੱਜੀ ਸਥਾਨ 'ਤੇ ਵਿਸ਼ੇਸ਼ ਮੀਟਿੰਗ ਕੀਤੀ।ਇਹ ਮੀਟਿੰਗ ਚੱਬੇਵਾਲ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਨੂੰ ਲੈ ਕੇ ਕੀਤੀ ਗਈ, ਜਿੱਥੇ ਪਾਰਟੀ ਵੱਲੋਂ ਪੂਰੇ ਜੋਸ਼ ਅਤੇ ਉਤਸ਼ਾਹ ਦੇ ਮਾਹੌਲ ਵਿੱਚ ਭਵਿੱਖ ਦੀ ਰਣਨੀਤੀ ਤੈਅ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਡਾ. ਰਵਜੋਤ ਸਿੰਘ ਅਤੇ ਮਹੇਂਦਰ ਭਗਤ ਦੇ ਨਾਲ ਸੰਸਦ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ, ਡਾ: ਜਤਿੰਦਰ ਕੁਮਾਰ ਤੋਂ ਇਲਾਵਾ ਕਈ ਵਿਧਾਇਕਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਵਿਸ਼ੇਸ਼ ਤੌਰ 'ਤੇ ਬ੍ਰਹਮ ਸ਼ੰਕਰ ਜਿੰਪਾ ਵਿਧਾਇਕ ਹੁਸ਼ਿਆਰਪੁਰ, ਹਲਕਾ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ ਅਤੇ ਸੰਤੋਖ ਕੌਰ ਕਟਾਰੀਆ ਵਿਧਾਇਕ ਬਲਾਚੌਰ ਨੇ ਵਰਕਰਾਂ ਦਾ ਮਨੋਬਲ ਵਧਾਇਆ ਅਤੇ ਉਨ੍ਹਾਂ ਨੂੰ ਜਿੱਤ ਲਈ ਲਗਾਤਾਰ ਮਿਹਨਤ ਕਰਦੇ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਉਮੀਦਵਾਰ ਹਲਕਾ ਚੱਬੇਵਾਲ ਡਾ.ਇਸ਼ਾਂਕ ਕੁਮਾਰ ਨੇ ਵੀ ਸੰਬੋਧਨ ਕੀਤਾ। ਸਾਰੇ ਆਗੂਆਂ ਨੇ ਵਰਕਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਚੱਬੇਵਾਲ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਸਾਡੇ ਵਿਚੋਂ ਹਰ ਇੱਕ ਨੂੰ ਪੂਰੀ ਤਨਦੇਹੀ ਨਾਲ ਕੰਮ ਕਰਨਾ ਹੋਵੇਗਾ । ਹੁਸ਼ਿਆਰਪੁਰ ਆਪ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਪਾਬਲਾ, ਚੇਅਰਮੈਨ ਜਤਿੰਦਰ ਔਲਖ, ਚੇਅਰਪਰਸਨ ਕਰਮਜੀਤ ਕੌਰ ਅਤੇ ਚੇਅਰਪਰਸਨ ਸੰਦੀਪ ਸੈਣੀ, ਮੇਅਰ ਸੁਰਿੰਦਰ ਛਿੰਦਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਚੱਬੇਵਾਲ ਇਲਾਕੇ ਦੇ ਲੋਕਾਂ ਨੇ ਹਮੇਸ਼ਾ ਹੀ ਵਿਕਾਸ ਅਤੇ ਪਾਰਦਰਸ਼ਤਾ ਦਾ ਸਾਥ ਦਿੱਤਾ ਹੈ ਅਤੇ ਹੁਣ ਵੀ ਉਹ ਇੰਝ ਹੀ ਕਰਨਗੇ । ਇਸ ਮੀਟਿੰਗ ਵਿੱਚ ਹਲਕਾ ਵਿਧਾਇਕ ਰਮਨ ਅਰੋੜਾ (ਜਲੰਧਰ) ਅਤੇ ਹਰਜੀ ਮਾਨ (ਫਗਵਾੜਾ) ਨੇ ਵੀ ਹਾਜ਼ਰੀ ਲਗਵਾਈ ਅਤੇ ਵਰਕਰਾਂ ਨੂੰ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰਨ ਲਈ ਪਾਰਟੀ ਵਚਨਬੱਧ ਹੈ। ਮੀਟਿੰਗ ਦਾ ਮਾਹੌਲ ਬਹੁਤ ਹੀ ਉਤਸ਼ਾਹੀ ਅਤੇ ਸਕਾਰਾਤਮਕ ਰਿਹਾ। ਸਾਰੇ ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਉਹ ਇਸ ਜ਼ਿਮਨੀ ਚੋਣ ਵਿੱਚ ਜਨਤਾ ਦਾ ਭਰੋਸਾ ਜਿੱਤ ਕੇ ਹੋਰ ਮਜ਼ਬੂਤ ਹੋ ਕੇ ਉਭਰਨਗੇ।ਇਸ ਮੀਟਿੰਗ ਵਿੱਚ ਆਪ ਦੇ ਕਈ ਵਿਧਾਇਕ ਅਤੇ ਜ਼ਿਲ੍ਹਾ ਪ੍ਰਧਾਨਾਂ ਤੋਂ ਇਲਾਵਾ ਵਿਧਾਨ ਸਭਾ ਹਲਕਿਆਂ ਦੇ ਸਮੂਹ ਬਲਾਕ ਪ੍ਰਧਾਨ, ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਪਤਵੰਤੇ ਹਾਜ਼ਰ ਸਨ।

# ਸਰਕਾਰੀ ਕੰਨਿਆ ਸਕੂਲ ਰਾਹੋਂ ਵਿਖੇ ਕੈਂਪਸ ਮੈਨੇਜਰਾਂ ਦੀ ਵਰਕਸ਼ਾਪ



**ਰਾਹੋਂ ( ਕੁਲਵਿੰਦਰ ਸਿੰਘ ਰਾਹੋਂ)** ਸ੍ਰੀ ਸੁਰੇਸ਼ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਅਤੇ ਉਪ ਜਿਲਾ ਸਿੱਖਿਆ ਅਫਸਰ ਅਮਰਜੀਤ ਖਟਕੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਯੋਗ ਅਗਵਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਹੋ ਵਿਖੇ ਜਿਲ੍ਹੇ ਦੇ ਸਮੂਹ ਕੈਂਪਸ ਮੈਨੇਜਰਾਂ ਦੀ ਇਕ ਦਿਨਾ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਉਪ ਜਿਲ੍ਹਾ ਸਿੱਖਿਆ ਅਫਸਰ ਅਮਰਜੀਤ ਖਟਕੜ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਉਹਨਾਂ ਸਮੂਹ ਕੈਂਪਸ ਮੈਨੇਜਰਾਂ ਨੂੰ ਬੋਲਦਿਆ ਕਿਹਾ ਕਿ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਜਾਵੇ, ਸਕੂਲ ਦੇ ਇਨਫਰਾਸਟਰਕਚਰ ਨੂੰ ਮੈਨਟੇਨ ਕੀਤਾ ਜਾਵੇ, ਸਕੂਲ ਦੇ ਅਨੁਸ਼ਾਸਨ ਨੂੰ ਕਾਇਮ ਰੱਖਣ ਸਬੰਧੀ, ਸਕੂਲ ਦੀ ਸੁੰਦਰਤਾ ਸੰਬੰਧੀ, ਬਿਜਲੀ, ਪਾਣੀ, ਡੈਸਕਾ ਆਦਿ ਦੇ ਪ੍ਰਬੰਧ ਸੰਬੰਧੀ ਵਿਚਾਰ ਚਰਚਾ ਕੀਤੀ ਗਈ।ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਸਤਨਾਮ ਸਿੰਘ ਜਿਲ੍ਹਾ ਸਾਇੰਸ ਸੁਪਰਵਾਈਜ਼ਰ, ਦਵਿੰਦਰ ਕੌਰ, ਗੁਰਸ਼ਰਨਦੀਪ ਰਜਿੰਦਰ ਨਾਥ ਸ਼ਰਮਾ, ਸੰਜੀਵ ਕੁਮਾਰ ਆਦਿ ਹਾਜ਼ਰ ਸਨ।

# ਸਿਲਵਰ ਓਕ ਸਕੂਲ 'ਚ ਕੇ ਜੀ ਤੇ ਪ੍ਰਾਇਮਰੀ ਵਿੰਗ ਬੱਚਿਆਂ ਦੇ ਲਈ ਪਿਕਨਿਕ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿਖੇ ਕੇ ਜੀ ਅਤੇ ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਦੇ ਲਈ ਪਿਕਨਿਕ ਦਾ ਆਯੋਜਨ ਕੀਤਾ ਗਿਆ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਇਸ ਪਿਕਨਿਕ ਦੌਰਾਨ ਵੱਖ ਵੱਖ ਤਰ੍ਹਾਂ ਦੇ ਝੂਲੇ ਅਲੱਗ ਅਲੱਗ ਤਰ੍ਹਾਂ ਦੀਆਂ ਖੇਡਾਂ ਅਤੇ ਬੱਚਿਆਂ ਦੇ ਲਈ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ।

ਇਸ ਪਿਕਨਿਕ ਦਾ ਖਾਸ ਆਕਰਸ਼ਣ ਰਿਹਾ ਇਸ ਵਿੱਚ ਦਿਖਾਇਆ ਗਿਆ ਮੈਜਿਕ ਸ਼ੋਅ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਬੱਚਿਆਂ ਦੇ ਪਹਿਲੇ ਟਰਮ ਦੀ ਪ੍ਰੀਖਿਆ ਉਪਰੰਤ ਬੱਚਿਆਂ ਦੇ ਦਿਮਾਗ ਨੂੰ ਤਰੋ ਤਾਜ਼ਾ ਕਰਨ ਦਾ ਇਹ ਉਪਰਾਲਾ ਸਕੂਲ ਨੇ ਖਾਸ ਤੌਰ 'ਤੇ ਕੇ ਜੀ ਅਤੇ ਪ੍ਰਾਈਮਰੀ ਕਲਾਸਾਂ ਦੇ ਲਈ ਕੀਤਾ। ਉਹਨਾਂ ਦੱਸਿਆ ਕਿ ਬੱਚਿਆਂ ਨੇ ਇਸ ਪਿਕਨਿਕ ਦਾ ਖੂਬ ਆਨੰਦ ਮਾਣਿਆ ਅਤੇ ਬਹੁਤ ਹੀ ਜੋਸ਼ ਦੇ ਨਾਲ ਇਸ ਵਿੱਚ ਭਾਗ ਲਿਆ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਰਾਜਵੀਰ ਕੌਰ, ਅਮਰਜੀਤ ਕੌਰ ਸੈਣੀ, ਗੁਰਪ੍ਰੀਤ ਕੌਰ, ਅਰਚਨਾ ਸੈਨੀ, ਸੁਮਨ ਚੋਪੜਾ, ਸੁਖਜਿੰਦਰ, ਨੀਨਾ, ਅਨੁਰਾਧਾ, ਮਨੀਸ਼ਾ, ਪੁਸ਼ਪਾ, ਗਗਨ, ਰਜਿੰਦਰ, ਪੂਜਾ, ਸੁਵੇਤਾ, ਰੁਪਿੰਦਰ, ਪਰਵੀਨ, ਸੁਮੀਤ, ਪਰਮਜੀਤ, ਰਜਮੀਤ, ਹਰਜੀਤ, ਇਕਬਾਲ ਸਿੰਘ, ਗੁਰਦੇਵ ਸਿੰਘ ਅਤੇ ਬਾਕੀ ਸਟਾਫ ਵੀ ਮੌਜੂਦ ਸੀ।



**ਬਲਾਕ ਫਿਲੌਰ ਦੇ ਪਿੰਡ ਤੇਹਿੰਗ ਦੀ ਨਵੀਂ ਚੁਣੀ ਗਈ ਪੰਚਾਇਤ ਹਲਕਾ ਇੰਚਾਰਜ ਫਿਲੌਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਵਿਖੇ ਪੁੱਜੀ ਅਤੇ ਆਸ਼ੀਰਵਾਦ ਲਿਆ। ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਤੇ ਨਵੀਂ ਚੁਣੀ ਗਈ ਪੰਚਾਇਤ ਦੇ ਸਰਪੰਚ, ਪੰਚ ਅਤੇ ਮੁਹਤਵਰ ਹਾਜ਼ਰ ਸਨ। (ਫੋਟੋ ਤੇ ਵੇਰਵਾ - ਨਿਰਮਲ, ਫਿਲੌਰ )**

28-Oct-PAGE-9-Doaba-24.qxd 10/27/2024 9:33 PM Page 1



# ਮੰਡੀਆਂ 'ਚ ਰੁਲਦੇ ਕਿਸਾਨ ਦੀ ਸਾਰ ਲਵੇ ਸਰਕਾਰ : ਧਨੋਆ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬੀ ਵਿਰਸਾ ਸੱਭਿਆਚਾਰਕ ਸੁਸਾਇਟੀ (ਰਜ਼ਿ:) ਐੱਸ ਏ ਐੱਸ ਨਗਰ ਵੱਲੋਂ ਕਿਸਾਨਾਂ ਦੀ ਹੋ ਰਹੀ ਖੱਜਲ ਖੁਆਰੀ ਦਾ ਨੋਟਿਸ ਲੈਂਦੇ ਹੋਏ ਭਾਗੋਮਾਜਰਾ ਅਨਾਜ ਮੰਡੀ ਦਾ ਦੌਰਾ ਕੀਤਾ ਗਿਆ।ਪ੍ਰਧਾਨ ਸਤਵੀਰ ਸਿੰਘ ਧਨੋਆ ਨੇ ਦੱਸਿਆ ਕਿ ਪਿਛਲੇ ਲੱਗਭੱਗ 10-12 ਦਿਨਾਂ ਤੋਂ ਲਗਾਤਾਰ ਆਪੋ ਆਪਣੀਆਂ ਢੇਰੀਆਂ ਦੀ ਰਾਖੀ ਬੈਠੇ ਕਿਸਾਨ ਬੇਹੱਦ ਮਾਯੂਸੀ ਅਤੇ ਮਜ਼ਬੂਰੀ ਦੀ ਹਾਲਤ ਵਿੱਚ ਹਨ।ਮੰਡੀ ਵਿੱਚ ਨਾ ਮਾਤਰ ਸਹੂਲਤਾਂ ਨਾਲ ਜੂਝਦੇ ਹੋਏ ਕਿਸਾਨ ਚੋਰੀ ਹੋ ਰਹੇ ਝੋਨੇ ਪ੍ਰਤੀ ਵੱਖਰੇ ਫਿਕਰਮੰਦ ਹਨ।ਗੈਰ ਸਮਾਜੀ ਅਨਸਰ, ਨਸ਼ੇੜੀ, ਚੋਰੀ ਕਰਨ ਵਾਲੇ ਇਸ ਸਥਿਤੀ ਦਾ ਪੂਰਾ ਫਾਇਦਾ ਲੈ ਰਹੇ ਹਨ।ਮੰਡੀ ਵਿੱਚ ਜਿੱਥੇ ਕਿਸਾਨ ਬਹਿੰਦੇ ਅਤੇ ਸੌਂਦੇ ਹਨ ਉਸਦੇ ਨਾਲ ਗੰਦਾ ਪਾਣੀ ਖੜ੍ਹਾ ਹੈ, ਜਿੱਥੇ ਮੱਛਰ-ਮੱਖੀਆਂ ਕਿਸਾਨਾਂ ਨੂੰ ਵੱਖਰਾ ਪ੍ਰੇਸ਼ਾਨ ਕਰ ਰਹੀਆਂ ਹਨ।ਸੈਂਕੜੇ ਦੀ ਗਿਣਤੀ ਵਿੱਚ ਕਿਸਾਨ ਅਤੇ ਮਜ਼ਦੂਰ ਹਨ, ਪਰ ਫੋਗਿੰਗ ਦਾ ਕੋਈ ਇੰਤਜਾਮ ਨਹੀ, ਮੰਡੀ ਵਿੱਚ ਸੁਰੱਖਿਆ ਦਾ ਕੋਈ ਪ੍ਰਬੰਧ ਨਹੀ।

ਪੂਰੀ ਮੰਡੀ ਝੋਨੇ ਦੀਆਂ ਬੋਰੀਆਂ ਨਾਲ ਭਰੀ ਹੋਈ ਹੈ ਬਚਦੀ ਜੱਗ੍ਹਾ ਉਪਰ ਢੇਰੀਆਂ ਖਿਲਰੀਆਂ ਪਈਆ ਹਨ।ਕਿਸਾਨਾ ਨੂੰ ਪੰਜਾਬ ਵਿੱਚ ਹੀ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।ਟੀਮ ਵਿੱਚ ਹਾਜ਼ਰ ਕਰਮ ਸਿੰਘ ਮਾਵੀ, ਰਾਜਿੰਦਰ ਸਿੰਘ, ਲੱਖਵਿੰਦਰ ਸਿੰਘ ਸੰਧੂ, ਅਮਨ ਧਾਲੀਵਾਲ ਅਤੇ ਹੋਰਨਾਂ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਬਿਨਾਂ ਹੋਰ ਸਮਾਂ ਗਵਾਇਆਂ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ ਤਾਂ ਜੋ ਮੰਡੀਆਂ ਵਿੱਚ ਰੁਲ ਰਹੇ ਕਿਸਾਨ ਵੀ ਦੀਵਾਲੀ ਦਾ ਤਿਉਹਾਰ ਆਪਣੇ ਘਰ ਵਿੱਚ ਪਰਵਾਰ ਨਾਲ ਮਨਾ ਸਕਣ।

# ਨਵਾਂਸ਼ਹਿਰ ਪੁਲਸ ਵੱਲੋਂ ਇਸ ਸਾਲ 459 ਮੁਕੱਦਮੇ ਦਰਜ ਕਰਕੇ 508 ਨਸ਼ਾ ਤਸਰਕਾਂ ਨੂੰ ਕੀਤਾ ਗ੍ਰਿਫ਼ਤਾਰ



**ਨਵਾਂਸ਼ਹਿਰ (ਮਨੋਜ ਲਾਡੀ)** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਨਸ਼ਿਆ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਲ੍ਹਾ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ, ਜੋ ਇਸ ਸਾਲ ਦੌਰਾਨ ਜਿਲ੍ਹਾ ਪੁਲਸ ਵੱਲੋਂ ਐਨ.ਡੀ.ਪੀ.ਐਸ ਐਕਟ ਤਹਿਤ 459 ਮੁਕੱਦਮੇ ਦਰਜ ਰਜਿਸਟਰ ਕਰਕੇ 508 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਲ੍ਹਾ ਦੇ ਨਸ਼ਾ ਪ੍ਰਭਾਵਿਤ ਪਿੰਡ ਲੱਗੜੇਆ, ਔੜ ਅਤੇ ਗੁਤਪੜ੍ਹ ਵਿੱਚ ਨਸ਼ਾ ਤਸਕਰਾਂ ਖਿਲਾਫ 29 ਮੁਕੱਦਮੇ ਦਰਜ ਰਜਿਸਟਰ ਕਰਕੇ 34 ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ।

ਨਸ਼ਾ ਤਸਕਰਾਂ ਖਿਲਾਫ ਜਿੱਥੇ ਜਿਲ੍ਹਾ ਪੁਲਸ ਵੱਲੋਂ ਮੁਕੱਦਮੇ ਦਰਜ ਰਜਿਸਟਰ ਕਰਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਉਥੇ ਇਹਨਾ ਨਸ਼ਾ ਤਸਕਰਾਂ ਵੱਲੋਂ ਨਸ਼ਾ ਤਸਕਰੀ ਦੇ ਧੰਦੇ ਤੋਂ ਬਣਾਈ ਨਜਾਇਜ ਜਾਇਦਾਦ ਨੂੰ ਅਟੈਚ ਕਰਨ ਲਈ ਜਿਲ੍ਹਾ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਾਲ ਦੌਰਾਨ ਜਿਲ੍ਹਾ ਪੁਲਿਸ ਵੱਲੋਂ 05 ਨਸ਼ਾ ਤਸਕਰਾ ਜਿਸ ਵਿੱਚ ਔੜ ਅਤੇ ਗੁੜਪੜ੍ਹ ਦੇ ਇੱਕ-ਇੱਕ ਨਸ਼ਾ ਤਸਕਰ ਸ਼ਾਮਲ ਹਨ ਦੀ 2,30,45,714/- ਰੁਪਏ ਦੀ ਨਜਾਇਜ ਜਾਇਦਾਦ ਨੂੰ ਸਮਰੱਥ ਅਥਾਰਿਟੀ ਪਾਸੋਂ ਜਬਤ ਕਰਵਾਇਆ ਗਿਆ ਹੈ।ਜਿਲ੍ਹਾ ਪੁਲਸ ਵਲੋਂ ਪੰਕਜ ਮੈਡੀਕਲ ਨਵਾਂਸ਼ਹਿਰ ਪਾਸੋਂ ਪਾਬੰਦੀਸ਼ੁਦਾ 22,400 ਪਰੈਗਾਵੈਲੀਨ ਕੈਪਸੂਲ ਬ੍ਰਾਮਦ ਕੀਤੇ ਹਨ ਅਤੇ ਇਸ ਮੈਡੀਕਲ ਸਟੋਰ ਦਾ ਡਰੱਗ ਲਾਇਸੰਸ ਸਸਪੈਡ ਕਰਵਾਇਆ ਗਿਆ ਹੈ।

# ਸੰਧਵਾਂ ਵੱਲੋਂ ਹਰਦੀਪ ਕੌਰ ਦੀ ਪਲੇਠੀ ਪੁਸਤਕ 'ਸ਼ਮਸ਼ਾਨਘਾਟ ਸੌਂ ਗਿਆ' ਰਿਲੀਜ਼




**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਔਰਤਾਂ ਦੀ ਸ਼ਕਤੀ ਉਨ੍ਹਾਂ ਦੀ ਸ਼ਖਸੀਅਤ ਵਿੱਚ ਨਹੀਂ ਸਗੋਂ ਸਾਡੇ ਦੇਸ਼ ਅਤੇ ਦੁਨੀਆ ਦੇ ਹਰ ਖੇਤਰ ਵਿੱਚ ਹੈ। ਸਮਾਜ ਨੂੰ ਚਲਾਉਣ ਵਿੱਚ ਔਰਤਾਂ ਦਾ ਪ੍ਰਬੰਧ ਬਹੁਤ ਜ਼ਰੂਰੀ ਹੈ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਲੇਖਿਕਾ ਹਰਦੀਪ ਕੌਰ ਦੀ ਪਲੇਠੀ ਪੁਸਤਕ 'ਸ਼ਮਸ਼ਾਨ ਘਾਟ ਸੌਂ ਗਿਆ ਦੇ ਰਿਲੀਜ਼ ਹੋਣ ਮੌਕੇ ਕਰਵਾਏ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੰਜਾਬ ਅਤੇ ਚੰਡੀਗੜ੍ਹ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਲੇਖਿਕਾ ਹਰਦੀਪ ਕੌਰ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਵਿੱਚ ਪੁਸਤਕਾਂ ਪੜ੍ਹਨ ਅਤੇ ਲਿਖਣ ਵੱਲ ਝੁਕਾਅ ਘਟਦਾ ਜਾ ਰਿਹਾ ਹੈ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਲੇਖਕਾਂ ਨੂੰ ਹਰਦੀਪ ਕੌਰ ਤੋਂ ਨਵੀਂ ਸੇਧ ਲੈ ਕੇ ਅੱਗੇ ਵਧਣਾ ਚਾਹੀਦਾ ਹੈ ਕਿ ਕਿਵੇਂ ਔਰਤ ਆਪਣੇ ਘਰ, ਪਰਿਵਾਰ ਅਤੇ ਕੰਮ ਵਾਲੀ ਥਾਂ 'ਤੇ ਸੰਤੁਲਨ ਬਣਾ ਸਕਦੀ ਹੈ। ਪ੍ਰੋਗਰਾਮ 'ਚ ਬਤੌਰ ਵਿਸ਼ੇਸ਼ ਮਹਿਮਾਨ ਹਾਜਰ ਹੋਏ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਔਰਤਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਆਪਣੀ ਵੱਖਰੀ ਪਛਾਣ ਬਣਾਉਣ ਲਈ ਅੱਗੇ ਆਉਣਾ ਪਵੇਗਾ। ਪ੍ਰੋਗਰਾਮ ਵਿਚ ਮੁੱਖ ਬੁਲਾਰੇ ਦੇ ਤੌਰ ਹਾਜਰ ਹੋਏ ਕਹਾਣੀਕਾਰ ਅਤੇ ਵਿਸ਼ਲੇਸ਼ਕ ਜਸਵੀਰ ਰਾਣਾ ਨੇ ਪੁਸਤਕ ਦੇ ਸਾਰੇ ਪਹਿਲੂਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਦਿਆਂ ਕਿਹਾ ਕਿ ਹਰਦੀਪ ਕੌਰ ਨੇ ਸਮਾਜ ਵਿਚ ਔਰਤਾਂ ਨਾਲ ਪਰਦੇ ਪਿੱਛੇ ਹੋਣ ਵਾਲੇ ਅਪਰਾਧਾਂ ਨੂੰ ਨੰਗਿਆਂ ਕੀਤਾ ਹੈ।ਸੀਨੀਅਰ ਪੱਤਰਕਾਰ ਤੇ ਲੇਖਕ ਜਗਤਾਰ ਭੁੱਲਰ ਨੇ ਕਿਹਾ ਕਿ ਲਿਖਣਾ ਇੱਕ ਕਲਾ ਹੈ। ਲੇਖਕ ਦਾ ਮਨ ਜਦੋਂ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਕਲਮ ਰਾਹੀਂ ਪੰਨਿਆਂ 'ਤੇ ਉਤਾਰਦਾ ਹੈ ਤਾਂ ਇਹ ਪੁਸਤਕ ਦਾ ਰੂਪ ਧਾਰਨ ਕਰ ਲੈਂਦਾ ਹੈ।

## ਜਿੰਮਖਾਨਾ ਕਲੱਬ ਵਿਖੇ ਵੱਖ-ਵੱਖ ਕੰਮਾਂ ਦਾ ਉਦਘਾਟਨ



**ਜਲੰਧਰ ( ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)** ਡਵੀਜ਼ਨਲ ਕਮਿਸ਼ਨਰ ਪ੍ਰਦੀਪ ਕੁਮਾਰ ਸੱਭਰਵਾਲ, ਜੋ ਕਿ ਜਲੰਧਰ ਜਿੰਮਖਾਨਾ ਕਲੱਬ ਦੇ ਪ੍ਰਧਾਨ ਵੀ ਹਨ, ਵੱਲੋਂ ਕਲੱਬ ਵਿਖੇ ਨਵੇਂ ਸਟਾਫ਼ ਰੂਮ ਤੇ ਸਟੋਰ, ਗਲਾਸ ਹਾਊਸ ਗਜ਼ੀਬੋ ਅਤੇ ਟਾਈਲ ਤੇ ਗ੍ਰੇਨਾਈਟ ਪਾਥ (ਰਸਤਾ) ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੀ ਮੌਜੂਦ ਸਨ।ਨਵੇਂ ਸਟਾਫ਼ ਰੂਮ ਤੇ ਸਟੋਰ ਦਾ ਜਾਇਜ਼ਾ ਲੈਣ ਉਪਰੰਤ ਡਵੀਜ਼ਨਲ ਕਮਿਸ਼ਨਰ-ਕਮ-ਪ੍ਰਧਾਨ ਜਿੰਮਖਾਨਾ ਕਲੱਬ ਜਲੰਧਰ ਨੇ ਕਲੱਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ ਗੱਲਬਾਤ ਵੀ ਕੀਤੀ ਅਤੇ ਜਿੰਮਖਾਨਾ ਕਲੱਬ ਵਿਖੇ ਭਵਿੱਖ ਦੇ ਪ੍ਰਾਜੈਕਟਾਂ ਦੀ ਸਮੀਖਿਆ ਕੀਤੀ।ਸ਼੍ਰੀ ਸੱਭਰਵਾਲ ਨੇ ਇਸ ਮੌਕੇ ਕਲੱਬ ਦੇ ਸਟਾਫ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ।ਇਸ ਮੌਕੇ ਕਲੱਬ ਦੇ ਆਨਰੇਰੀ ਸਕੱਤਰ ਸੰਦੀਪ ਬਹਿਲ, ਜੂਨੀਅਰ ਵਾਈਸ ਪ੍ਰਧਾਨ ਅਮਿਤ ਕੁਕਰੇਜਾ, ਖਜ਼ਾਨਚੀ ਸੌਰਭ ਖੁੱਲਰ, ਜੁਆਇੰਟ ਸਕੱਤਰ ਅਨੂੰ ਮਾਟਾ ਅਤੇ ਐਗਜ਼ੈਕਟਿਵ ਕਮੇਟੀ ਦੇ ਹੋਰ ਮੈਂਬਰ ਮੌਜੂਦ ਸਨ।

## 'ਰੁੱਖ ਲਗਾਓ ਅਤੇ ਸੰਭਾਲੋ' ਮੁਹਿੰਮ ਤਹਿਤ ਪੌਦੇ ਲਗਾਏ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ ਵੱਲੋਂ ਗੁਰੂ ਆਸ਼ੇ 'ਪਵਣ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਅਨੁਸਾਰ ਪੌਣ ਪਾਣੀ, ਧਰਤੀ ਅਤੇ ਵਾਤਾਵਰਣ ਦੀ ਸੁਰੱਖਿਆ ਅਤੇ ਸਾਂਭ ਸੰਭਾਲ ਦੇ ਮਿਸ਼ਨ ਨੂੰ ਮੁੱਖ ਰੱਖ ਕੇ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 'ਰੁੱਖ ਲਗਾਓ ਅਤੇ ਸੰਭਾਲੋ' ਮੁਹਿੰਮ ਦੇ ਅਗਲੇ ਪੜਾਅ ਤਹਿਤ ਸੰਤ ਬਾਬਾ ਸੋਹਣ ਸਿੰਘ ਮਾਰਗ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖੇ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਹੁਸ਼ਿਆਰਪੁਰ ਅਤੇ ਸਥਾਨਕ ਵਸਨੀਕਾਂ ਦੇ ਸਹਿਯੋਗ ਨਾਲ ਪੌਦੇ ਲਗਾਏ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਅਤੇ ਗੁਰਬਿੰਦਰ ਸਿੰਘ ਪਲਾਹਾ ਨੇ ਦੱਸਿਆ ਕਿ ਮੌਸਮ ਵਿੱਚ ਆ ਰਹੇ ਵਿਗਾੜ, ਲਗਾਤਾਰ ਵਧਦੇ ਜਾ ਰਹੇ ਤਾਪਮਾਨ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਕਰੋਪੀਆਂ ਦਾ ਵਿਗਿਆਨੀਆਂ ਨੇ ਇੱਕੋ ਇੱਕ ਕਾਰਣ ਰੁੱਖਾਂ ਦੀ ਲਗਾਤਾਰ ਹੋ ਰਹੀ ਕਟਾਈ ਅਤੇ ਨਵੇਂ ਰੁੱਖ ਲਗਾਉਣ ਵਿੱਚ ਆ ਰਹੀ ਕਮੀ ਦੱਸਿਆ ਜੋ ਮਨੁੱਖਤਾ ਅਤੇ ਸਮੁੱਚੀ ਲੋਕਾਈ ਨੂੰ ਤ੍ਰਾਹ ਤ੍ਰਾਹ ਕਰਨ ਲਈ ਮਜਬੂਰ ਕਰ ਰਹੀ ਹੈ। ਇਸ ਲਈ ਨਵੇਂ ਰੁੱਖ ਲਗਾਉਣ ਵਿੱਚ ਤੇਜ਼ੀ ਲਿਆਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਗੁਰਬਿੰਦਰ ਸਿੰਘ ਪਲਾਹਾ, ਮਨਜੀਤ ਸਿੰਘ, ਅਜੀਤ ਸਿੰਘ ਸੋਨੂ, ਨਾਟੀ ਸਹਿਦੇਵ, ਮਧੂ ਸ਼ਹਿਦੇਵ ਆਦਿ ਸਮੇਤ ਮੁਹੱਲਾ ਨਿਵਾਸੀ ਹਾਜ਼ਰ ਸਨ ।

## ਆਸ਼ੂ ਦੀ ਹੱਟੀ ਨੂੰ ਸੰਧਵਾਂ ਤੋਂ ਮਿਲਿਆ ਨੰਬਰ ਇੱਕ ਟੈਕਸਟਾਈਲ ਸਟੋਰ ਦਾ ਅਵਾਰਡ



**ਫਗਵਾੜਾ (ਡਾ. ਰਮਨ)** ਫੈਸ਼ਨ ਤੇ ਸਟਾਈਲਿਸ਼ ਕਪੜਿਆਂ ਦੀ ਦੁਨੀਆ ਵਿੱਚ ਐਨ ਆਰ ਆਈਜ ਦੀ ਸਭ ਤੋਂ ਭਰੋਸੇਮੰਦ ਵਜੋਂ ਆਪਣੀ ਵੱਖਰੀ ਪਛਾਣ ਬਣਾਉਣ ਵਾਲੀ ਫਗਵਾੜਾ ਦੀ ਮਸ਼ਹੂਰ 'ਆਸ਼ੂ ਦੀ ਹੱਟੀ' ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਵਲੋਂ ਕੱਪੜਿਆਂ ਦੇ ਨੰਬਰ ਇਕ ਸਟੋਰ ਲਈ ਸਨਮਾਨਿਤ ਕੀਤਾ ਹੈ।ਆਸ਼ੂ ਦੀ ਹੱਟੀ ਦੇ ਐਮ ਡੀ ਆਸ਼ੂ ਦੁੱਗਲ ਅਤੇ ਗੌਰਵ ਦੁੱਗਲ ਨੇ ਕਿਹਾ ਕਿ ਉਹਨਾਂ ਨੂੰ ਇਹ ਅਵਾਰਡ ਪ੍ਰਾਪਤ ਕਰਕੇ ਬੇਹੱਦ ਮਾਣ ਅਤੇ ਖੁਸ਼ੀ ਮਹਿਸੂਸ ਹੋਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਫਰਮ ਦੀ ਪਹਿਲ ਆਪਣੇ ਗਾਹਕਾਂ ਨੂੰ ਸਸਤੇ ਭਾਅ 'ਤੇ ਵਧੀਆ ਕਪੜੇ ਮੁਹੱਈਆ ਕਰਵਾਉਣਾ ਹੈ। ਇਹੀ ਕਾਰਨ ਹੈ ਕਿ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਹੋਰ ਰਾਜਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪ੍ਰਵਾਸੀ ਭਾਰਤੀ ਵੀ ਖਰੀਦਦਾਰੀ ਕਰਨ ਲਈ ਉਨ੍ਹਾਂ ਦੇ ਸ਼ੋਅਰੂਮ ਵਿੱਚ ਆਉਂਦੇ ਹਨ। ਦੀਵਾਲੀ 'ਤੇ ਵੀ ਉਹ ਆਪਣੇ ਗਾਹਕਾਂ ਨੂੰ ਖਾਸ ਤੋਹਫੇ ਦੇ ਰੂਪ 'ਚ ਵਿਸ਼ੇਸ਼ ਆਫਰ ਦੇਣ ਜਾ ਰਹੇ ਹਨ। ਉਨ੍ਹਾਂ ਇਸ ਅਵਾਰਡ ਲਈ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਅਤੇ ਪ੍ਰੋਗਰਾਮ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।



ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀ ਨਸ਼ੀਨ ਗੁਰੂਦੇਵ ਬਾਪ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ ਗੁਜਰਾਤ ਨੂੰ ਰਵਾਨਾ ਹੁੰਦੇ ਹੋਏ ਅਤੇ ਨਾਲ ਉਹਨਾਂ ਦੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਸੇਵਾਦਾਰ। (ਫੋਟੋ ਅਤੇ ਵੇਰਵਾ : ਯੋਗੇਸ਼ਵਰ)

## ਕਿਸਾਨਾਂ ਦੇ ਅਨਾਜ ਦਾ ਇਕ-ਇਕ ਦਾਣਾ ਖਰੀਦਣ ਲਈ ਸਰਕਾਰ ਵਚਨਬੱਧ : ਮਹਿੰਦਰ ਭਗਤ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ 'ਚ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਜਲੰਧਰ ਦੀ ਦਾਣਾ ਮੰਡੀ ਦਾ ਦੌਰਾ ਕਰਕੇ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕਿਸਾਨਾਂ ਦੀਆਂ ਫਸਲਾਂ ਦੀ ਖਰੀਦ ਸਬੰਧੀ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਦੇ ਆਦੇਸ਼ ਦਿੱਤੇ।ਗੱਲਬਾਤ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਨਿਰਵਿਘਨ ਖਰੀਦ, ਸਮੇਂ ਸਿਰ ਅਦਾਇਗੀ ਅਤੇ ਲਿਫਟਿੰਗ ਸੰਬੰਧੀ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਸਬੰਧਤ ਅਧਿਕਾਰੀਆਂ ਤੋਂ ਸਮੀਖਿਆ ਕੀਤੀ ਜਾ ਰਹੀ ਹੈ।ਮਹਿੰਦਰ ਭਗਤ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ ਖਰੀਦੇ ਗਏ ਝੋਨੇ ਦੀ 609 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਅਨਾਜ ਮੰਡੀ ਵਿੱਚ ਹਰ ਰੋਜ਼ ਇੱਕ ਤਿਹਾਈ ਝੋਨਾ ਆਉਂਦਾ ਹੈ, ਜਿਸ ਵਿੱਚੋਂ ਇਸ ਦੀ ਲਿਫ਼ਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਲਿਫ਼ਟਿੰਗ ਤੇਜ਼ੀ ਨਾਲ ਯਕੀਨੀ ਬਣਾਈ ਜਾ ਰਹੀ ਹੈ ਅਤੇ ਹੁਣ ਤੱਕ 50747 ਮੀਟ੍ਰਿਕ ਟਨ ਝੋਨੇ ਦੀ ਲਿਫ਼ਟਿੰਗ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਲਿਫ਼ਟਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ, ਇਸ ਸਬੰਧੀ ਅਧਿਕਾਰੀਆਂ ਨੂੰ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ।

## ਭਾਰਤੀਯ ਵਿਕਲਾਂਗ ਕਲੱਬ ਪੰਜਾਬ ਦਾ ਵਫ਼ਦ ਡਾ. ਅਮਰਪ੍ਰੀਤ ਸਿੰਘ ਨੂੰ ਮਿਲਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਭਾਰਤੀਯ ਵਿਕਲਾਂਗ ਕਲੱਬ ਪੰਜਾਬ (ਰਜਿ.) ਦਾ ਇੱਕ ਪ੍ਰਤੀਨਿਧ ਮੰਡਲ ਪ੍ਰਧਾਨ ਜਰਨੈਲ ਸਿੰਘ ਧੀਰ ਸਟੇਟ ਅਵਾਰਡੀ ਦੀ ਅਗਵਾਈ ਵਿੱਚ ਡਾ. ਅਮਰਪ੍ਰੀਤ ਸਿੰਘ (ਐਮ.ਐਸ. ਆਰਥੋ) ਸਿਵਲ ਹਸਪਤਾਲ ਹੁਸ਼ਿਆਰਪੁਰ ਨੂੰ ਦਿਵਿਆਂਗਜਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਮਿਲਿਆ। ਕਲੱਬ ਦੇ ਮੁੱਖ ਬੁਲਾਰੇ ਅਤੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਲੱਕੀ ਨੇ ਦੱਸਿਆ ਕਿ ਪ੍ਰਤੀਨਿਧ ਮੰਡਲ ਨੇ ਦਿਵਿਆਂਗਜਨਾਂ ਨੂੰ ਪੇਸ਼ ਆ ਰਹੀਆਂ ਸਮੱਸਿਆ ਨੂੰ ਡਾ. ਸਾਹਿਬ ਦੇ ਧਿਆਨ ਵਿੱਚ ਲਿਆਂਦਾ।ਡਾ. ਅਮਰਪ੍ਰੀਤ ਸਿੰਘ ਨੇ ਪੇਸ਼ ਆ ਰਹੀਆਂ ਸਮੱਸਿਆ ਨੂੰ ਧਿਆਨ ਨਾਲ ਸੁਣਿਆ।ਪ੍ਰਤੀਨਿਧ ਮੰਡਲ ਨੇ ਕਿਹਾ ਕਿ ਦਿਵਿਆਂਗਜਨਾਂ ਨੂੰ ਸਭ ਤੋਂ ਪਹਿਲਾਂ ਡੀਲ ਕੀਤਾ ਜਾਵੇ ਤਾਂ ਕਿ ਉਹ ਸਮੇਂ ਸਿਰ ਆਪਣੀ ਰਿਹਾਇਸ਼ 'ਤੇ ਪੁੱਜ ਸਕਣ, ਡਾ. ਸਾਹਿਬ ਨੇ ਭਰੋਸਾ ਦਿਵਾਇਆ ਕਿ ਦਿਵਿਆਂਗਜਨਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਤੀਨਿਧ ਮੰਡਲ ਵੱਲੋਂ ਡਾ. ਅਮਰਪ੍ਰੀਤ ਸਿੰਘ ਨੂੰ ਲੋਈ ਅਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਉਨ੍ਹਾਂ ਦੀਆਂ ਆਮ ਲੋਕਾਂ ਪ੍ਰਤੀ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਗਈ।

ਇਸ ਮੌਕੇ 'ਤੇ ਕੁਲਦੀਪ ਸਿੰਘ ਪੱਤੀ, ਨਰੇਸ਼ ਕੁਮਾਰ ਹਾਂਡਾ ਸਾਬਕਾ ਮੈਂਬਰ ਐਲ.ਐਲ.ਸੀ. ਹੁਸ਼ਿਆਰਪੁਰ, ਪ੍ਰਿੰਸੀਪਲ ਜਮਨਾ ਦਾਸ, ਮਧੂ ਸ਼ਰਮਾ, ਸੋਨੀਆਂ ਹਾਂਡਾ, ਕੁਲਵੰਤ ਸਿੰਘ ਢੱਕੋਵਾਲ, ਰਘੂਨੰਦਨ ਕੁਮਾਰ ਸ਼ਰਮਾ, ਕੁਲਵਿੰਦਰ ਕੌਰ ਤੂਰ, ਬਲਵਿੰਦਰ ਕੌਰ ਸੈਣੀ, ਜਸਵੀਰ ਸਿੰਘ ਭੱਟੀ ਆਦਿ ਹਾਜ਼ਰ ਸਨ।

## ਪਰਾਲੀ ਨੂੰ ਨਾ ਸਾੜਨ ਸੰਬੰਧੀ ਕਿਸਾਨਾਂ ਨੂੰ ਕੀਤਾ ਜਾਗਰੂਕ

**ਲੋਹੀਆਂ ਖਾਸ, ਅਕਤੂਬਰ (ਯੋਗੇਸ਼ਵਰ)** : ਲੋਹੀਆਂ ਨੇੜੇ ਪੈਂਦੇ ਪਿੰਡ ਗਿੱਦੜ ਪਿੰਡੀ ਦੇ ਦਾਣਾ ਮੰਡੀ ਵਿੱਚ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਥਿੰਦ ਨੇ ਪੁਲਸ ਪ੍ਰਸ਼ਾਸਨ ਸਮੇਤ ਕਿਸਾਨਾਂ ਨਾਲ ਜਾਗਰੂਕਤਾ ਕੈਂਪ ਲਗਾਇਆ।ਜਿਸ ਵਿਚ ਉਨ੍ਹਾਂ ਕਿਸਾਨਾਂ ਨੂੰ ਦੱਸਿਆ ਕਿ ਪਰਾਲੀ ਨੂੰ ਸਾੜਨ ਨਾਲ ਇੱਕ ਤਾਂ ਸਾਹ ਦੀਆਂ ਬਿਮਾਰੀਆਂ ਫੈਲਦੀਆਂ ਹਨ ਦੂਸਰਾ ਵਾਤਾਵਰਨ ਦੂਸ਼ਿਤ ਹੁੰਦਾ ਹੈ ਅਤੇ ਹੋਰ ਅਨੇਕਾਂ ਬਿਮਾਰੀਆਂ ਪੈਦਾ ਹੁੰਦੀਆਂ ਹਨ ਅਤੇ ਸਰਕਾਰ ਵੱਲੋਂ ਇਸ ਕੰਮ ਉੱਤੇ ਪੂਰੀ ਤਰ੍ਹਾਂ ਨਕੇਲ ਕੱਸੀ ਗਈ ਹੈ ਜਿਸ ਕਰਕੇ ਉਹਨਾਂ ਨੂੰ ਚਾਹੀਦਾ ਹੈ ਕਿ ਪ੍ਰਸ਼ਾਸਨ ਅਤੇ ਸਰਕਾਰ ਦਾ ਸਾਥ ਦੇਣ।ਜਿਸ ਨਾਲ ਵਾਤਾਵਰਣ ਨੂੰ ਬਚਾਇਆ ਜਾ ਸਕੇ। ਇਸ ਮੌਕੇ ਪਹੁੰਚੇ ਕਿਸਾਨਾਂ ਨੇ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਥਿੰਦ ਨੂੰ ਆਪਣੀਆਂ ਮੁਸ਼ਕਿਲਾਂ ਵੀ ਸੁਣਾਈਆਂ ਕਿ ਅਗਰ ਉਹ ਪਰਾਲੀ ਨੂੰ ਨਹੀਂ ਸਾੜਦੇ ਤਾਂ ਪਰਾਲੀ ਦੀਆਂ ਗੱਠਾਂ ਬੰਨਣ ਵਾਲੀ ਮਸ਼ੀਨ ਹਾਲੇ ਤੱਕ ਉਹਨਾਂ ਦੇ ਕੁਝ ਏਰੀਏ ਵਿੱਚ ਨਹੀਂ ਪਹੁੰਚ ਰਹੀ ਜਿਸ ਕਾਰਨ ਉਹਨਾਂ ਨੂੰ ਪਰਾਲੀ ਦਾ ਨਿਪਟਾਰਾ ਕਰਨ ਵਿੱਚ ਦੇਰੀ ਹੋ ਜਾਵੇਗੀ ਅਤੇ ਉਹਨਾਂ ਦੀ ਅਗਲੇਰੀ ਫਸਲ ਲੇਟ ਹੋ ਜਾਵੇਗੀ ਅਤੇ ਦੂਸਰੀ ਸਭ ਤੋਂ ਵੱਡੀ ਮੁਸੀਬਤ ਜੋ ਕਿ ਝੋਨੇ ਦੀ ਲਿਫਟਿੰਗ ਨਹੀਂ ਹੋ ਰਹੀ ਉਸ ਬਾਰੇ ਵੀ ਕਿਸਾਨਾਂ ਨੇ ਖੁੱਲ ਕੇ ਗੱਲਬਾਤ ਕੀਤੀ ਅਤੇ ਇਸ ਬਾਰੇ ਥਿੰਦ ਨੇ ਹੌਸਲਾ ਦਿੰਦਿਆਂ ਕਿਹਾ ਕਿ ਸਰਕਾਰ ਅਤੇ ਕਿਸਾਨਾਂ ਵਿੱਚ ਗੱਲਬਾਤ ਲਗਾਤਾਰ ਜਾਰੀ ਹੈ,ਜਲਦ ਹੀ ਕੋਈ ਨਾ ਕੋਈ ਸਿੱਟਾ ਜਰੂਰ ਨਿਕਲ ਜਾਵੇਗਾ।

## ਸ੍ਰੀ ਹਨੂਮਤ ਆਈ ਐੱਮ ਟੀ ਦੇ ਹੋਟਲ ਮੈਨੇਜਮੈਂਟ ਵਿਭਾਗ ਵੱਲੋਂ ਫੁੱਲ ਪ੍ਰਬੰਧਨ ਵਰਕਸ਼ਾਪ



**ਗੁਰਾਇਆ (ਬਿੰਦਰ ਸੁਮਨ)** ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਹੋਟਲ ਮੈਨੇਜਮੈਂਟ ਵਿਭਾਗ ਦੀ ਤਰਫੋਂ ਕੇ ਸੀ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਨਵਾਂਸ਼ਹਿਰ ਅਤੇ ਸ਼ਿਮਟ ਕਾਲਜ ਦੇ ਵਿਦਿਆਰਥੀਆਂ ਲਈ ਫੁੱਲਾਂ ਦੀ ਸਜਾਵਟ ਬਾਰੇ ਸਫਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਵਰਕਸ਼ਾਪ ਦਾ ਉਦੇਸ਼ ਹਾਸਪਿਟੈਲਿਟੀ ਮੈਨੇਜਮੈਂਟ ਦੇ ਖੇਤਰ 'ਚ ਵਿਦਿਆਰਥੀਆਂ ਦੇ ਪ੍ਰੈਕਟੀਕਲ ਹੁਨਰ ਨੂੰ ਨਿਖਾਰਨਾ ਸੀ। ਵਰਕਸ਼ਾਪ ਦੇ ਮੁੱਖ ਮਹਿਮਾਨ ਹੋਟਲ ਰਮਾਡਾ ਐਨਕੋਰ ਜਲੰਧਰ ਦੇ ਐਚ ਆਰ ਅਤੇ ਟਰੇਨਿੰਗ ਮੈਨੇਜਰ ਰੋਹਿਤ ਸੈਮੀ ਸਨ।ਵਰਕਸ਼ਾਪ ਵਿੱਚ ਇੱਕ ਪ੍ਰੈਕਟੀਕਲ ਸੈਸ਼ਨ ਵੀ ਸ਼ਾਮਲ ਸੀ, ਜਿੱਥੇ ਵਿਦਿਆਰਥੀਆਂ ਨੇ ਫੁੱਲਾਂ ਦੇ ਪ੍ਰਬੰਧਨ ਲਈ ਕਈ ਤਕਨੀਕਾਂ ਸਿੱਖੀਆਂ, ਜਿਸ ਵਿੱਚ ਡਿਜ਼ਾਈਨ ਦੇ ਸਿਧਾਂਤ, ਰੰਗ ਸੰਜੋਗ ਅਤੇ ਫੁੱਲਾਂ ਦੀ ਚੋਣ ਸ਼ਾਮਲ ਸੀ।ਵਿਦਿਆਰਥੀਆਂ ਨੂੰ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਵਰਕਸ਼ਾਪ ਦੌਰਾਨ ਪ੍ਰਦਾਨ ਕੀਤੇ ਗਏ ਫੁੱਲਾਂ ਅਤੇ ਸਮੱਗਰੀ ਦੀ ਵਰਤੋਂ ਕਰਕੇ ਆਪਣੀ ਖੁਦ ਦੀ ਵਿਵਸਥਾ ਬਣਾਉਣ ਦਾ ਮੌਕਾ ਵੀ ਮਿਲਿਆ। ਡਾ: ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਇਹ ਸਮਾਗਮ ਵਿਦਿਆਰਥੀਆਂ ਵਿਚ ਫੁੱਲਾਂ ਦੇ ਪ੍ਰਬੰਧ ਬਾਰੇ ਡੂੰਘੀ ਸਮਝ ਪੈਦਾ ਕਰਨ ਲਈ ਕਰਵਾਇਆ ਗਿਆ।ਇਸ ਮੌਕੇ ਹੋਟਲ ਮੈਨੇਜਮੈਂਟ ਵਿਭਾਗ ਦੇ ਫੈਕਲਟੀ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਗੁਰੂ ਘਰਾਂ ਨੂੰ ਜਾਂਦੀਆਂ ਸੜਕਾਂ 18 ਫੁੱਟ ਚੌੜੀਆਂ ਬਣਾਈਆਂ ਜਾਣਗੀਆਂ : ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹਲਕਾ ਚੱਬੇਵਾਲ ਦੇ ਸਾਰੇ ਪਿੰਡਾਂ ਵਿਚ ਗੁਰੂ-ਘਰਾਂ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ 18 ਫੁੱਟ ਚੌੜੀਆਂ ਬਣਵਾਈਆਂ ਜਾਣਗੀਆਂ। ਨਾਲ ਹੀ ਸਾਰੇ ਪਿੰਡਾਂ ਨੂੰ ਬਿਹਤਰ ਸੜਕਾਂ ਅਤੇ ਲੋੜੀਂਦੀਆਂ ਜਗ੍ਹਾਵਾਂ 'ਤੇ ਛੋਟੇ-ਵੱਡੇ ਪੁਲਾਂ ਦੇ ਨਾਲ ਜੋੜ ਕੇ ਬਿਹਤਰ ਬੁਨਿਆਦੀ ਸਹੂਲਤਾਂ ਦੇਣਾ ਮੇਰੀ ਕੰਮ ਦੀ ਸੂਚੀ ਵਿਚ ਸਭ ਤੋਂ ਉੱਪਰ ਹੋਵੇਗਾ। ਇਹ ਕੌਲ ਡਾ. ਇਸ਼ਾਂਕ ਕੁਮਾਰ 'ਆਪ' ਉਮੀਦਵਾਰ ਚੱਬੇਵਾਲ ਨੇ ਆਪਣੀ ਚੋਣ ਪ੍ਰਚਾਰ ਮੀਟਿੰਗ ਦੌਰਾਨ ਆਪਣੇ ਹਲਕਾ ਵਾਸੀਆਂ ਨਾਲ ਕੀਤਾ।

ਡਾ. ਇਸ਼ਾਂਕ ਨੇ ਨਡਾਲੋਂ ਦੇ ਪੁਲ ਅਤੇ ਇਸ ਪੁਲ ਤੋਂ ਪੰਜੌੜ ਤੱਕ ਜਾਣ ਵਾਲੀ ਨਵੀਂ ਪੱਕੀ ਲਿੰਕ ਰੋਡ ਦਾ ਨਿਰਮਾਣ ਜਲਦ ਹੀ ਪੂਰਾ ਕਰਵਾਉਣ ਦਾ ਵੀ ਵਾਇਦਾ ਕੀਤਾ। ਜ਼ਿਕਰਯੋਗ ਹੈ ਕਿ ਇਹਨਾਂ ਪ੍ਰੋਜੈਕਟਾਂ ਲਈ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦੁਆਰਾ ਐਮ.ਪੀ. ਬਣਨ ਤੋਂ ਬਾਅਦ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ। ਪਿੰਡ ਨਿਵਾਸੀਆਂ ਨੇ ਡਾ. ਰਾਜ ਕੁਮਾਰ ਦੇ ਕੀਤੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਇਸ ਜ਼ਿਮਨੀ ਚੋਣ ਵਿੱਚ ਡਾ: ਇਸ਼ਾਂਕ ਕੁਮਾਰ ਦੀ ਜਿੱਤ ਨੂੰ ਯਕੀਨੀ ਬਨਾਉਣਗੇ।

## ਚੱਬੇਵਾਲ 'ਚ ਡਾ. ਇਸ਼ਾਂਕ ਕੁਮਾਰ ਨੇ ਹਲਕਾ ਵਾਸੀਆਂ ਨਾਲ ਰਾਬਤਾ ਬਣਾਇਆ



**ਹੁਸ਼ਿਆਰਪੁਰ , (ਬਲਵੀਰ ਸਿੰਘ ਸੈਣੀ)** ਚੱਬੇਵਾਲ ਹਲਕੇ ਦੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਡਾ. ਇਸ਼ਾਂਕ ਕੁਮਾਰ ਇਲਾਕੇ ਦੀਆਂ ਵੱਖ-ਵੱਖ ਪੰਚਾਇਤਾਂ ਅਤੇ ਹਲਕਾ ਵਾਸੀਆਂ ਨਾਲ ਮੁਲਾਕਾਤ ਕਰਕੇ ਆਪਣੀ ਚੋਣ ਮੁਹਿੰਮ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ।ਉਮੀਦਵਾਰ ਵਜੋਂ ਉਹ ਲੋਕਾਂ ਦੇ ਮੁੱਦਿਆਂ ਨੂੰ ਸੁਣਨ ਅਤੇ ਸਮਰਥਨ ਹਾਸਲ ਕਰਨ ਲਈ ਪੂਰੀ ਤਰ੍ਹਾਂ ਕਿਰਿਆਸ਼ੀਲ ਹਨ। ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਮੰਝਿ ਪਿੰਡ ਦੇ ਸਰਪੰਚ ਡਾ. ਜਤਿੰਦਰ ਕੁਮਾਰ ਵੀ ਹਲਕਾ ਵਾਸੀਆਂ ਨੂੰ ਡਾ ਇਸ਼ਾਂਕ ਦੇ ਹੱਕ ਵਿਚ ਲਾਮਬੰਦ ਕਰ ਰਹੇ ਹਨ।ਦੋਵਾਂ ਆਗੂਆਂ ਨੇ ਇਸ ਖੇਤਰ ਦੇ ਵਿਕਾਸ ਲਈ ਆਪਣੇ ਵਿਜ਼ਨ ਨੂੰ ਵੀ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਗੇ।ਡਾ. ਇਸ਼ਾਂਕ ਕੁਮਾਰ ਨੇ ਵੀ ਹਰ ਇਕ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਆਸਾਂ ਤੇ ਚਿੰਤਾਵਾਂ ਨੂੰ ਸਮਝਿਆ।ਡਾ. ਇਸ਼ਾਂਕ ਨੂੰ ਹਲਕੇ ਦੇ ਹਰੇਕ ਵਰਗ ਦਾ ਸਮਰਥਨ ਮਿਲ ਰਿਹਾ ਹੈ, ਅਤੇ ਇਹ ਹਲਕਾ ਚੱਬੇਵਾਲ ਲਈ ਨੌਜਵਾਨ ਅਤੇ ਨਵੇਕਲੀ ਸੋਚ ਵਾਲੀ ਲੀਡਰਸ਼ਿਪ ਦਾ ਨਵਾਂ ਪ੍ਰਵੇਸ਼ ਹੋਵੇਗਾ। ਡਾ: ਇਸ਼ਾਂਕ ਨੇ ਭਰੋਸਾ ਪ੍ਰਗਟਾਇਆ ਕਿ ਚੱਬੇਵਾਲ ਦੇ ਲੋਕ ਉਨ੍ਹਾਂ ਦੇ ਨਾਲ ਖੜੇ ਹੋਣਗੇ ਤੇ ਕਿਹਾ ਕਿ ਅਸੀਂ ਪਰਿਵਰਤਨ ਅਤੇ ਪਾਰਦਰਸ਼ਤਾ ਦੀ ਰਾਜਨੀਤੀ 'ਤੇ ਚੱਲ ਰਹੇ ਹਾਂ ਅਤੇ ਸਾਡਾ ਉਦੇਸ਼ ਖੇਤਰ 'ਚ ਸਰਬਪੱਖੀ ਵਿਕਾਸ ਕਰਨਾ ਹੈ।

## ਮਨਰੇਗਾ ਵਰਕਰਾਂ ਦੀਆ ਮੰਗਾਂ ਮਨਵਾਉਣ ਲਈ ਤਿੱਖਾ ਸੰਘਰਸ਼ ਕੀਤਾ ਜਾਵੇਗਾ : ਰੰਧਾਵਾ



**ਫਿਲੌਰ (ਨਿਰਮਲ, ਬੀ ਐਸ ਕੈਨੈਡੀ)** ਮਨਰੇਗਾ ਵਰਕਰ ਯੂਨੀਅਨ ਪਿੰਡ ਮੌ ਸਾਹਿਬ ਦੇ ਸਰਗਰਮ ਮੈਂਬਰ ਦੀ ਮੀਟਿੰਗ ਰਾਜਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ। ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਸਕੱਤਰ ਮੇਜ਼ਰ ਫਿਲੌਰ, ਅੰਮ੍ਰਿਤਪਾਲ ਨੰਗਲ ਨੇ ਕਿਹਾ ਕਿ ਨਰੇਗਾ ਤਹਿਤ ਕੰਮ ਕਰਨ ਵਾਲੇ ਲਗਪਗ ਮਾਉ ਸਾਹਿਬ ਦੇ 34 ਮਜ਼ਦੂਰਾਂ ਜਿਨਾ ਨੇ 40-40 ਦਿਹਾੜੀ ਕੰਮ ਅਤੇ ਪਿੰਡ ਗੜਾ ਦੇ 8 ਔਰਤਾਂ ਨੇ ਵੀ 25 ਦਿਨ ਕੰਮ ਕੀਤਾ ਹੈ ਪ੍ਰੰਤੂ ਓਹਨਾ ਨੂੰ ਬਨਦੀ ਮਿਹਨਤ ਦੀ ਰਕਮ ਨਹੀਂ ਦਿੱਤੀ ਜਾ ਰਹੀ।ਇਸ ਮੌਕੇ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਦਿਹਾਤੀ ਮਜ਼ਦੂਰਾ ਦੇ ਸਾਰੇ ਪਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਘੱਟੋ ਘੱਟ 700 ਰੁਪਏ ਦਿੱਤੀ ਜਾਵੇ, ਕਸਬਿਆਂ ਤੇ ਸ਼ਹਿਰਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰਕੇ ਇਥੇ ਰਹਿੰਦੇ ਮਜ਼ਦੂਰਾਂ ਨੂੰ ਵੀ ਕੰਮ ਦੇਣ ਦਾ ਪ੍ਰਬੰਧ ਕੀਤਾ ਜਾਵੇ।ਆਖਿਰ 'ਚ ਸਰਬਸੰਮਤੀ ਨਾਲ ਮਨਰੇਗਾ ਵਰਕਰ ਯੂਨੀਅਨ ਮੌ ਸਾਹਿਬ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਰਜਵਿੰਦਰ ਕੌਰ ਨੂੰ ਪ੍ਰਧਾਨ ਅਤੇ ਮਨਜੀਤ ਕੌਰ ਸਕੱਤਰ, ਸਰਬਜੀਤ ਕੌਰ ਜੁਆਇੰਟ ਸਕੱਤਰ, ਸੁਰਜੀਤ ਜੱਖੂ ਖਜਾਨਚੀ ਚੁਣਿਆ ਗਿਆ।

## ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ਼ ਨੂੰ ਸਮਰਪਿਤ ਸ਼ੋਭਾ ਯਾਤਰਾ ਸਜਾਈ



**ਲੋਹੀਆਂ ਖਾਸ (ਯੋਗੇਸ਼ਵਰ)** : ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ਼ ਨੂੰ ਸਮਰਪਿਤ ਲੋਹੀਆਂ ਖਾਸ ਦੇ ਪਿੰਡ ਸਾਬੂਵਾਲ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ। ਸ਼ੋਭਾ ਯਾਤਰਾ ਮਹਾਂਰਿਸ਼ੀ ਵਾਲਮੀਕਿ ਮੰਦਰ ਤੋਂ ਸੁੰਦਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਪਵਿੱਤਰ ਰਮਾਇਣ ਸਾਹਿਬ ਜੀ ਦੀ ਅਗਵਾਈ ਵਿੱਚ ਅਰੰਭ ਹੋਈ ਅਤੇ ਪਿੰਡ ਸਾਬੂਵਾਲ ਤੇ ਕਰ੍ਹਾ ਤੋਂ ਪ੍ਰਕਰਮਾਂ ਕਰਦੀ ਹੋਈ ਸ਼ੁਰੂਆਤੀ ਸਥਾਨ 'ਤੇ ਸੰਪੰਨ ਹੋਈ।ਸ਼ੋਭਾ ਯਾਤਰਾ ਦੌਰਾਨ ਸੰਗਤਾਂ ਵੱਲੋਂ ਭਗਵਾਨ ਵਾਲਮੀਕਿ ਜੀ ਦੀ ਮਹਿਮਾਂ ਦਾ ਗੁਣਗਾਨ ਕੀਤਾ ਗਿਆ।ਇਸ ਸ਼ੋਭਾ ਯਾਤਰਾ ਵਿੱਚ ਦੋਨਾਂ ਪਿੰਡਾਂ ਦੀਆਂ ਸਮੂਹ ਸੰਗਤਾਂ ਨੇ ਹਿੱਸਾ ਲਿਆ ਪਿੰਡ ਵਾਸੀਆਂ ਵੱਲੋਂ ਸੰਗਤਾਂ ਵਾਸਤੇ ਗੁਰੂ ਕੇ ਲੰਗਰ ਵੀ ਲਗਾਏ ਗਏ।

## ਪੰਦਰਵਾੜੇ ਤਹਿਤ ਸਫਾਈ ਕੈਂਪ ਲਗਾਇਆ




**ਭਲਾਣ (ਹਰਭਜਨ ਢਿੱਲੋਂ)** ਤਕਨੀਕੀ ਸਿੱਖਿਆਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਗਤੀਸ਼ੀਲ ਅਗਵਾਈ ਹੇਠ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਨੰਗਲ ਲੜਕੇ ਅਤੇ ਇਸਤਰੀਆਂ ਨੰਗਲ ਵਿਖੇ ਸਵੱਛਤਾ ਪੰਦਰਵਾੜੇ ਤਹਿਤ ਸਫਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਸੰਸਥਾਂ ਦੇ ਸਟਾਫ ਅਤੇ ਸਿੱਖਿਆਰਥੀਆਂ ਵੱਲੋਂ ਵਿਸ਼ੇਸ਼ ਸਫਾਈ ਮੁਹਿੰਮ ਚਲਾ ਕੇ ਸੰਸਥਾਂ ਦੀ ਸਫਾਈ ਕੀਤੀ ਗਈ। ਨਗਰ ਕੌਂਸਲ ਨੰਗਲ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਵਿੱਚ ਪ੍ਰੋਗਰਾਮ ਕੋਆਰਡੀਨੇਟਰ ਸਵੱਛ ਭਾਰਤ ਮਿਸ਼ਨ ਪੂਨਮ ਬੇਗੜਾ ਵੱਲੋਂ ਵਿਸ਼ੇਸ਼ ਰੂਪ 'ਚ ਸ਼ਿਰਕਤ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ ਨੇ ਦੱਸਿਆਂ ਕਿ ਸਫਾਈ ਪੰਦਰਵਾੜੇ ਤਹਿਤ ਸੰਸਥਾਂ ਦੀਆਂ ਵਰਕਸ਼ਾਪਾ, ਖੇਡ ਮੈਦਾਨ, ਪਾਰਕ ਅਤੇ ਥਿਊਰੀ ਰੂਮਾਂ ਦੀ ਸਫਾਈ ਕੀਤੀ ਗਈ।ਇਸ ਮੌਕੇ ਉਨ੍ਹਾਂ ਸਿੱਖਿਆਰਥੀਆਂ ਨੂੰ ਗਰੀਨ ਦੀਵਾਲੀ ਮਨਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸੂਬੇ ਨੂੰ ਪ੍ਰਦੂਸ਼ਨ ਮੁਕਤ ਬਣਾਉਣ ਲਈ ਸਮੂਹ ਲੋਕਾਂ ਦੇ ਸਹਿਯੋਗ ਦੀ ਜਰੂਰਤ ਹੈ।ਇਸ ਲਈ ਆਪਣਾ ਆਲਾ ਦੁਆਲਾ ਸਾਫ ਰੱਖਣਾ ਵੀ ਬਹੁਤ ਜਰੂਰੀ ਹੈ।

ਇਸ ਮੌਕੇ ਟ੍ਰੇਨਿੰਗ ਅਫਸਰ ਰਾਕੇਸ਼ ਕੁਮਾਰ, ਟ੍ਰੇਨਿੰਗ ਅਫਸਰ ਅਸ਼ਵਨੀ ਕੁਮਾਰ, ਸੁਪਰਡੰਟ ਰਿਸ਼ੀਪਾਲ,ਸੀਨੀਅਰ ਸਹਾਇਕ ਅਸ਼ਵਨੀ ਕੁਮਾਰ,ਵਿਪਨ ਕੁਮਾਰ, ਇੰਸਟਰਕਟਰ ਅਸ਼ੋਕ ਕੁਮਾਰ, ਹਰਮਿੰਦਰ ਸਿੰਘ, ਵਰਿੰਦਰ ਸਿੰਘ, ਗੁਰਦੀਪ ਕੌਸ਼ਲ, ਹੁਸ਼ਿਆਰ ਸਿੰਘ, ਮਲਕੀਤ ਸਿੰਘ, ਅਕਾਸ਼ਦੀਪ, ਮਨਪ੍ਰੀਤ ਸਿੰਘ, ਬਲਜੀਤ ਸਿੰਘ, ਵਰਿੰਦਰ ਸਿੰਘ ਅਜੋਲੀ, ਬਲਜੀਤ ਸਿੰਘ ਜੇਤੇਵਾਲ, ਵਿਜੇ ਕੁਮਾਰ, ਵਰਿੰਦਰ ਸਿੰਘ ਝੱਜ, ਰਜਿੰਦਰ ਕੁਮਾਰ, ਸੁਪਰਡੰਟ ਮਹਿੰਦਰ ਕੌਰ ਦਬੂੜ, ਰਵਨੀਤ ਕੌਰ ਭੰਗਲ, ਗੁਰਨਾਮ ਕੌਰ, ਮਨਿੰਦਰ ਸਿੰਘ, ਸੰਦੀਪ , ਗਿਤਾਂਜਲੀ ਸ਼ਰਮਾਂ, ਹਰਪ੍ਰੀਤ ਸਿੰਘ, ਰਿਸ਼ੀਪਾਲ, ਸੁਮਿਤ ਕੁਮਾਰ, ਮਾਇਆ ਦੇਵੀ, ਅਭਿਸ਼ੇਕ, ਨੀਰੂ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਦੀਵਾਲੀ ਦੇ ਤਿਉਹਾਰ ਸੰਬੰਧੀ ਵੱਖ-ਵੱਖ ਸਮਾਰੋਹ ਕਰਵਾਏ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਜੀ ਦੀ ਅਗਵਾਈ ਵਿੱਚ ਕਾਲਜ ਦੇ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਪ੍ਰੋ. ਵਿਜੇ ਕੁਮਾਰ ਦੇ ਸਹਿਯੋਗ ਨਾਲ ਦੀਵਾਲੀ ਦੇ ਤਿਉਹਾਰ ਦੇ ਮੌਕੇ ਤੇ ਸਰਕਾਰੀ ਨਿਰਦੇਸ਼ਾਂ ਦੇ ਅਨੁਸਾਰ ਵੱਖ-ਵੱਖ ਸਮਾਰੋਹ ਕਰਵਾਏ ਗਏ। ਇਸ ਮੌਕੇ ਡਾ. ਨੀਤੀ ਸ਼ਰਮਾ ਅਤੇ ਡਾ. ਤਜਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਹੋਏ।ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਨੇ ਦੀਵਾਲੀ ਦਾ ਤਿਉਹਾਰ ਮਨਾਉਣ ਦੇ ਉਦੇਸ਼ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸ਼੍ਰੀ ਰਾਮ ਚੰਦਰ ਜੀ 14 ਵਰ੍ਹੇ ਦਾ ਬਨਵਾਸ ਕੱਟ ਕੇ ਇਸ ਦਿਨ ਅਯੋਧਿਆ ਵਾਪਸ ਆਏ ਸਨ। ਜਿਨ੍ਹਾਂ ਨੇ ਧਰਤੀ ਤੋਂ ਪਾਪ ਦਾ ਅੰਤ ਕੀਤਾ ਸੀ ਅਤੇ ਆਦਰਸ਼ ਰਾਜਾ, ਆਦਰਸ਼ ਪਤੀ, ਆਦਰਸ਼ ਪੁੱਤਰ, ਆਦਰਸ਼ ਦੋਸਤ, ਆਦਰਸ਼ ਭਰਾ ਨਾਲ ਸੰਬੰਧਿਤ ਰਿਸ਼ਤਿਆ ਦੀ ਸਥਾਪਨਾ ਕੀਤੀ ਸੀ। ਉਹਨਾਂ ਦੇ ਬਨਵਾਸ ਤੋਂ ਵਾਪਿਸ ਆਉਣ ਤੇ ਲੋਕਾਂ ਨੇ ਘਿਉ ਦੇ ਦੀਵੇ ਜਗਾ ਕੇ ਖੁਸ਼ੀ ਮਨਾ ਕੇ ਇਸ ਤਿਉਹਾਰ ਦੀ ਸ਼ੁਰੂਆਤ ਕੀਤੀ ਸੀ। ਇਸੇ ਤਰ੍ਹਾਂ ਸਿੱਖ ਇਤਿਹਾਸ ਵਿੱਚ ਇਸ ਦਿਵਸ ਨੂੰ ਬੰਦੀ ਛੋੜ ਦਿਵਸ ਨਾਲ ਮਨਾਇਆ ਜਾਂਦਾ ਹੈ ਕਿਉਂਕਿ ਇਸ ਦਿਨ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋਏ ਸੀ।ਪ੍ਰੋ: ਵਿਜੇ ਕੁਮਾਰ ਨੇ ਦੀਵਾਲੀ ਮੌਕੇ ਗਰੀਨ ਦੀਵਾਲੀ ਮਨਾਉਣ, ਗਰੀਨ ਪਟਾਖੇ ਚਲਾਉਣ, ਬਿਜਲੀ ਦੀ ਬੱਚਤ ਕਰਨ, ਖਾਣ-ਪੀਣ ਦਾ ਧਿਆਨ ਰੱਖਣ, ਸਰੋਂ ਦੇ ਤੇਲ ਦੇ ਦੀਵੇ ਜਗਾਉਣ, ਪੂਜਾ ਦੀ ਸਮੱਗਰੀ ਨਾਲ ਹਵਨ ਕਰਨ, ਵਾਤਾਵਰਨ ਦੀ ਸ਼ੁੱਧਤਾ ਬਣਾਏ ਰੱਖਣ, ਸਰਕਾਰੀ ਹੁਕਮਾਂ ਅਨੁਸਾਰ ਪਟਾਖੇ ਚਲਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ।

## ਸਰਸ ਮੇਲਾ 'ਚ ਵਿਦਿਆਰਥੀਆਂ ਨੇ ਲੋਕ-ਗੀਤ ਤੇ ਕੋਰੀਓਗ੍ਰਾਫੀ ਕੀਤੀ ਪੇਸ਼



**ਮੋਹਾਲੀ, (ਗੁਰਜੀਤ ਬਿੱਲਾ)** ਆਜੀਵਿਕਾ ਸਰਸ ਮੇਲਾ-2024 ਜੋ ਕਿ ਮੋਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਦੀ ਧਰਤੀ 'ਤੇ ਹਰ ਚੜ੍ਹਦੀ ਸਵੇਰ ਮੇਲੀਆਂ ਨੂੰ ਖੁਸ਼-ਆਮਦੀਦ ਕਹਿ ਰਿਹਾ ਹੈ।ਵਧੀਕ ਡਿਪਟੀ ਕਮਿਸ਼ਨਰ ਵਿਕਾਸ ਕਮ ਮੇਲਾ ਅਫਸਰ ਸੋਨਮ ਚੌਧਰੀ ਦੀ ਅਗਵਾਈ ਵਿੱਚ ਮੇਲੀਆਂ ਦੇ ਮਨੋਰੰਜਨ ਲਈ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਲਗਾਤਾਰ ਹਰ ਰੋਜ਼ ਨਵੀਂ ਵੰਨਗੀਆਂ ਦੇ ਨਾਲ ਮੇਲੀਆਂ ਦਾ ਮਨੋਰੰਜਨ ਕੀਤਾ ਜਾ ਰਿਹਾ ਹੈ।ਮੇਲੇ ਦੇ ਨੌਵੇਂ ਦਿਨ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਮੀਲੇਨੀਅਮ ਸਕੂਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਦਿਆਰਥੀਆਂ ਨੇ ਲੋਕ-ਗੀਤ, ਲੋਕ-ਨਾਚ, ਨਾਟਕ ਅਤੇ ਕੋਰੀਓਗ੍ਰਾਫੀ ਰਾਹੀਂ ਜਿੱਥੇ ਪਰਾਲੀ ਨਾ ਸਾੜਨ ਦਾ ਹੋਕਾ ਦਿੱਤਾ, ਉੱਥੇ ਨਾਲ ਹੀ ਗ੍ਰੀਨ ਦਿਵਾਲੀ ਮਨਾਉਣ ਦਾ ਸੱਦਾ ਵੀ ਦਿੱਤਾ। ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧਿਆਪਕ ਸਤਵੀਰ ਸਿੰਘ ਗਿੱਲ ਵੱਲੋਂ ਮੇਲੇ ਦੀ ਖੂਬ ਸ਼ਲਾਘਾ ਕੀਤੀ ਗਈ। ਮੇਲੇ ਵਿੱਚ ਉੱਤਰ ਖੇਤਰੀ ਸੱਭਿਆਚਾਰ ਖੇਤਰ ਪਟਿਆਲਾ ਦੇ ਵੱਖ-ਵੱਖ ਲੋਕ-ਨਾਚ ਜਿੱਥੇ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ ਉੱਥੇ ਹੀ ਪੰਜਾਬ ਪੁਲਸ ਦਾ ਸੱਭਿਆਚਾਰਕ ਬੈਂਡ ਵੀ ਲੋਕ-ਗੀਤਾਂ ਅਤੇ ਲੋਕ ਨਾਚਾਂ ਰਾਹੀਂ ਮੇਲੀਆਂ ਨੂੰ ਆਪਣੇ ਵੱਖਰੇ ਅੰਦਾਜ ਵਿੱਚ ਝੂੰਮਣ ਲਗਾ ਰਿਹਾ ਹੈ।

## ਕਿਸਾਨਾਂ ਦੇ ਇਕ-ਇਕ ਦਾਣੇ ਦੀ ਕੀਤੀ ਜਾਵੇਗੀ ਖਰੀਦ ਤੇ ਲਿਫਟਿੰਗ : ਡਾ. ਬਲਬੀਰ ਸਿੰਘ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਨਵਾਂਸ਼ਹਿਰ ਅਨਾਜ ਮੰਡੀ ਦਾ ਅਚਨਚੇਤ ਦੌਰਾ ਕਰਕੇ ਖਰੀਦ ਅਤੇ ਲਿਫਟਿੰਗ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਕੇਂਦਰ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ ਤਾਂ ਕਿ ਕਿਸਾਨਾਂ ਦੀ ਸੋਨੇ ਵਰਗੀ ਫ਼ਸਲ ਖਰੀਦਣ ਮਗਰੋਂ ਮੰਡੀਆਂ ਵਿਚੋਂ ਲਿਫਟਿੰਗ ਵੀ ਨਾਲੋਂ-ਨਾਲ ਕੀਤੀ ਜਾ ਸਕੇ।ਸਿਹਤ ਮੰਤਰੀ ਨੇ ਦੱਸਿਆ ਕਿ ਝੋਨੇ ਦੀ ਖ਼ਰੀਦ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਖੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸਮੇਤ ਸੂਬੇ ਦੇ ਸਾਰੇ ਮੰਤਰੀ ਅਤੇ ਐਮ ਐਲ ਏਜ਼ ਮੰਡੀਆਂ ਵਿਚ ਪੁੱਜੇ ਹੋਏ ਹਨ ਅਤੇ ਕਿਸਾਨਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਸਮੇਤ ਆੜ੍ਹਤੀਏ, ਲੇਬਰ, ਸ਼ੈਲਰ ਮਿਲਰਜ਼ ਤੇ ਟਰਾਂਸਪੋਰਟਰ ਸਾਡੀ ਰੀੜ੍ਹ ਦੀ ਹੱਡੀ ਹਨ ਪਰ ਮੋਦੀ ਸਰਕਾਰ ਮੰਡੀਕਰਨ ਸਿਸਟਮ ਦੀ ਦੁਸ਼ਮਣ ਬਣਕੇ ਇਨ੍ਹਾਂ ਨੂੰ ਰੋਲਣ 'ਤੇ ਲੱਗੀ ਹੋਈ ਹੈ ਤੇ ਜਾਣਬੁੱਝ ਕੇ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਜਾ ਰਿਹਾ ਹੈ, ਤਾਂ ਜੋ ਆੜ੍ਹਤੀਏ ਸੈਲਰ ਮਾਲਕ, ਕਿਸਾਨ ਅਤੇ ਮਜ਼ਦੂਰ ਆਪਸ ਵਿਚ ਉਲਝ ਜਾਣ।ਪਰੰਤੂ ਪੰਜਾਬ ਦੇ ਸੂਝਵਾਨ ਲੋਕ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਅਜਿਹੀਆਂ ਚਾਲਾਂ ਵਿੱਚ ਨਹੀਂ ਆਉਣਗੇ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਕਿਹਾ ਜਾਂਦਾ ਹੈ, ਪਰੰਤੂ ਕੇਂਦਰ ਸਰਕਾਰ ਇਹ ਦੱਸੇ ਕਿ ਉਸ ਨੇ ਪੰਜਾਬ ਵਿਚ ਖੇਤੀ ਨਾਲ ਸਬੰਧਿਤ ਕਿਹੜੀ ਇੰਡਸਟਰੀ ਲਿਆਂਦੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜਿਥੇ ਆੜ੍ਹਤ ਰੋਕੀ ਹੋਈ ਹੈ, ਉਥੇ ਪੰਜਾਬ ਮੰਡੀ ਬੋਰਡ ਦੇ ਪੈਸੇ ਵੀ ਰੋਕੇ ਹੋਏ ਹਨ। ਉਸ ਵੱਲੋਂ ਪੰਜਾਬ ਦੇ ਸ਼ੈਲਰਾਂ ਤੇ ਗੁਦਾਮਾਂ ਵਿਚ ਪਿਆ ਅਨਾਜ ਨਹੀਂ ਚੁੱਕਿਆ ਗਿਆ, ਜਿਸ ਕਾਰਨ ਮੰਡੀਆਂ ਵਿਚ ਇਹ ਹਾਲਾਤ ਪੈਦਾ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਕਰਕੇ ਸੋਨੇ ਵਰਗੀ ਫ਼ਸਲ ਲੈ ਕੇ ਮੰਡੀਆਂ ਵਿਚ ਪਹੁੰਚੇ ਕਿਸਾਨ ਪ੍ਰੇਸ਼ਾਨ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਪੂਰਾ ਜ਼ੋਰ ਲਗਾ ਕੇ ਇਹ ਸਮੱਸਿਆ ਹੱਲ ਕਰ ਲਈ ਗਈ ਹੈ ਅਤੇ ਮੰਡੀਆਂ ਵਿਚ ਇਸ ਸਮੇਂ ਖਰੀਦ ਅਤੇ ਲਿਫਟਿੰਗ ਦਾ ਕੰਮ ਪੂਰੀ ਤੇਜ਼ੀ ਨਾਲ ਹੋ ਰਿਹਾ ਹੈ ਅਤੇ ਨਾਲੋ-ਨਾਲ ਅਦਾਇਗੀ ਵੀ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਤਿੰਨ- ਚਾਰ ਦਿਨਾਂ ਤੱਕ ਲਿਫਟਿੰਗ ਦਾ ਕੰਮ ਪੂਰੀ ਲੀਹ 'ਤੇ ਆ ਜਾਵੇਗਾ।

# ਸਮਾਜ ਦੀ ਚੇਤਨ ਜਵਾਨੀ ਹੀ ਬੇਰੁਜ਼ਗਾਰ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕ ਸਕਦੀ : ਗੋਲਡਨ, ਢਾਬਾਂ

- ਸਰਬ ਭਾਰਤ ਨੌਜਵਾਨ ਸਭਾ ਬਲਾਕ ਜਲਾਲਾਬਾਦ ਦਾ ਡੈਲੀਗੇਟ ਅਜਲਾਸ
- ਅਸ਼ੋਕ ਢਾਬਾਂ ਪ੍ਰਧਾਨ ਤੇ ਸਨਮਦੀਪ ਸਕੱਤਰ ਚੁਣੇ



**ਜਲਾਲਾਬਾਦ (ਰਣਬੀਰ ਕੌਰ ਢਾਬਾਂ, ਜੀਤ ਕੁਮਾਰ)**-ਸਰਬ ਭਾਰਤ ਨੌਜਵਾਨ ਸਭਾ ਬਲਾਕ ਜਲਾਲਾਬਾਦ ਦਾ ਡੈਲੀਗੇਟ ਅਜਲਾਸ ਸਥਾਨਕ ਸੁਤੰਤਰ ਭਵਨ ਵਿਖੇ ਸਫਲਤਾ ਪੂਰਵਕ ਸੰਪੰਨ ਹੋਇਆ। ਅੱਜ ਦੇ ਇਸ ਡੈਲੀਗੇਟ ਅਜਲਾਸ ਦੀ ਪ੍ਰਧਾਨਗੀ ਅਸ਼ੋਕ ਢਾਬਾਂ ਸਨਮਦੀਪ ਢਾਣੀ ਪੰਜਾਬ ਪੂਰਾ ਤੇ ਗੁਰਮੇਲ ਕਾਹਨਾ ਨੇ ਕੀਤੀ।ਡੈਲੀਗੇਟ ਅਜਲਾਸ ਦਾ ਉਦਘਾਟਨ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸਾਥੀ ਹੰਸ ਰਾਜ ਗੋਲਡਨ ਨੇ ਕੀਤਾ।ਇਸ ਮੌਕੇ ਡੈਲੀਗੇਟ ਅਜਲਾਸ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀਵਾਲਾ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦਾ ਇਤਿਹਾਸ ਪ੍ਰਾਪਤੀਆਂ ਭਰਾ ਇਤਿਹਾਸ ਹੈ ਤੇ ਜਲਾਲਾਬਾਦ ਦੀ ਨਵੀਂ ਚੁਣੀ ਹੋਈ ਟੀਮ ਇਸ ਇਤਿਹਾਸ ਵਿੱਚ ਹੋਰ ਵਾਧਾ ਕਰੇਗੀ।

ਇਸ ਮੌਕੇ ਆਪਣੇ ਉਦਘਾਟਨੀ ਭਾਸ਼ਣ ਮੌਕੇ ਸੰਬੋਧਨ ਕਰਦਿਆਂ ਸਾਥੀ ਹੰਸ ਰਾਜ ਗੋਲਡਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਨੇ ਕਿਹਾ ਕਿ ਸਮਾਜ ਦੀ ਚੇਤਨ ਜਵਾਨੀ ਹੀ ਬੇਰੁਜ਼ਗਾਰੀ ਤੋਂ ਤੰਗ ਆ ਕੇ ਕੁਰਾਹੇ ਪੈ ਰਹੀ ਜਵਾਨੀ ਨੂੰ ਸਹੀ ਦਿਸ਼ਾ ਦੇਣ ਵਿੱਚ ਅਹਿਮ ਰੋਲ ਅਦਾ ਕਰ ਸਕਦੀ ਹੈ।ਸਾਥੀ ਗੋਲਡਨ ਤੇ ਢਾਬਾਂ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਚੋਣਾਂ ਦਰਮਿਆਨ ਦੇਸ਼ ਦੀ ਜਵਾਨੀ ਨੂੰ ਭਰਮਾਉਣ ਲਈ ਵੋਟਾਂ ਖਾਤਰ ਝੂਠੇ ਵਾਅਦੇ ਕਰ ਦਿੱਤੇ ਜਾਂਦੇ ਹਨ, ਪ੍ਰੰਤੂ ਜਿੱਤਣ ਤੋਂ ਬਾਅਦ ਉਨ੍ਹਾਂ ਦਾ ਬਣਦਾ ਹੱਕ ਰੁਜ਼ਗਾਰ ਦੇਣ ਤੋਂ ਟਾਲਾ ਵੱਟ ਲਿਆ ਜਾਂਦਾ ਹੈ, ਜਿਸ ਨੂੰ ਹੁਣ ਚੇਤਨ ਜੁਆਨੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।ਇਸ ਮੌਕੇ ਬਲਾਕ ਜਲਾਲਾਬਾਦ ਦੇ ਡੈਲੀਗੇਟ ਅਜਲਾਸ ਵਿੱਚ ਇੱਕ 27 ਮੈਂਬਰੀ ਬਲਾਕ ਕਮੇਟੀ ਦਾ ਗਠਨ ਕੀਤਾ ਗਿਆ।ਇਸ ਬਲਾਕ ਕਮੇਟੀ ਦੇ ਅਸ਼ੋਕ ਢਾਬਾਂ ਨੂੰ ਬਲਾਕ ਪ੍ਰਧਾਨ, ਸਨਮਦੀਪ ਪੰਜਾਬ ਪੂਰਾ ਨੂੰ ਸਕੱਤਰ, ਕ੍ਰਮਵਾਰ ਸੋਨਾ ਸਿੰਘ ਜੱਲਾ ਲੱਖੇ ਕੇ ਹਿਠਾੜ, ਸਗਨ ਸੰਤੋਖਾ ਤੇ ਗੁਰਮੁਖ ਸਿੰਘ ਢੰਡੀਆਂ ਨੂੰ ਮੀਤ ਪ੍ਰਧਾਨ, ਕ੍ਰਮਵਾਰ ਗੁਰਮੇਲ ਕਾਹਨਾ, ਡਾਕਟਰ ਧਰਮਿੰਦਰ ਸਿੰਘ ਮੁਰਕ ਵਾਲਾ, ਲਵਪ੍ਰੀਤ ਕਾਠਗੜ੍ਹ ਨੂੰ ਮੀਤ ਸਕੱਤਰ ਤੇ ਅਰਵੀਨ ਢਾਬਾਂ ਨੂੰ ਬਲਾਕ ਖਜ਼ਾਨਚੀ ਚੁਣਿਆ ਗਿਆ।ਇਸ ਮੌਕੇ ਨਵੀਂ ਚੁਣੀ ਗਈ ਟੀਮ ਨੂੰ ਸ਼ੁਭ-ਕਾਮਨਾਵਾਂ ਦਿੰਦਿਆਂ ਏਆਈਐੱਸਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ, ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ, ਨੌਜਵਾਨ ਆਗੂ ਨਰਿੰਦਰ ਢਾਬਾਂ ਤੇ ਕਰਨੈਲ ਬੱਗੇ ਕੇ ਨੇ ਕਿਹਾ ਕਿ ਨਵੀਂ ਚੁਣੀ ਗਈ ਬਲਾਕ ਕਮੇਟੀ ਅਤੇ ਸਕੱਤਰੇਤ ਪਰਮਗੁਣੀ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਆਪਣਾ ਅਹਿਮ ਯੋਗਦਾਨ ਪਾਏਗੀ ਤੇ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਏਗੀ।ਇਸ ਡੈਲੀਗੇਟ ਅਜਲਾਸ ਵਿੱਚ ਮਤਾ ਪਾਸ ਕੀਤਾ ਗਿਆ ਕਿ 'ਬਨੇਗਾ' ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਜਿਸ ਅਨੁਸਾਰ ਹਰ ਇਕ ਨੂੰ (ਜੋ ਚਾਹੁੰਦਾ ਹੈ) ਉਸ ਦੀ ਯੋਗਤਾ ਅਨੁਸਾਰ ਕੰਮ ਤੇ ਕੰਮ ਅਨੁਸਾਰ ਤਨਖਾਹ ਅਣ-ਸਿੱਖਿਅਤ ਨੂੰ 30,000, ਅਰਧ-ਸਿੱਖਿਅਤ ਨੂੰ 35,000, ਸਿੱਖਿਅਤ ਨੂੰ 45,000 ਤੇ ਉੱਚ-ਸਿੱਖਿਅਤ ਨੂੰ 60,000 ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦੀ ਗਰੰਟੀ ਲਈ ਅਤੇ ਜੇਕਰ ਸਰਕਾਰ ਇਕ ਸਾਲ ਦੇ ਅੰਦਰ ਕੰਮ ਦੇਣ ਵਿੱਚ ਅਸਫਲ ਹੈ ਤਾਂ ਉਕਤ ਤਨਖਾਹ ਦਾ ਅੱਧਾ ਹਿੱਸਾ ਕੰਮ ਇੰਤਜ਼ਾਰ ਭੱਤਾ ਲਾਜ਼ਮੀ ਕਰਵਾਉਣ, ਬਨੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਅਤੇ ਨਵਾਂ ਰੁਜ਼ਗਾਰ ਪੈਦਾ ਕਰਨ ਲਈ 'ਕੰਮ ਦਿਹਾੜੀ ਦੀ ਕਾਨੂੰਨੀ ਸੀਮਾ 6 ਘੰਟੇ ਹੋਵੇ', ਹਰ ਇਕ ਲਈ ਮੁਫ਼ਤ ਤੇ ਲਾਜ਼ਮੀ ਵਿਗਿਆਨਕ ਸਿੱਖਿਆ, ਮੁਫ਼ਤ ਸਿਹਤ ਸਹੂਲਤਾਂ, ਵਾਤਾਵਰਣ ਤੇ ਪਾਣੀਆਂ ਦੀ ਸੰਭਾਲ, ਚੰਗੀ ਉਸਾਰੂ ਖੇਡ ਨੀਤੀ ਅਤੇ ਮਨੁੱਖਾ ਸ਼ਕਤੀ ਦੀ ਮੁਕੰਮਲ ਯੋਜਨਾਬੰਦੀ ਆਦਿ ਦੀ ਪ੍ਰਾਪਤੀ ਲਈ ਸਮੁੱਚੇ ਬਲਾਕ ਦੇ ਹਰ ਪਿੰਡ, ਗਲੀ/ਮੁਹੱਲੇ ਤੇ ਕਸਬੇ ਵਿੱਚ ਜਾ ਕੇ ਸਰਗਰਮੀ ਕੀਤੀ ਜਾਵੇਗੀ।

# ਸਾਂਝੇ ਫਰੰਟ ਵੱਲੋਂ ਡੀ ਸੀ ਦਫ਼ਤਰ ਅੱਗੇ ਅੱਜ ਫੂਕਿਆ ਜਾਵੇਗਾ ਸਰਕਾਰ ਦਾ ਪੁਤਲਾ

**ਪਸਸਫ ਦੇ ਵਰਕਰ ਵੱਡੀ ਗਿਣਤੀ 'ਚ ਕਰਨਗੇ ਸ਼ਮੂਲੀਅਤ : ਸਿੱਧੂ, ਮਾਂਗਟ**




**ਜ਼ੀਰਾ (ਨਰਿੰਦਰ ਅਨੇਜਾ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਪੰਜਾਬ ਸਰਕਾਰ ਦਾ 28 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫਤਰ ਅੱਗੇ ਪੁਤਲਾ ਸਾੜਨ ਦਾ ਐਲਾਨ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ.ਸ.ਸ.ਫ. 1406-22-ਬੀ ਚੰਡੀਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਤੇ ਇੰਜ. ਜਗਦੀਪ ਸਿੰਘ ਮਾਂਗਟ ਨੇ ਸਾਂਝਾ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ 28 ਅਕਤੂਬਰ ਸੋਮਵਾਰ ਨੂੰ ਸਵੇਰੇ 11 ਵਜੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫ਼ਰੰਟ ਦੇ ਫੈਸਲੇ ਤਹਿਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫਤਰ ਬਾਹਰ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਐਕਸ਼ਨ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22-ਬੀ ਚੰਡੀਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਾਰੀਆਂ ਧਿਰਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ।ਇਸ ਮੌਕੇ ਉਨ੍ਹਾਂ ਨਾਲ ਬਲਵਿੰਦਰ ਸਿੰਘ ਭੁੱਟੋ ਸੂਬਾ ਜੁਆਇੰਟ ਸਕੱਤਰ, ਸੰਜੀਵ ਕੁਮਾਰ ਵਰਮਾ ਜ਼ਿਲ੍ਹਾ ਸਹਾਇਕ ਵਿੱਤ ਸਕੱਤਰ, ਗੁਰਮੀਤ ਸਿੰਘ ਜੰਮੂ ਜ਼ਿਲ੍ਹਾ ਪ੍ਰੈੱਸ ਸਕੱਤਰ, ਨਿਸ਼ਾਨ ਸਿੰਘ ਸ਼ਹਿਜ਼ਾਦੀ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਰਾਜੀਵ ਹਾਂਡਾ ਸੀਨੀਅਰ ਮੀਤ ਪ੍ਰਧਾਨ, ਮਹਿੰਦਰ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਦਰਸ਼ਨ ਸਿੰਘ ਭੁੱਲਰ ਬਲਾਕ ਪ੍ਰਧਾਨ ਗੁਰੂ ਹਰਸਹਾਏ, ਕੁਲਵਿੰਦਰ ਸਿੰਘ ਬੱਧਣ ਬਲਾਕ ਪ੍ਰਧਾਨ ਘੱਲ ਖੁਰਦ, ਕੌਰ ਸਿੰਘ ਬਲਾਕ ਪ੍ਰਧਾਨ ਜ਼ੀਰਾ, ਰਾਜ ਕੁਮਾਰ ਬਲਾਕ ਪ੍ਰਧਾਨ ਮਖੂ, ਸਤਨਾਮ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ, ਧੀਰਜ ਕੁਮਾਰ, ਅਮਿਤ ਕੁਮਾਰ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਮੋਗਾ ਦੀਆਂ ਮੰਡੀਆਂ 'ਚ ਝੋਨੇ ਦੀ ਲਿਫ਼ਟਿੰਗ ਨਾਲੋ-ਨਾਲ : ਲਾਡੀ ਢੋਸ

- ਵਿਧਾਇਕ, ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਮੋਗਾ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਲਈ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਤੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਧਰਮਕੋਟ, ਪਿੰਡ ਭੋਡੀਵਾਲਾ ਤੇ ਹੋਰ ਦਾਣਾ ਮੰਡੀਆਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਵਿਧਾਇਕ ਲਾਡੀ ਢੋਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਪ੍ਰਬੰਧਾਂ ਦੇ ਚੱਲਦਿਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਕੀਤੀ ਫ਼ਸਲ ਦੀ ਚੁਕਾਈ ਵੀ ਤੇਜ਼ੀ ਨਾਲ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਦਿਨੀ ਲਿਫਟਿੰਗ ਦੀ ਕੁੱਝ ਸਮੱਸਿਆ ਆਈ ਸੀ, ਜਿਸ ਨੂੰ ਪੰਜਾਬ ਸਰਕਾਰ ਵੱਲੋਂ ਹੱਲ ਕੀਤਾ ਗਿਆ ਹੈ ਤੇ ਕਿਸਾਨਾਂ ਦੀ ਖਰੀਦ ਕੀਤੀ ਜਿਣਸ ਦੀ ਲਿਫਟਿੰਗ ਹੁਣ ਤੇਜ਼ੀ ਨਾਲ ਸ਼ੁਰੂ ਹੋ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਸ਼ੈਲਰਾਂ ਨਾਲ ਵੀ ਸਮਝੌਤੇ ਸਹੀ ਬੱਧ ਹੋ ਚੁੱਕੇ ਹਨ ਤੇ ਟਰਾਂਸਪੋਰਟ ਦੀ ਵੀ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਮੰਡੀਆਂ ਵਿੱਚ ਤਾਇਨਾਤ ਹੈ ਤੇ ਆਉਂਦੇ ਦਿਨਾਂ ਅੰਦਰ ਮੰਡੀਆਂ ਵਿੱਚੋਂ ਝੋਨੇ ਦੀ ਪੂਰੀ ਲਿਫ਼ਟਿੰਗ ਕਰ ਲਈ ਜਾਵੇਗੀ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸਮੂਹ ਖਰੀਦ ਇੰਸਪੈਕਟਰਾਂ ਨੂੰ ਹਦਾਇਤ ਕੀਤੀ ਕਿ ਉਹ ਖਰੀਦ ਤੇ ਲਿਫਟਿੰਗ ਦੇ ਅੰਕੜੇ ਰੋਜ਼ਾਨਾ ਆਨਲਾਈਨ ਅਤੇ ਆਫਲਾਈਨ ਅੱਪਡੇਟ ਕਰਨ ਤਾਂ ਜੋ ਹਰੇਕ ਮੰਡੀ ਉੱਤੇ ਤਿੱਖੀ ਨਜ਼ਰ ਰੱਖੀ ਜਾ ਸਕੇ। ਉਨ੍ਹਾਂ ਨੇ ਆੜ੍ਹਤੀਆਂ ਨੂੰ ਕਿਹਾ ਕਿ ਉਹ ਕਿਸਾਨਾਂ ਨੂੰ ਪ੍ਰੇਰਿਤ ਕਰਨ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ। ਉਨ੍ਹਾਂ ਮਿੱਲਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸ਼ੈਲਰਾਂ ਵਿੱਚ ਅਨਲੋਡਿੰਗ ਦੇ ਪੂਰੇ ਪ੍ਰਬੰਧ ਕਰਕੇ ਰੱਖਣ ਤਾਂ ਜੋ ਮੰਡੀਆਂ ਵਿੱਚੋਂ ਵੀ ਚੁਕਾਈ ਤੇਜ਼ੀ ਨਾਲ ਜਾਰੀ ਰਹੇ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ ਵਿੱਚ ਸੁੱਕੀ ਫ਼ਸਲ ਹੀ ਲਿਆਉਣ ਤੇ ਪਰਾਲੀ ਨੂੰ ਅੱਗ ਵੀ ਨਾ ਲਗਾਉਣ।

## ਕਾਤਰਾਂ

### ਅੱਖਾਂ ਦਾ ਮੁਫ਼ਤ ਜਾਂਚ ਕੈਂਪ ਅੱਜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੁਆਰਾ ਰਾਇਲ ਸਿਟੀ ਚਹਿਲ ਰੋਡ ਫਰੀਦਕੋਟ ਸਥਿਤ ਡਾਕਟਰ ਬਲਜੀਤ ਆਈ ਕੇਅਰ ਸੈਂਟਰ ਵਿਖੇ ਅੱਖਾਂ ਦਾ ਮੁਫਤ ਵਿਸ਼ਾਲ ਜਾਂਚ ਕੈਂਪ ਲਾਇਆ ਜਾ ਰਿਹਾ ਹੈ।ਇਹ ਮੁਫ਼ਤ ਕੈਂਪ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਚੱਲੇਗਾ।ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਰਬਾਬ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਾਏ ਜਾ ਰਹੇ ਇਸ ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਬਲਜੀਤ ਕੌਰ (ਕੈਬਨਿਟ ਮੰਤਰੀ, ਪੰਜਾਬ) ਖੁਦ ਕਰਨਗੇ।ਉਨ੍ਹਾਂ ਦੱਸਿਆ ਕਿ ਲੰਬੇ ਸਮੇਂ ਤੋਂ ਅੱਖਾਂ ਦੇ ਰੋਗਾਂ ਦੇ ਲੋੜਵੰਦ ਮਰੀਜ਼ਾਂ ਦੀ ਅਜਿਹੇ ਮੁਫਤ ਕੈਂਪ ਸਵੈ-ਇੱਛਾ ਨੂੰ ਦੇਖਦੇ ਹੋਏ ਇਸ ਕੈਂਪ ਨੂੰ ਲਾਉਣ ਦਾ ਫੈਸਲਾ ਲਿਆ ਗਿਆ ਹੈ।ਦੀਵਾਲੀ ਦੇ ਸ਼ੁਭ ਮੌਕੇ 'ਤੇ ਇਸ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਨਜ਼ਰ ਦੀ ਕਿਰਨ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਿਆਂ ਮੁਫ਼ਤ ਪਰਚੀ, ਮੁਫ਼ਤ ਜਾਂਚ, ਮੁਫ਼ਤ ਦਵਾਈਆਂ ਅਤੇ ਮੁਫ਼ਤ ਐਨਕਾਂ ਵੰਡੀਆਂ ਜਾਣਗੀਆਂ।ਸੰਧੂ ਨੇ ਦੱਸਿਆ ਕਿ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਦੀ ਅਗਵਾਈ ਵਿੱਚ ਲਾਏ ਜਾ ਰਹੇ ਇਸ ਕੈਂਪ ਦੌਰਾਨ ਏ ਟੂ ਜੈਡ ਐਡਵਰਟਾਈਜਮੈਂਟ, ਐਸ.ਕੇ ਫਲੈਕਸ, ਰਾਹੁਲ ਕੁਮਾਰ, ਅਮਰਜੋਤ ਸਿੰਘ, ਸੁਮੀਤ ਕੁਮਾਰ, ਪਰਮਿੰਦਰ ਸਿੰਘ, ਮੀਨਾ ਰਾਣੀ, ਭਵਕੀਰਤ ਸਿੰਘ ਸੰਧੂ, ਹਰਜਿੰਦਰ ਸਿੰਘ ਹੈਪੀ, ਅਰਵਿੰਦਰਪਾਲ ਸਿੰਘ ਬੂੜਾ ਗੁੱਜਰ ਆਦਿ ਦਾ ਪੂਰਾ ਯੋਗਦਾਨ ਮਿਲ ਰਿਹਾ ਹੈ।

### ਟਰਾਂਸਫਾਰਮਰ 'ਚੋਂ ਸਾਮਾਨ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਬਸਤੀ ਵਕੀਲਾਂ ਵਾਲੀ ਵਿਖੇ ਇਕ ਕਿਸਾਨ ਦੇ ਖੇਤ ਵਿੱਚ ਲੱਗੇ ਟਰਾਂਸਫਾਰਮਰ ਵਿੱਚੋਂ ਕੀਮਤੀ ਸਾਮਾਨ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਥਾਣਾ ਆਰਿਫ ਕੇ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 303 ਬੀਐੱਨਐੱਸ 136 ਇਲੈਕਟ੍ਰੀਸਿਟੀ ਐਕਟ 2003 ਤਹਿਤ ਮਾਮਲਾ ਦਰਜ ਕੀਤਾ ਹੈ।ਨਿਸ਼ਾਨ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਬਸਤੀ ਵਕੀਲਾਂ ਵਾਲੀ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਖੇਤ ਵਿੱਚ ਲੱਗੇ ਬਿਜਲੀ ਦੇ ਟਰਾਂਸਫਾਰਮਰ ਵਿੱਚੋਂ ਅਣਪਛਾਤੇ ਵਿਅਕਤੀ ਕੀਮਤੀ ਸਾਮਾਨ ਚੋਰੀ ਕਰ ਲੈ ਗਏ ਹਨ।ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਵਿਅਕਤੀਆਂ ਖਿਲਾਫ ਕਰ ਲਿਆ ਹੈ।

### ਘਰਾਂ 'ਚ ਚੋਰੀਆਂ ਕਰਨ ਵਾਲਾ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਇਲਾਕੇ ਵਿੱਚ ਗਸ਼ਤ ਦੌਰਾਨ ਚੋਰੀ ਕਰਨ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ 1 ਪੇਚਕਸ, 1 ਪਲਾਸ ਤੇ 1 ਛੋਟੀ ਸੱਬਲ ਲੋਹਾ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ।ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਰੇਲਵੇ ਫਾਟਕ ਖਾਈ ਅੱਡਾ ਸਿਟੀ ਫਿਰੋਜ਼ਪੁਰ ਵਿਖੇ ਗਸ਼ਤ ਤੇ ਚੈਕਿੰਗ ਦੇ ਸਬੰਧ ਵਿੱਚ ਮੌਜੂਦ ਸੀ।ਇਸ ਦੌਰਾਨ ਖਾਸ ਮੁਖਬਰ ਤੋਂ ਜਾਣਕਾਰੀ ਮਿਲੀ ਕਿ ਦੋਸ਼ੀ ਦੀਪਕ ਪੁੱਤਰ ਘਸੀਟੂ, ਜੋ ਰਾਤ ਸਮੇਂ ਘਰਾਂ ਵਿੱਚ ਚੋਰੀ ਕਰਨ ਦਾ ਆਦੀ ਹੈ, ਬਜਾਜ ਡੇਅਰੀ ਦੇ ਨੇੜੇ ਝਾੜੀਆਂ ਵਿੱਚ ਛਿਪਾ ਬੈਠਾ ਹੈ।ਮੁਖਬਰ ਦੀ ਜਾਣਕਾਰੀ ਦੇ ਅਧਾਰ 'ਤੇ ਛਾਪੇਮਾਰੀ ਕੀਤੀ ਗਈ ਤੇ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਅਤੇ ਉਸ ਦੇ ਕਬਜ਼ੇ ਵਿੱਚੋਂ 1 ਪੇਚਕਸ, 1 ਪਲਾਸ ਤੇ 1 ਛੋਟੀ ਸੱਬਲ ਲੋਹਾ ਬਰਾਮਦ ਹੋਈ।ਦੋਸ਼ੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

# ਜਾਲ੍ਹੀ ਦਸਤਾਵੇਜ਼ ਬਣਾ ਕੇ ਸਾਢੇ 17 ਕਿੱਲੇ ਜ਼ਮੀਨ ਵੇਚਣ ਵਾਲੇ ਗ੍ਰੋਹ ਦਾ ਪਰਦਾ ਫਾਸ਼

- ਚਾਰ ਖਿਲਾਫ ਮਾਮਲਾ ਦਰਜ ਕਰਕੇ ਇੱਕ ਨੂੰ ਕੀਤਾ ਕਾਬੂ



ਗੱਲਬਾਤ ਕਰਦੇ ਐੱਸ ਪੀ ਸਪੈਸ਼ਲ ਕ੍ਰਾਈਮ ਮੋਗਾ ਸੰਦੀਪ ਕੁਮਾਰ ਵਡੇਰਾ ਤੇ ਇੰਸਪੈਕਟਰ ਹਰਜੀਤ ਕੌਰ।

**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਮੋਗਾ ਪੁਲਸ ਨੇ ਪਿੰਡ ਚੂਹੜਚੱਕ ਦੋ ਪ੍ਰਵਾਸੀ ਪੰਜਾਬੀਆਂ ਦੇ ਜਾਲ੍ਹੀ ਦਸਤਾਵੇਜ਼ ਬਣਾ ਕੇ ਸਾਢੇ 17 ਕਿੱਲੇ ਜ਼ਮੀਨ ਵੇਚਣ ਵਾਲੇ ਗ੍ਰੋਹ ਦਾ ਕੀਤਾ ਪਰਦਾਫਾਸ਼ ਕੀਤਾ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ ਪੀ ਸਪੈਸ਼ਲ ਕ੍ਰਾਈਮ ਮੋਗਾ ਸੰਦੀਪ ਕੁਮਾਰ ਵਡੇਰਾ ਨੇ ਦੱਸਿਆ ਕਿ ਇੰਚਾਰਜ ਈ ਓ ਵਿੰਗ ਮੋਗਾ ਇੰਸਪੈਕਟਰ ਹਰਜੀਤ ਕੌਰ ਵੱਲੋਂ ਜ਼ਿਲ੍ਹਾ ਮੋਗਾ ਵਿੱਚ ਪੈਂਦੇ ਪਿੰਡ ਚੂਹੜਚੱਕ ਦੇ ਵਸਨੀਕ ਗੁਰਿੰਦਰਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਚੂਹੜਚੱਕ, ਜ਼ਿਲ੍ਹਾ ਮੋਗਾ ਹਾਲ ਵਿਦੇਸ਼ ਕੈਨੇਡਾ ਤੇ ਇਸ ਦੇ ਚਾਚੇ ਦਾ ਲੜਕੇ ਸਤਵੀਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਹਾਲ ਵਿਦੇਸ਼ ਇੰਗਲੈਂਡ ਦੀ ਜ਼ਮੀਨ ਦੇ ਖੁਦ ਮਾਲਕ ਬਣ ਕੇ ਜਾਅਲਸਾਜ਼ੀ ਕਰਨ ਵਾਲੇ ਗ੍ਰੋਹ ਦੇ ਮੈਂਬਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 50,000 ਰੁਪਏ ਬ੍ਰਾਮਦ ਕੀਤੇ ਗਏ। ਸੰਦੀਪ ਕੁਮਾਰ ਵਡੇਰਾ ਨੇ ਦੱਸਿਆ ਖਰੀਦਦਾਰ ਰਜਨੀਸ਼ ਕੁਮਾਰ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਅਗਰਵਾਲ ਇੰਨਕਲੇਵ ਮੋਗਾ ਨੂੰ ਸ਼ੱਕ ਹੋਣ 'ਤੇ ਉਸ ਵੱਲੋਂ ਸ਼ਿਕਾਇਤ ਕੀਤੀ ਸੀ ਕਿ ਉਸ ਨੇ 17 ਕਿੱਲੇ 4 ਕਨਾਲ 14 ਜ਼ਮੀਨ 6 ਕਰੋੜ 66 ਲੱਖ ਦਾ ਸੌਦਾ ਕੀਤਾ ਹੈ, ਜਿਸ ਦੀ ਪੇਸ਼ਗੀ 66 ਲੱਖ ਨਗਦ ਤੇ 42 ਲੱਖ ਰੁਪਏ ਦੇ ਚੈੱਕ ਦਿੱਤੇ ਹਨ, ਜਿਸ 'ਤੇ ਕਾਰਵਾਈ ਕਰਦਿਆਂ ਈ ਓ ਵਿੰਗ ਇੰਚਾਰਜ ਇੰਸਪੈਕਟਰ ਹਰਜੀਤ ਕੌਰ ਵੱਲੋਂ ਮੁਕੱਦਮਾ ਨੰਬਰ 74 ਮਿਤੀ 24-10-2024 ਅ ਧ 318(4), 338, 336(3), 340(2), 61(2) ਭਾਰਤੀ ਨਿਆਂ ਸੰਘਤਾ 2023 ਥਾਣਾ ਅਜੀਤਵਾਲ ਬਰਖਿਲਾਫ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਔਲਖ ਕਲਾਂ ਜ਼ਿਲ੍ਹਾ ਗੁਰਦਾਸਪੁਰ ਗ੍ਰਿਫਤਾਰ, ਰਵੀ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਬਟਾਲਾ, ਬਿੱਟੂ ਵਾਸੀ ਨਾਮਲੂਮ ਤੇ 4 ਨਾਮਲੂਮ ਵਿਅਕਤੀ ਦਰਜ ਕਰ ਰਜਿਸਟਰ ਕੀਤਾ। ਉਨ੍ਹਾਂ ਦੱਸਿਆ ਕਿ ਰਜਨੀਸ਼ ਕੁਮਾਰ ਉਕਤ ਨੂੰ ਬਿੱਟੂ ਨਾਮ ਦੇ ਵਿਅਕਤੀ ਨੇ ਆਪਣਾ ਨਾਮ ਸੁਖਦੇਵ ਸਿੰਘ ਵਾਸੀ ਸਿੱਧਵਾਂ ਬੇਟ ਦੱਸ ਕੇ ਮੁਦੱਈ ਨੂੰ ਵਿਦੇਸ਼ ਰਹਿੰਦੇ ਗੁਰਿੰਦਰਪਾਲ ਸਿੰਘ ਤੇ ਸਤਵੀਰ ਸਿੰਘ ਉਕਤ ਦੀ ਜ਼ਮੀਨ ਦਿਖਾ ਕੇ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਤੇ ਰਵੀ ਕੁਮਾਰ ਨੇ ਆਪਣੇ ਆਪ ਨੂੰ ਗੁਰਿੰਦਰਪਾਲ ਸਿੰਘ ਅਤੇ ਸਤਵੀਰ ਸਿੰਘ ਸਾਬਤ ਕਰਕੇ ਤੇ ਇਨ੍ਹਾਂ ਦੇ ਅਧਾਰ ਕਾਰਡ, ਪੈਨ ਕਾਰਡ ਤੇ ਪਾਸਪੋਰਟ ਜਾਲ੍ਹੀ ਤਿਆਰ ਕਰਕੇ ਖਰੀਦਦਾਰ ਨੂੰ ਭਰੋਸੇ ਵਿੱਚ ਲੈ ਕੇ ਉਸ ਨਾਲ 17 ਕਿੱਲੇ 4 ਕਨਾਲਾਂ, 14 ਮਰਲੇ ਜ਼ਮੀਨ ਦਾ ਸੌਦਾ 7 ਲੱਖ 50 ਹਜ਼ਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਕੀਤਾ ਅਤੇ ਮਿਤੀ 24.09.2024 ਨੂੰ ਇਕਰਾਰਨਾਮਾ ਕਰਕੇ ਗੁਰਪ੍ਰੀਤ ਸਿੰਘ ਤੇ ਰਵੀ ਕੁਮਾਰ ਨੇ ਖਰੀਦਦਾਰ ਤੋਂ 58 ਲੱਖ ਰੁਪਏ ਹਾਸਲ ਕੀਤੇ ਅਤੇ ਫਿਰ ਮਿਤੀ 06.10.2024 ਨੂੰ 8 ਲੱਖ ਰੁਪਏ ਹਾਸਲ ਕੀਤੇ ਅਤੇ ਰਜਨੀਸ਼ ਕੁਮਾਰ ਪਾਸੋਂ 42 ਲੱਖ ਰੁਪਏ ਦੇ ਕੁੱਲ 04 ਚੈੱਕ ਵੀ ਹਾਸਲ ਕੀਤੇ, ਜਿਨ੍ਹਾਂ ਨੇ ਕੁੱਲ 66 ਲੱਖ ਰੁਪਏ ਨਗਦ ਤੇ 42 ਲੱਖ ਰੁਪਏ ਦੇ ਚੱਕ ਹਾਸਲ ਕਰਕੇ ਕੁੱਲ 01 ਕਰੋੜ 08 ਲੱਖ ਰੁਪਏ ਦੀ ਠੱਗੀ ਮਾਰੀ ਹੈ। ਸੀਨੀਅਰ ਅਫਸਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਇੰਸਪੈਕਟਰ ਹਰਜੀਤ ਕੌਰ ਇੰਚਾਰਜ ਈ ਓ ਵਿੰਗ ਮੋਗਾ ਆਪਣੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਜਾਅਲਸਾਜ਼ ਗੁਰਪ੍ਰੀਤ ਸਿੰਘ ਉਰਫ ਗੋਪੀ ਵੱਲੋਂ ਰਜਨੀਸ਼ ਕੁਮਾਰ ਤੋਂ 10 ਲੱਖ ਰੁਪਏ ਹੋਰ ਹਾਸਲ ਕਰਨ ਦੇ ਲਾਲਚ ਵਿੱਚ ਆ ਕੇ ਲੋਹਾਰਾ ਚੌਂਕ ਮੋਗਾ ਤੋਂ ਕਾਬੂ ਕਰ ਲਿਆ।

ਐੱਸ ਪੀ ਸਪੈਸ਼ਲ ਕ੍ਰਾਈਮ ਮੋਗਾ ਸੰਦੀਪ ਕੁਮਾਰ ਵਡੇਰਾ ਨੇ ਦੱਸਿਆ ਕਿ ਮੋਗਾ ਪੁਲਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਜਾਅਲਸਾਜ਼ੀ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਨੂੰ ਜਲਦ ਕਾਬੂ ਕੀਤਾ ਜਾਵੇਗਾ।

# ਗੁਰੂ ਨਾਨਕ ਲਾਅ ਕਾਲਜ 'ਚ ਕੈਰੀਅਰ ਬਾਰੇ ਕਾਰਜਸ਼ਾਲਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਾਈਆਂਵਾਲਾ ਸਥਿਤ ਗੁਰੂ ਨਾਨਕ ਲਾਅ ਕਾਲਜ ਵਿੱਚ ਵਿਧੀ ਵਿੱਚ ਕੈਰੀਅਰ 'ਤੇ ਇੱਕ ਕਾਰਜਸ਼ਾਲਾ ਦਾ ਅਯੋਜਨ ਕੀਤਾ ਗਿਆ। ਇਸ ਮੌਕੇ ਮੱਲਾਂਵਾਲਾ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਅਜ਼ਵਰ ਖਾਨ ਨੇ ਅੱਜ ਦੇ ਸਮੇਂ ਵਿੱਚ ਇਸ ਵਿਧੀ ਦੀ ਉਪਯੋਗਤਾ ਬਾਰੇ ਆਪਣੇ ਵਿਚਾਰ ਰੱਖੇ।ਸਹਾਇਕ ਪ੍ਰੋਫੈਸਰ ਰਚਨਾ ਰਾਏ ਨੇ ਦੱਸਿਆ ਕਿ ਕਿਵੇਂ ਵਿਦਿਆਰਥੀ ਕਾਨੂੰਨ ਦੇ ਖੇਤਰ ਵਿੱਚ ਆਪਣਾ ਕੈਰੀਅਰ ਬਣਾ ਸਕਦੇ ਹਨ, ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਰਤਿੰਦਰ ਸਿੰਘ ਸਾਈਆਂਵਾਲਾ ਨੇ ਦੱਸਿਆ ਕਿ ਅਸੀਂ ਗੁਰੂ ਨਾਨਕ ਲਾਅ ਕਾਲਜ ਦੀ ਸਥਾਪਨਾ ਇਸੇ ਕਾਰਨ ਕੀਤੀ ਹੈ ਤਾਂ ਜੋ ਇਸ ਖੇਤਰ ਦੇ ਵਿਦਿਆਰਥੀ ਆਪਣਾ ਭਵਿੱਖ ਬਣਾ ਸਕਣ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਕਿਹਾ ਕਿ ਅੱਜ ਦੇ ਸੰਦਰਭ ਵਿੱਚ ਕਾਨੂੰਨੀ ਸਿੱਖਿਆ ਬਹੁਤ ਜ਼ਰੂਰੀ ਹੈ ਤੇ ਇਸ ਖੇਤਰ ਦੇ ਕਾਨੂੰਨ ਦੇ ਵਿਦਿਆਰਥੀ ਇਸ ਵਿੱਚ ਆਪਣਾ ਕੈਰੀਅਰ ਦੇਖਦੇ ਹਨ।ਉਨ੍ਹਾਂ ਕਿਹਾ ਕਿ ਹੁਣ ਤੱਕ ਅਸੀਂ ਐੱਲ ਐੱਲ ਬੀ ਤੀਜੇ ਸਾਲ ਦਾ ਕੋਰਸ ਚਲਾ ਰਹੇ ਹਾਂ, ਪਰ ਅਸੀਂ ਅਗਲੇ ਸੈਸ਼ਨ ਤੋਂ ਪੰਜ ਸਾਲ ਦਾ ਕੋਰਸ ਵੀ ਸ਼ੁਰੂ ਕਰਨ ਦੀ ਕੋਸ਼ਿਸ਼ ਰਹੇ ਹਾਂ, ਜੋ ਕਿ ਇਥੋਂ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੋਵੇਗਾ ਅਤੇ ਉਨ੍ਹਾਂ ਨੂੰ ਫਿਰੋਜ਼ਪੁਰ ਤੋਂ ਬਾਹਰ ਨਹੀਂ ਜਾਣਾ ਪਾਵੇਗਾ।

ਇਸ ਮੌਕੇ ਸਹਾਇਕ ਚੀਨਾ, ਲਾਇਬ੍ਰੇਰੀ ਸਾਕਸ਼ੀ ਚਾਨਣਾ ਤੇ ਆਫਿਸ ਇੰਚਾਰਜ ਗੁਰਵਿੰਦਰ ਸਿੰਘ ਕਾਲਜ ਸਮੇਤ ਕਾਲਜ ਦਾ ਸਮੁੱਚ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ।

# 60 ਗ੍ਰਾਮ ਹੈਰੋਇਨ ਸਮੇਤ 2 ਕਾਬੂ



**ਮਲੋਟ (ਗੁਰਮੀਤ ਸਿੰਘ ਮੱਕੜ)**-ਨਸ਼ਿਆਂ ਤੇ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਸਥਾਨਕ ਪੁਲਸ ਨੇ 60 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਥਾਣਾ ਸਿਟੀ ਮਲੋਟ ਪੁਲਸ ਵੱਲੋਂ ਚੈਕਿੰਗ ਦੇ ਸਬੰਧ ਵਿੱਚ ਪਿੰਡ ਸ਼ੇਖੂ ਮੌਜੂਦ ਸੀ ਤਾਂ ਸ਼ੱਕ ਦੇ ਆਧਾਰ 'ਤੇ ਇੱਕ ਕਾਰ ਮਾਰਕਾ ਹੌਂਡਾ ਸਿਟੀ ਰੰਗ ਸਿਲਵਰ ਨੂੰ ਰੋਕ ਕੇ ਵਿਅਕਤੀਆਂ ਦਾ ਨਾਮ ਪੁੱਛਿਆ, ਜਿਨ੍ਹਾਂ ਨੇ ਆਪਣਾ ਨਾਮ ਮਨਪ੍ਰੀਤ ਸਿੰਘ ਤੇ ਦੀਪਕ ਕੁਮਾਰ ਉਰਫ ਸੋਨੂੰ, ਵਾਸੀ ਮਲੋਟ ਦੱਸਿਆ। ਸ਼ੱਕ ਦੇ ਆਧਾਰ 'ਤੇ ਕਾਰ ਦੀ ਤਾਲਾਸ਼ੀ ਲੈਣ 'ਤੇ ਉਸ ਵਿੱਚੋਂ 60 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਥਾਣਾ ਸਿਟੀ ਮਲੋਟ ਵਿਖੇ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ 'ਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਮਹਾਂਵੀਰ ਯੂਥ ਕਲੱਬ ਵੱਲੋਂ ਮਾਂ ਭਗਵਤੀ ਜਾਗਰਣ

**ਸਮਾਣਾ (ਇਕਬਾਲ ਸਿੰਘ ਬੱਲ)**-ਮਹਾਂਵੀਰ ਯੂਥ ਕਲੱਬ ਮੱਛੀ ਹੱਟਾ ਸਮਾਣਾ ਵੱਲੋਂ ਸਥਾਨਕ ਮੁਹੱਲਾ ਮੱਛੀ ਹੱਟਾ ਵਿਖੇ ਮਾਂ ਭਗਵਤੀ ਦਾ ਪਹਿਲਾ ਜਾਗਰਣ ਬਹੁਤ ਹੀ ਧੂਮਧਾਮ ਨਾਲ ਕਰਵਾਇਆ ਗਿਆ।ਇਸ ਮੌਕੇ ਛੋਟੀ ਜਿਹੀ ਬੱਚੀ ਨਿਤਿਕਾ ਅਰੋੜਾ ਸਪੁੱਤਰੀ ਤਰੁਣ ਅਰੋੜਾ ਨੇ ਜੋਤੀ ਪ੍ਰਚੰਡ ਦੀ ਰਸਮ ਅਦਾ ਕਰਦੇ ਹੋਏ ਜਾਗਰਣ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਕੋਮਲ ਮਹੰਤ, ਅੰਜਲੀ ਮਹੰਤ, ਆਲੀਆ ਮਹੰਤ, ਪ੍ਰੀਆ ਮਹੰਤ, ਗੁਨਗੁਨ ਮਹੰਤ ਤੋਂ ਇਲਾਵਾ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਸਮਾਣਾ ਦੇ ਪ੍ਰਧਾਨ ਰਜਤ ਗੋਇਲ, ਰਾਜੀਵ ਸਿੰਗਲਾ ਮੋਨੂੰ, ਭਾਜਪਾ ਦੇ ਸਪੋਕਸਮੈਨ ਸੰਜੀਵ ਧੀਮਾਨ ਸ਼ੈਂਕੀ ਤੇ ਬ੍ਰਾਹਮਣ ਸਭਾ ਯੂਥ ਵਿੰਗ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਆਦਿ ਨਾਮੀ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਮਾਤਾ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਭਜਨ ਗਾਇਕ ਪੰਕਜ ਸ਼ਹਿਜ਼ਾਦਾ ਵੱਲੋਂ ਭੇਟਾ ਰਾਹੀਂ ਮਾਤਾ ਦਾ ਗੁਣਗਾਨ ਕੀਤਾ ਗਿਆ ਅਤੇ ਸੰਸਥਾ ਵੱਲੋਂ ਸੰਗਤਾਂ ਲਈ ਅਟੁੱਟ ਲੰਗਰ ਦਾ ਭੰਡਾਰਾ ਵੀ ਲਗਾਇਆ ਗਿਆ।ਇਸ ਮੌਕੇ ਮਹਾਂਵੀਰ ਯੂਥ ਕਲੱਬ ਮੱਛੀ ਹੱਟਾ ਸਮਾਣਾ ਤੋਂ ਲਵਿਸ਼ ਤੁਲਾਨੀ, ਵਿਨੀ ਬੱਬਰ, ਨਿਖਿਲ ਤੁਲਾਨੀ, ਚਿਰਾਗ਼ ਵਧਵਾ, ਤਰੁਣ ਅਰੋੜਾ, ਜਤਿਨ ਵਧਵਾ, ਲੱਕੀ ਹਸੀਜਾ, ਨੈਵੀ ਹਸੀਜਾ, ਜੱਸ ਵਧਵਾ, ਜਤਿਨ ਤੁਲਾਨੀ ਤੇ ਜਸ਼ਨ ਤੁਲਾਨੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਮਾਲੀ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ ਧਰਨਾ ਅੱਜ



**ਮਾਨਸਾ (ਆਤਮਾ ਸਿੰਘ ਪਮਾਰ)**-ਭਲਕੇ ਡੀ ਸੀ ਦਫ਼ਤਰ ਮਾਨਸਾ ਸਾਹਮਣੇ ਸਿਆਸੀ ਚਿੰਤਕ ਤੇ ਟਿੱਪਣੀਕਾਰ ਮਾਲਵਿੰਦਰ ਸਿੰਘ ਮਾਲੀ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ 28 ਅਕਤੂਬਰ ਨੂੰ ਦਿੱਤੇ ਜਾਣ ਵਾਲੇ ਧਰਨੇ ਸਬੰਧੀ ਹੋਈ ਜਥੇਬੰਦੀਆਂ ਦੀ ਇਕ ਸਾਂਝੀ ਮੀਟਿੰਗ ਵਿੱਚ ਧਰਨੇ ਦੀ ਤਿਆਰੀ ਦਾ ਜਾਇਜ਼ਾ ਲਿਆ ਗਿਆ।ਕਾਮਰੇਡ ਨਛੱਤਰ ਸਿੰਘ ਖੀਵਾ ਦੀ ਪ੍ਰਧਾਨਗੀ ਹੇਠ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ ਇਸ ਮੀਟਿੰਗ ਵਿੱਚ ਸਮੂਹ ਇਨਸਾਫ ਪਸੰਦ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਮਾਲੀ ਸਮੇਤ ਮਾਨ ਸਰਕਾਰ ਵੱਲੋਂ ਅਪਣੀਆਂ ਅਸਫ਼ਲਤਾਵਾਂ ਤੇ ਨਾਲਾਇਕੀਆਂ ਬਾਰੇ ਸੁਆਲ ਉਠਾਉਣ ਵਾਲੇ ਸਿਆਸੀ ਆਗੂਆਂ, ਆਲੋਚਕਾਂ ਤੇ ਪੱਤਰਕਾਰਾਂ ਦੀ ਜ਼ੁਬਾਨਬੰਦੀ ਲਈ ਵਰਤੇ ਜਾ ਰਹੇ ਜਾਬਰ ਹੱਥਕੰਡਿਆਂ ਖਿਲਾਫ ਆਵਾਜ਼ ਉਠਾਉਣ ਲਈ ਧਰਨੇ ਵਿੱਚ ਸ਼ਾਮਲ ਹੋਣ।ਪੱਤਰਕਾਰ ਯੂਨੀਅਨ ਸਮੇਤ ਵੱਖ ਵੱਖ ਕਿਸਾਨ ਮਜ਼ਦੂਰ ਤੇ ਹੋਰ ਸਮਾਜਿਕ ਸਿਆਸੀ ਜਥੇਬੰਦੀਆਂ ਨੇ ਧਰਨੇ ਨੂੰ ਭਰਪੂਰ ਸਮਰਥਨ ਦੇਣ ਦਾ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ।

ਮੀਟਿੰਗ ਵਿੱਚ ਸੁਖਦਰਸ਼ਨ ਸਿੰਘ ਨੱਤ, ਕ੍ਰਿਸ਼ਨ ਚੌਹਾਨ, ਡਾ. ਧੰਨਾ ਮੱਲ ਗੋਇਲ, ਸੁਰਿੰਦਰ ਪਾਲ ਸ਼ਰਮਾ, ਹਰਗਿਆਨ ਸਿੰਘ ਢਿੱਲੋਂ, ਗੋਰਾ ਲਾਲ ਅਤਲਾ, ਰਾਜਵਿੰਦਰ ਮੀਰ, ਘਣਸ਼ਾਮ ਨਿੱਕੂ, ਰਵੀ ਖਾਨ, ਗੁਰਨਾਮ ਸਿੰਘ ਭੀਖੀ, ਮਹਿੰਦਰ ਸਿੰਘ ਭੈਣੀ ਬਾਘਾ, ਲਖਬੀਰ ਸਿੰਘ ਅਕਲੀਆ, ਅਮਰੀਕ ਸਿੰਘ ਫਫੜੇ ਤੇ ਹੋਰ ਆਗੂ ਸ਼ਾਮਲ ਸਨ।ਮੀਟਿੰਗ ਨੇ ਪਿਛਲੇ ਦਿਨੀਂ ਵਿੱਛੜ ਗਏ ਬਜ਼ੁਰਗ ਨਕਸਲੀ ਆਗੂ ਜਗਜੀਤ ਸਿੰਘ ਸੋਹਲ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਝੋਨੇ ਦੀ ਖਰੀਦ ਦੇ ਸੁਆਲ 'ਤੇ ਮਾਨ ਸਰਕਾਰ ਦੀ ਨਾਲਾਇਕੀ ਅਤੇ ਮੋਦੀ ਸਰਕਾਰ ਦੀਆਂ ਕਿਸਾਨ ਦੋਖੀ ਸਾਜ਼ਿਸ਼ਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਸਾਨ ਅੰਦੋਲਨ ਦੀ ਪੂਰਨ ਹਮਾਇਤ ਕੀਤੀ।




THE PUNJAB PUBLIC SCHOOL, NABHA (PUNJAB), INDIA

PREMIER CO-EDUCATIONAL BOARDING SCHOOL OF EXCELLENCE

ADMISSION NOTICE – 2025-26

- NATIONAL RANK: 4 & STATE RANK: 1 (ETR)
- NATIONAL RANK: 5 & STATE RANK: 1 (EWR)
- BEST POST SCHOOL PLACEMENTS OF STUDENTS

SCHOOL IS CREDITED FOR QUAILTY ALUMNI

DEFENCE SERVICES
EDUCATION
INDUSTRIES
JUDICIARY
CIVIL SERVICES
POLITICS
MEDICINE
FILM INDUSTRY
JOURNALISM & MASS COMMUNICATION



ADMISSION OPEN 2025-26 (FOR CLASSES IV TO IX ON 01.12.24 & FOR CLASS XI ON 30.03.25)

UNIQUE FEATURES

- 105 ACRES LUSH GREEN ECO-FRIENDLY CAMPUS & SUPER INFRASTRUCTURE
- COMPETENT, ACCOUNTABLE FACULTY
- INTEGRATED CURRICULUM OF ACADEMICS, SPORTS & CO-CURRICULAR ACTIVITIES
- AUDITORIUM,SEMINAR HALL & FUNCTIONAL LABS
- STEM/STEAM, ROBOTICS, AI & AUDIO VISUAL LABS
- ADVANCED COMPUTER LAB AND IT RESEARCH CENTRE
- IT-ENABLED CLASSROOMS WITH SMART BOARDS
- WELL-EQUIPPED SCIENCE BLOCK WITH ULTRA-MODERN PHYSICS, CHEMISTRY & BIO LABS
- NCC, IAYP, CLUBS, SOCIETIES, HOBBIES
- CAREER COUNSELLING & GUIDANCE
- MEDICAL CARE 24X7 (24 BED MEDICAL INFIRMARY)
- SAFETY & SECURITY, EXCELLENT PASTORAL CARE & STUDENT COUNSELLOR
- SEPARATE MODERN BOARDING HOUSES FOR JUNIOR, MIDDLE & SENIOR BOYS
- MESS-TWO DINING HALLS FOR BALANCED MEALS

SPORTS AND GAMES

- SEPARATE PLAYFIELDS FOR CRICKET, HOCKEY, FOOTBALL AND ATHLETICS,SWIMMING POOL
- MULTI-FACILITY SPORTS COMPLEX FOR SHOOTING, GYMNASIUM
- COURTS FOR SQUASH, LAWN TENNIS ,VOLLEYBALL, BASKETBALL, BADMINTON
- EQUESTRIAN SCHOOL FOR HORSE RIDING WITH 41 HORSES



(Dr.DC Sharma)
M.Sc., M.Phil., Ph.d., SRF, B.Ed., PGDSC
HEADMASTER

Application form and detailed information with syllabus is contained in the School Prospectus obtainable on payment by Cash or Draft/Money Order, payable to Headmaster, The Punjab Public School, Nabha (postal charges extra).
For more information about The Punjab Public School, Nabha, please visit the School
Website: www.ppsnabha.in Tel: 01765-220675/82880-25629

# ਪੰਜਾਬ ਪਬਲਿਕ ਸਕੂਲ ਨੇ ਸਥਾਪਨਾ ਦਿਵਸ ਮਨਾਇਆ

- ਰਾਜਪਾਲ ਨੇ ਸਮਾਗਮ 'ਚ ਕੀਤੀ ਸ਼ਿਰਕਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨਾਭਾ ਵੱਲੋਂ ਹੈੱਡਮਾਸਟਰ ਡਾਕਟਰ ਡੀ ਸੀ ਸ਼ਰਮਾ ਦੀ ਅਗਵਾਈ ਵਿੱਚ 64ਵਾਂ ਸਥਾਪਨਾ ਦਿਵਸ ਮਨਾਇਆ ਗਿਆ।ਇਸ ਮੌਕੇ ਸਮਾਗਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਸ੍ਰੀ ਗੁਲਾਬ ਚੰਦ ਕਟਾਰੀਆ ਰਾਜਪਾਲ ਪੰਜਾਬ ਤੇ ਸਕੂਲ ਬੋਰਡ ਦੇ ਚੇਅਰਮੈਨ ਨੇ ਨਿਭਾਈ।ਉਨ੍ਹਾਂ ਨੇ ਐੱਨ. ਸੀ. ਸੀ. ਕੈਡਿਟਾਂ ਦੀ ਸ਼ਾਨਦਾਰ ਪਰੇਡ ਤੋਂ ਸਲਾਮੀ ਲਈ ਅਤੇ ਗਾਰਡ ਆਫ ਆਨਰ ਦਾ ਨਿਰੀਖਣ ਕੀਤਾ।ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ।ਰਿਪੋਰਟ ਪੇਸ਼ ਕਰਦੇ ਹੋਏ, ਡਾ. ਸ਼ਰਮਾ ਨੇ ਪਿਛਲੇ ਸਾਲਾਂ ਦੌਰਾਨ ਸੰਸਥਾ ਦੇ ਵਿਕਾਸ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਸਕੂਲ ਦੇ ਸਰਪ੍ਰਸਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਵਾਰ ਦਾ ਲਾਈਫਟਾਈਮ ਅਚੀਵਮੈਂਟ ਐਵਾਰਡ ਸ੍ਰੀ ਰਮੇਸ਼ ਚੰਦਰ ਭੱਲਾ, ਸਾਬਕਾ ਗਣਿਤ ਅਧਿਆਪਕ ਤੇ ਡਿਪਟੀ ਹੈੱਡਮਾਸਟਰ ਨੂੰ ਪ੍ਰਦਾਨ ਕੀਤਾ ਗਿਆ।ਇਸ ਸਾਲ ਦਾ ਰੋਲ ਆਫ ਆਨਰ ਐਵਾਰਡ ਸ੍ਰੀ ਰਾਜੀਵ ਬਖਸ਼ੀ, ਉੱਘੇ ਕਾਰਪੋਰੇਟ ਨੂੰ ਪ੍ਰਦਾਨ ਕੀਤਾ ਗਿਆ।ਸਾਲ 2023 ਲਈ ਸੀਨੀਅਰ ਕਾਕ ਹਾਊਸ ਟਰਾਫੀ ਸਤਲੁਜ ਹਾਊਸ ਵੱਲੋਂ ਜਿੱਤੀ ਗਈ।ਇਸ ਮੌਕੇ ਜੂਨੀਅਰ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਐਰੋਬਿਕਸ ਡਿਸਪਲੇ ਪੇਸ਼ ਕੀਤਾ।ਸਕੂਲ ਬੈਂਡ ਟੀਮ ਨੇ ਵੀ ਆਪਣੀ ਕਲਾ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪੰਜਾਬ ਪਬਲਿਕ ਸਕੂਲ ਦੇ ਰਾਈਡਰਾਂ ਨੇ ਆਪਣੀ ਅਦਭੁਤ ਕਲਾ ਨਾਲ ਸਮਾਗਮ ਨੂੰ ਚਾਰ ਚੰਨ ਲਾਏ।ਇਸ ਸਾਲਾਨਾ ਦਿਵਸ ਮੌਕੇ ਬੋਲਦਿਆਂ ਸ੍ਰੀ ਕਟਾਰੀਆ ਨੇ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਸਟਾਫ਼ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਉਹ ਸਕੂਲ ਦੇ ਵਿਦਿਆਰਥੀਆਂ ਦੇ ਉੱਚ ਅਨੁਸ਼ਾਸਨ ਤੋਂ ਬਹੁਤ ਪ੍ਰਭਾਵਿਤ ਹਨ।ਉਨ੍ਹਾਂ ਕਿਹਾ ਕਿ ਸਕੂਲ ਦੇ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ।ਇਸ ਮੌਕੇ ਧੰਨਵਾਦ ਦਾ ਮਤਾ ਪੇਸ਼ ਕਰਦੇ ਹੋਏ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਮੁੱਖ ਮਹਿਮਾਨ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਤੇ ਆਏ ਹੋਏ ਬਾਕੀ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸ੍ਰੀ ਜੈ ਸਿੰਘ ਗਿੱਲ ਆਈ.ਏ.ਐੱਸ. (ਸੇਵਾਮੁਕਤ) ਪ੍ਰਧਾਨ ਕਾਰਜਕਾਰੀ ਕਮੇਟੀ ਬੋਰਡ ਆਫ਼ ਗਵਰਨਰ ਮਾਨਯੋਗ ਬੋਰਡ ਮੈਂਬਰ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

# ਝੋਨਾ ਨਾ ਵਿਕਣ ਕਾਰਨ ਕਿਸਾਨਾਂ ਦੀ ਦੀਵਾਲੀ ਰਹੇਗੀ ਫਿੱਕੀ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪੇਂਡੂ ਮੰਡੀਆਂ ਵਿੱਚ ਕਿਸਾਨਾਂ ਦਾ ਬੇਹੱਦ ਬੁਰਾ ਹਾਲ ਨਹੀਂ ਹੈ। ਕੋਈ ਵੀ ਅਧਿਕਾਰੀ ਜਾਂ ਵਪਾਰੀ ਕਿਸਾਨਾਂ ਦਾ ਸੁੱਕਾ ਝੋਨਾ ਹੋਣ ਦੇ ਬਾਵਜੂਦ ਖਰੀਦਣ ਨੂੰ ਤਿਆਰ ਨਹੀਂ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇੱਕ ਅਕਤੂਬਰ ਤੋਂ ਝੋਨੇ ਦੀ ਸ਼ੁਰੂਆਤ ਦਾ ਐਲਾਨ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਸੀ ਤੇ ਪੰਜ ਅਕਤੂਬਰ ਤੋਂ ਝੋਨਾ ਮੰਡੀਆਂ ਵਿੱਚ ਆਇਆ ਪਿਆ, ਪ੍ਰੰਤੂ ਅੱਜ ਤੱਕ ਝੋਨੇ ਦੀ ਖਰੀਦ ਨਹੀਂ ਹੋਈ। ਪਿੰਡ ਮਿੱਡਾ ਦੇ ਖਰੀਦ ਕੇਂਦਰ ਜਿਸ ਵਿੱਚ ਪਿੰਡ ਮਿੱਡਾ ਤੋਂ ਇਲਾਵਾ ਪਿੰਡ ਰਾਣੀਵਾਲਾ, ਤਰਖਾਣਵਾਲਾ, ਸ਼ੇਰਗੜ੍ਹ ਤੇ ਹੋਰ ਨੇੜੇ ਦੇ ਪਿੰਡਾਂ ਦੇ ਕਿਸਾਨਾਂ ਦਾ ਝੋਨਾ ਇੱਥੇ ਇਕੱਠਾ ਹੋਇਆ ਪਿਆ ਹੈ ਅਤੇ ਸਾਰੀ ਮੰਡੀ ਨੱਕੋ ਨੱਕ ਭਰੀ ਪਈ ਹੈ।

ਉਨ੍ਹਾਂ ਕਿਹਾ ਕਿ ਇੱਕ ਵਾਰੀ ਇੱਕ ਸ਼ੈਲਰ ਵਾਲਾ 200 ਗੱਟਾ ਭਰ ਕੇ ਗਿਆ, ਪ੍ਰੰਤੂ ਉਸ ਤੋਂ ਬਾਅਦ ਇਨ੍ਹਾਂ 20-25 ਦਿਨਾਂ ਦੇ ਦਰਮਿਆਨ ਕੋਈ ਖਰੀਦਦਾਰ ਨਹੀਂ ਆਇਆ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਦੀ ਇਸ ਗੱਲੋਂ ਨਿੰਦਾ ਕੀਤੀ ਕਿ ਸਰਕਾਰ ਨੇ ਕਿਸਾਨਾਂ ਦੇ ਹਾਲਾਤਾਂ ਬਾਰੇ ਚੰਗਾ ਨਹੀਂ ਸੋਚਿਆ। ਉਨ੍ਹਾਂ ਕਿਹਾ ਕਿ ਝੋਨਾ ਮੰਡੀਆਂ ਵਿੱਚ ਭਰਿਆ ਪਿਆ ਹੈ ਤੇ ਕਿਸਾਨਾਂ ਦੇ ਘਰਾਂ ਵਿੱਚ ਝੋਨਾ ਭਰਿਆ ਪਿਆ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਫਸਲ ਦੀ ਬਿਜਾਈ ਦਾ ਟਾਈਮ ਹੋ ਗਿਆ ਹੈ ਤੇ ਬਾਸਪਤੀ ਦੀ ਫ਼ਸਲ ਖੇਤਾਂ ਵਿੱਚ ਖੜੀ ਹੈ ਤੇ ਕਿਸਾਨ ਮੰਡੀਆਂ ਵਿਚ ਰੁੱਲ ਰਿਹਾ ਹੈ।

ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਸਾਰ ਲੈਣ ਵਾਸਤੇ ਕੋਈ ਵੀ ਅਧਿਕਾਰੀ ਵਪਾਰੀ ਨਹੀਂ ਪਹੁੰਚਿਆ। ਦਿਨ-ਰਾਤ ਉਹ ਮੰਡੀਆਂ ਵਿਚ ਹੀ ਗੁਜ਼ਾਰਦੇ ਹਨ। ਕਿਸਾਨਾਂ ਨੇ ਕਿਹਾ ਕਿ ਸਰਕਾਰ 3500 ਕਰੋੜ ਦੀ ਝੋਨੇ ਦੀ ਖਰੀਦ ਦੀ ਗੱਲ ਚੈਨਲਾਂ 'ਤੇ ਬਹਿ ਕੇ ਨਾ ਕਰੇ। ਉਨ੍ਹਾਂ ਦੱਸਿਆ ਕਿ ਵੱਡੇ ਪਿੰਡ ਦੀ ਦਾਣਾ ਮੰਡੀ ਵਿਚ ਕਿਸੇ ਵੀ ਕਿਸਾਨ ਦੇ ਪੈਸੇ ਵਿਚ ਪੈਸੇ ਨਹੀਂ ਆਏ ਤੇ ਝੋਨਾ ਮੰਡੀ ਵਿੱਚ ਪਿਆ ਹੈ।

ਇਸ ਤੋਂ ਇਲਾਵਾ ਘਰਾਂ ਵਿੱਚ ਪਿਆ ਹੈ ਤੇ ਅਗਲੀ ਫ਼ਸਲ ਬੀਜਣ ਦਾ ਝੋਰਾ ਖਾ ਰਿਹਾ ਹੈ। ਪਿੰਡ ਮਿੱਡਾ ਝੋਨਾ ਨਾ ਵਿਕਣ ਕਰਕੇ ਵਿਹਲੀ ਬੈਠੀ ਲੇਬਰ ਵੀ ਸਰਕਾਰ ਤੋਂ ਦੁਖੀ ਹੈ। ਲੇਬਰ ਵਾਲਿਆਂ ਨੇ ਕਿਹਾ ਕਿ ਉਹ ਬਿਹਾਰ ਤੇ ਹੋਰ ਸੂਬਿਆਂ ਤੋਂ ਇੱਥੇ ਰੁਜ਼ਗਾਰ ਲਈ ਆਏ ਸਨ, ਪ੍ਰੰਤੂ 20-25 ਦਿਨਾਂ ਤੋਂ ਬਿਲਕੁੱਲ ਵਿਹਲੇ ਬੈਠ ਕੇ ਰੋਟੀ ਪਾਣੀ ਦੀ ਕਿਸਾਨਾਂ ਦੇ ਪੱਲਿਓਂ ਜਾਂ ਹੋਰ ਪ੍ਰਬੰਧ ਕਰਕੇ ਖਾ ਰਹੇ ਹਨ। ਲੇਬਰ ਨੇ ਕਿਹਾ ਕਿ ਨਾ ਗੱਟੇ ਭਰਨ ਦਾ ਨਾ ਕੋਈ ਪੱਖੇ ਲੱਗਣ ਦਾ ਕੰਮ ਚੱਲ ਰਿਹਾ ਹੈ, ਇਸ ਲਈ ਲੇਬਰ ਵੀ ਬਹੁਤ ਪ੍ਰੇਸ਼ਾਨ ਹੈ।

# ਮੰਡੀਆਂ 'ਚ ਖਰੀਦ, ਅਦਾਇਗੀ ਤੇ ਲਿਫਟਿੰਗ ਨਾ ਹੋਣ ਕਾਰਨ ਕਿਸਾਨ ਤੇ ਆੜ੍ਹਤੀ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਦੀਆਂ ਸਮੂਹ ਦਿਹਾਤੀ ਮੰਡੀਆਂ ਵਿੱਚ ਖਰੀਦ, ਅਦਾਇਗੀ ਤੋਂ ਇਲਾਵਾ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀ ਅਤੇ ਕਿਸਾਨਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆੜ੍ਹਤੀ ਤੇ ਕਿਸਾਨਾਂ ਵਿੱਚ ਪਗੜੀ ਸੰਭਾਲ ਜੱਟਾ ਲਹਿਰ ਦੇ ਪ੍ਰਧਾਨ ਬਲਜਿੰਦਰ ਸਿੰਘ ਚੀਮਾ, ਲੱਖੋਵਾਲ ਯੂਨੀਅਨ ਦੇ ਸਰਕਲ ਪ੍ਰਧਾਨ ਪ੍ਰੀਤਮ ਸਿੰਘ ਪੁਰਾਣਾ ਸ਼ਾਲਾ, ਕਿਸਾਨ ਹਰਜੀਤ ਸਿੰਘ ਜਗਤਪੁਰ, ਸਾਬਕਾ ਸਰਪੰਚ ਭਗਵਾਨ ਸਿੰਘ, ਬਲਬੀਰ ਸਿੰਘ, ਬਲਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਦਾਣਾ ਮੰਡੀ ਫੋਕਲ ਪੁਆਇੰਟ ਪੁਰਾਣਾ ਸ਼ਾਲਾ ਵਿਖੇ ਸਰਕਾਰੀ ਬਾਰਦਾਨਾ ਅਤੇ ਲਿਫਟਿੰਗ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਨਾ ਹੀ ਸ਼ੈਲਰ ਮਾਲਕ ਆੜ੍ਹਤੀ ਵੱਲੋਂ ਖ਼ਰੀਦੀ ਜਿਣਸ ਨੂੰ ਚੁੱਕਣ ਨੂੰ ਤਿਆਰ ਹਨ, ਜਿਸ ਕਰਕੇ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ। ਮੰਡੀ ਵਿਚ ਕਿਸਾਨਾਂ ਨੂੰ ਢੇਰੀ ਲਗਾਉਣ ਵਾਸਤੇ ਕੋਈ ਜਗ੍ਹਾ ਨਹੀਂ ਮਿਲ ਰਹੀ, ਜਿਸ ਕਰਕੇ ਇਲਾਕੇ ਦੇ ਕਿਸਾਨ ਕਾਫੀ ਚਿੰਤਾ ਦੇ ਆਲਮ ਵਿੱਚ ਡੁੱਬੇ ਪਏ ਹਨ। ਇਥੋਂ ਤੱਕ ਕਿ ਸ਼ੈਲਰ ਮਾਲਕ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਬਿਨਾਂ ਵਜ੍ਹਾ 150 ਰੁਪਏ ਤੋਂ ਲੈ ਕੇ 300 ਰੁਪਏ ਤੱਕ ਦਾ ਕੱਟ ਲਗਾ ਕੇ ਚੰਗੀ ਚੋਖੀ ਕਮਾਈ ਕਰ ਰਹੇ ਹਨ। ਇਸ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਵਿਧਾਨ ਸਭਾ ਹਲਕਾ ਦੀਨਾਨਗਰ ਦੇ ਇੰਚਾਰਜ ਕਮਲਜੀਤ ਚਾਵਲਾ ਅਤੇ ਪ੍ਰਧਾਨ ਪੁਰਾਣਾ ਸ਼ਾਲਾ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਗੁਰਦਾਸਪੁਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਲੱਕੀ ਰਾਈਸ ਮਿਲਜ਼ ਬਰਨਾਲਾ ਵਲੋਂ 500 ਐਮ.ਟੀ. ਮੰਡੀਆਂ ਵਿਚੋਂ ਅੱਜ ਚੁਕਾਈ ਕਰ ਲਈ ਜਾਵੇਗੀ ਪਰੰਤੂ ਅਜੇ ਤੀਕ ਮੰਡੀਆਂ ਕਿਸੇ ਤਰ੍ਹਾਂ ਦੀ ਲਿਫਟਿੰਗ ਨਹੀਂ ਹੋਈ ਅਤੇ ਨਾ ਹੀ ਕੋਈ ਆਰ.ਓ. ਪਾਰਟੀ ਪਹੁੰਚੀ ਹੈ। ਸਰਕਾਰ ਦੀਆਂ ਗਲਤ ਨੀਤੀਆਂ ਤੋਂ ਸਤਾਏ ਕਿਸਾਨ ਅਤੇ ਆੜ੍ਹਤੀ ਦੁਖੀ ਹੋਏ ਪਏ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਆੜ੍ਹਤੀਆਂ ਨੂੰ ਸਰਕਾਰ ਵਲੋਂ ਮਾਮੂਲੀ ਜਿਹੀ ਅਦਾਇਗੀ ਕੀਤੀ ਗਈ ਹੈ ਅਤੇ 1 ਅਕਤੂਬਰ ਤੋਂ ਖ਼ਰੀਦ ਸ਼ੁਰੂ ਹੋਈ ਸੀ ਪਰ 26 ਦਿਨ ਬੀਤ ਜਾਣ ਬਾਅਦ ਵੀ ਮੰਡੀਆਂ ਵਿਚ ਲਿਫਟਿੰਗ ਨਾ ਹੋਣ ਕਰਕੇ 40 ਹਜ਼ਾਰ ਤੋਂ ਵੱਧ ਤੋੜੇ ਮੰਡੀਆਂ ਵਿਚ ਪਏ ਹੋਏ ਹਨ। ਉਨ੍ਹਾਂ ਦੱਸਿਆ ਕਿ 31 ਅਕਤੂਬਰ ਨੂੰ ਦੀਵਾਲੀ ਦਾ ਤਿਉਹਾਰ ਨਜ਼ਦੀਕ ਆ ਰਿਹਾ ਹੈ ਅਤੇ ਕਿਸਾਨਾਂ ਨੂੰ ਅਜੇ ਤੀਕ ਕੋਈ ਵੀ ਰਕਮ ਨਹੀਂ ਮਿਲੀ ਜਿਸ ਕਰਕੇ ਉਨ੍ਹਾਂ ਦੀ ਦੀਵਾਲੀ ਫਿੱਕੀ ਨਿਕਲਣ ਦੇ ਆਸਾਰ ਨਜ਼ਰ ਆ ਰਹੇ ਹਨ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਦਿਹਾਤੀ ਮੰਡੀਆਂ ਵਿਚ ਝੋਨੇ ਦੀ ਖ਼ਰੀਦ, ਅਦਾਇਗੀ ਅਤੇ ਲਿਫਟਿੰਗ ਯਕੀਨੀ ਬਣਾਈ ਜਾਵੇ ਜਿਸ ਨਾਲ ਕਿਸਾਨ ਖੱਜਲ ਖੁਆਰ ਹੋਣ ਤੋਂ ਬਚ ਸਕਣ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ, ਜਿੱਥੇ ਵਿਦਿਆਰਥੀਆਂ ਨੂੰ ਵਿੱਦਿਅਕ ਖੇਤਰ ਵਿੱਚ ਕਰੜੀ ਮਿਹਨਤ ਕਰਵਾਈ ਜਾਂਦੀ ਹੈ , ਉਥੇ ਧਾਰਮਿਕ ਖੇਤਰ ਦੇ ਵਿੱਚ ਵੀ ਵਿਦਿਆਰਥੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। 24 ਅਕਤੂਬਰ ਨੂੰ ਸਹਿਜ ਪਾਠ ਸੇਵਾ ਲਹਿਰ ਵੱਲੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਮੀਰੀ- ਪੀਰੀ ਹਾਲ ਵਿੱਚ ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਦੇ ਵੱਖ-ਵੱਖ ਰਾਊਂਡ ਜਿਵੇਂ ਹੁਕਮਨਾਮਾ ਲੈਣਾ, ਗੁਰਬਾਣੀ ਦੀਆਂ ਪੰਗਤੀਆਂ ਸੁਣਾਉਣਾ, ਫ਼ੁਰਮਾਨ ਸੁਣਾਉਣਾ ਆਦਿ ਵਿੱਚੋਂ ਚੁਣੇ ਗਏ ਵਿਦਿਆਰਥੀਆਂ ਕੋਲੋਂ ਸਹਿਜ ਪਾਠ ਕਰਦਿਆਂ ਦੇ ਅਨੁਭਵ ਲੈਣ ਤੋਂ ਬਾਅਦ ਸਕੂਲ ਦੇ 19 ਵਿਦਿਆਰਥੀਆਂ ਨੂੰ ਵੱਖ-ਵੱਖ ਸਨਮਾਨ ਚਿੰਨ੍ਹ ਰਾਹੀਂ ਸਨਮਾਨਤ ਕੀਤਾ ਗਿਆ ਅਤੇ ਬੀਤੇ ਦਿਨੀਂ ਹੀ ਗੁਰੂ ਨਾਨਕ ਦੇਵ ਅਕੈਡਮੀ, ਤਰਨ ਤਾਰਨ ਵੱਲੋਂ ਗੁਰੂ ਰਾਮਦਾਸ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ ਕੀਰਤਨ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ 15 ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਵਿੱਚ ਝਬਾਲ ਸਕੂਲ ਦੀ ਟੀਮ ਨੇ ਕੀਰਤਨ ਮੁਕਾਬਲੇ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ । ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਤ ਕਰਕੇ ਇਹਨਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ।

# ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਰੱਖੇ ਸਨਮਾਨ ਸਮਾਰੋਹ ਦੌਰਾਨ ਜੇਤੂ ਪੰਚਾਇਤਾਂ ਦਾ ਸਨਮਾਨ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਐਮ ਐਲ ਏ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕਾ ਤਰਨ ਤਾਰਨ ਦੇ ਬਲਾਕ ਤਰਨਤਾਰਨ ਤੇ ਬਲਾਕ ਗੰਡੀਵਿੰਡ ਦੀਆਂ ਜੇਤੂ ਪੰਚਾਇਤਾਂ ਦਾ ਸਨਮਾਨ ਕੀਤਾ ਗਿਆ।ਇਸ ਤੋਂ ਪਹਿਲਾਂ ਆਪਣੇ ਦਫਤਰ ਨੇੜੇ ਦੁਸਹਿਰਾ ਗਰਾਊਂਡ ਤਰਨ ਤਾਰਨ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਸਮੂਹ ਹਲਕਾ ਨਿਵਾਸੀਆਂ ਦੀ ਚੜ੍ਹਦੀ ਕਲਾ ਤੇ ਹਲਕੇ ਦੀਆਂ ਪੰਚਾਇਤਾਂ ਦੇ ਜਿੱਤਣ ਦੀ ਖੁਸ਼ੀ ਵਿੱਚ ਸ਼ੁਕਰਾਨੇ ਦੀ ਅਰਦਾਸ ਕਰਵਾਏ ਜਾਣ ਉਪਰੰਤ ਰੱਖੇ ਗਏ ਜੇਤੂ ਪੰਚਾਇਤਾਂ ਦੇ ਸਨਮਾਨ ਸਮਾਰੋਹ ਦੌਰਾਨ ਬਲਾਕ ਤਰਨ ਤਾਰਨ ਦੀਆਂ ਪੰਚਾਇਤਾਂ ਵਿੱਚੋਂ ਸਰਪੰਚ ਕਸ਼ਮੀਰ ਸਿੰਘ ਤੋਂ ਪੰਚਾਇਤ ਮੈਂਬਰ ਗੋਹਲਵੜ, ਪੰਡੋਰੀ ਰਣ ਸਿੰਘ ਤੋਂ ਸਰਪੰਚ ਆਲਮਬੀਰ ਸਿੰਘ, ਕੰਵਲਜੀਤ ਕੌਰ ਤੇ ਪੰਚਾਇਤ ਮੈਂਬਰ, ਪੰਡੋਰੀ ਸਿੱਧਵਾਂ ਤੋਂ ਸਰਪੰਚ ਮੋਹਨ ਸਿੰਘ ਤੇ ਪੰਚਾਇਤ ਮੈਂਬਰ, ਭੋਜੀਆ ਤੋਂ ਸਰਪੰਚ ਰਣਜੀਤ ਸਿੰਘ ਰਾਣਾ ਤੇ ਪੰਚਾਇਤ ਮੈਂਬਰ, ਪਿੰਡ ਬਘੇਲ ਸਿੰਘ ਵਾਲਾ ਝਬਾਲ ਤੋਂ ਸਰਪੰਚ ਜਤਿੰਦਰ ਸਿੰਘ ਢਿੱਲੋਂ ਤੇ ਪੰਚਾਇਤ ਮੈਂਬਰ, ਪਿੰਡ ਐਮਾਂ ਤੋਂ ਸਰਪੰਚ ਪ੍ਰਿੰਸ ਤੇ ਪੰਚਾਇਤ ਮੈਂਬਰ, ਪਿੰਡ ਪੱਧਰੀ ਕਲਾਂ ਤੋਂ ਸਰਪੰਚ ਸਲਵਿੰਦਰ ਸਿੰਘ ਢਿੱਲੋਂ ਤੇ ਮੈਂਬਰ ਪੰਚਾਇਤ, ਪਿੰਡ ਮੰਨਣ ਤੋਂ ਹਰਪ੍ਰੀਤ ਸਿੰਘ ਹੈਪੀ ਤੇ ਪੰਚਾਇਤ ਮੈਂਬਰ, ਨੂਰਦੀ ਤੋਂ ਸਮੂਹ ਪੰਚਾਇਤ, ਮੀਰਪੁਰ ਤੋਂ ਸਮੂੰਹ ਪੰਚਾਇਤ, ਮੱਜੂਪੁਰ ਤੋਂ ਸਮੂਹ ਪੰਚਾਇਤ, ਬਹਿਲਾ, ਮੁਗਲਚੱਕ, ਮੁਰਾਦਪੁਰਾ ਖੁਰਦ, ਬਾਲਾ ਚੱਕ, ਜੋਹਲ ਰਾਜੂ ਸਿੰਘ ਵਾਲਾ, ਦੁਬਰਜੀ, ਕੈਰੋਵਾਲ, ਮੱਤੇਵਾਲ, ਠਰੂ ਤੋਂ ਸਮੂਹ ਪੰਚਾਇਤ ਆਦਿ ਅਤੇ ਬਲਾਕ ਗੰਡੀਵਿੰਡ ਤੋਂ ਸਰਪੰਚ ਤੇਜਿੰਦਰ ਸਿੰਘ ਵਿੱਕੀ ਤੇ ਪੰਚਾਇਤ ਮੈਂਬਰ ਕੋਟ ਸਿਵਿਆਂ, ਸੋਹਲ ਤੋਂ ਸਰਪੰਚ ਰਣਜੋਧ ਸਿੰਘ ਜੋਧਾ ਤੇ ਪੰਚਾਇਤ ਮੈਂਬਰ, ਸੈਣ ਭਗਤ ਸੋਹਲ ਤੋਂ ਸਰਪੰਚ ਗੁਰਦੇਵ ਸਿੰਘ ਸੋਹਲ ਤੇ ਪੰਚਾਇਤ ਮੈਂਬਰ, ਗੰਡੀਵਿੰਡ ਪਿੰਡ ਤੋਂ ਸਰਪੰਚ ਗੁਰਮੀਤ ਸਿੰਘ ਤੇ ਮੈਂਬਰ ਪੰਚਾਇਤ, ਪਿੰਡ ਰਸੂਲਪੁਰ ਤੇਜਾ ਸਿੰਘ ਵਾਲਾ ਤੋਂ ਸਰਪੰਚ ਤੇਜਿੰਦਰ ਸਿੰਘ ਕਾਲਾ ਤੇ ਪੰਚਾਇਤ ਮੈਂਬਰ, ਗੱਗੋਬੂਹਾ ਤੋਂ ਸਾਧਾ ਸਿੰਘ ਸਰਪੰਚ ਤੇ ਮੈਂਬਰ ਪੰਚਾਇਤ, ਪਿੰਡ ਦੋਬਲੀਆ ਤੋਂ ਸਰਪੰਚ ਗੁਰਭੇਜ ਸਿੰਘ ਭੇਜਾ ਤੇ ਮੈਂਬਰ ਪੰਚਾਇਤ, ਬੁਰਜ ਤੋ ਸਰਪੰਚ ਹੈਰੀ ਬੁਰਜ ਤੇ ਪੰਚਾਇਤ ਮੈਂਬਰ, ਪਿੰਡ ਢੰਡ ਤੋਂ ਸਰਪੰਚ ਸੁਰਜੀਤ ਸਿੰਘ ਸ਼ਾਹ ਤੇ ਮੈਂਬਰ ਪੰਚਾਇਤ, ਪਿੰਡ ਕਸੇਲ ਤੋਂ ਸਰਪੰਚ ਬਲਜਿੰਦਰ ਸਿੰਘ ਤੇ ਮੈਂਬਰ ਪੰਚਾਇਤ, ਗਹਿਰੀ ਪਿੰਡ, ਲਹੀਆ, ਮਾਹਣੇ ਮੱਲੀਆਂ, ਭੂਸੇ, ਚੀਮਾ, ਭੁੱਚਰ, ਢੰਡ ਗੰਗਾਨਗਰ ਸਮੇਤ ਹਲਕੇ ਦੇ ਅਨੇਕਾਂ ਪਿੰਡਾਂ ਦੀਆਂ ਜਿੱਤੀਆਂ ਪੰਚਾਇਤਾਂ ਨੂੰ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਉਨ੍ਹਾਂ ਦੀ ਧਰਮ ਪਤਨੀ ਬੀਬੀ ਨਵਜੋਤ ਕੌਰ ਹੁੰਦਲ, ਪੀਏ ਕੋਮਲਪ੍ਰੀਤ ਸਿੰਘ ਆਦਿ ਵੱਲੋਂ ਸਿਰਪਾਉ ਦੇ ਕੇ ਸਨਮਾਨ ਕੀਤਾ ਗਿਆ ਅਤੇ ਸਰਪੰਚਾਂ, ਪੰਚਾਂ ਨੂੰ ਆਪਸੀ ਮਿਲਵਰਤਣ ਤੇ ਭਾਈਚਾਰਕ ਸਾਂਝ ਨੂੰ ਬਣਾ ਕੇ ਰੱਖਣ ਅਤੇ ਪਿੰਡਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜਾਂ ਨੂੰ ਕਰਵਾਉਣ ਲਈ ਕਿਹਾ ਗਿਆ।ਇਸ ਮੌਕੇ ਝਗੜਾ ਨਿਵਾਰਨ ਕਮੇਟੀ ਦੇ ਚੇਅਰਮੈਨ ਮਾਸਟਰ ਤਸਵੀਰ ਸਿੰਘ, ਪ੍ਰਿੰਸੀਪਲ ਫੂਲਾ ਸਿੰਘ, ਬਲਾਕ ਪ੍ਰਧਾਨ ਸਰਬਰਿੰਦਰ ਸਿੰਘ ਭਰੋਵਾਲ, ਕਸ਼ਮੀਰ ਸਿੰਘ ਕਸੇਲ, ਬਲਾਕ ਪ੍ਰਧਾਨ ਆਲਮਬੀਰ ਸਿੰਘ ਪੰਡੋਰੀ ਰਣ ਸਿੰਘ, ਬਲਾਕ ਪ੍ਰਧਾਨ ਅੰਗਰੇਜ਼ ਸਿੰਘ ਢੰਡ, ਡਾ. ਕੁਲਦੀਪ ਸਿੰਘ ਢਿੱਲੋਂ, ਗੁਰਵਿੰਦਰ ਸਿੰਘ ਨਾਥੂ ਬਾਬਾ ਲੰਗਾਹ, ਗੁਰਪ੍ਰੀਤ ਸਿੰਘ ਪੰਜਵੜ, ਸਾਹਿਬਾਜ ਸਿੰਘ ਜ਼ੈਲਦਾਰ, ਜਯੋਤੀ, ਡ. ਤਸਬੀਰ ਕੌਰ ਝਬਾਲ, ਹਰਦੇਵ ਸਿੰਘ ਦੇਵ ਕਲੱਬ ਪ੍ਰਧਾਨ ਪੰਜਵੜ, ਸ਼ਰਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਤਰਨ ਤਾਰਨ ਹਲਕੇ ਦੇ ਆਮ ਪਾਰਟੀ ਦੇ ਆਗੂ ਤੇ ਵਰਕਰ ਵੀ ਮੌਜੂਦ ਸਨ।

# ਸਿੱਖ ਮਿਸ਼ਨਰੀ ਕਾਲਜ ਨੇ ਸਲਾਨਾ ਧਾਰਮਿਕ ਪ੍ਰੀਖਿਆ ਕਰਵਾਈ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਿੱਖ ਮਿਸ਼ਨਰੀ ਕਾਲਜ ਵੱਲੋਂ ਹਰ ਸਾਲ ਦੀ ਤਰ੍ਹਾਂ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਸਲਾਨਾ ਧਾਰਮਿਕ ਪ੍ਰੀਖਿਆ ਕਰਵਾਈ ਗਈ। ਇਹ ਪ੍ਰੀਖਿਆ ਸਿੱਖ ਮਿਸ਼ਨਰੀ ਕਾਲਜ ਸਰਕਲ ਬੀੜ ਸਾਹਿਬ ਦੇ ਇੰਚਾਰਜ ਅਵਤਾਰ ਸਿੰਘ ਸੋਹਲ ਅਤੇ ਪ੍ਰਿੰਸੀਪਲ ਪਰਮਜੀਤ ਸਿੰਘ ਦੀ ਨਿਗਰਾਨੀ ਹੇਠ ਕਰਵਾਈ ਗਈ, ਜਿਸ ਵਿੱਚ ਸਕੂਲ ਦੇ ਚੌਥੀ ਤੋਂ ਬਾਰ੍ਹਵੀਂ ਕਲਾਸ ਦੇ 500 ਦੇ ਕਰੀਬ ਵਿਦਿਆਰਥੀਆਂ ਵੱਲੋਂ ਪਹਿਲੇ, ਦੂਸਰੇ, ਤੀਸਰੇ ਦਰਜੇ ਦੀ ਪ੍ਰੀਖਿਆ ਦਿੱਤੀ ਗਈ।ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਤਰਨਜੀਤ ਸਿੰਘ ਨੇ ਪ੍ਰੈਸ ਨੂੰ ਦੱਸਿਆ ਕਿ ਸਿੱਖ ਮਿਸ਼ਨਰੀ ਕਾਲਜ ਵੱਲੋਂ ਸਕੂਲ ਵਿੱਚ ਹਰ ਸਾਲ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ।ਇਸ ਵਾਰ ਵੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਨੇ ਪ੍ਰੀਖਿਆ ਵਿੱਚ ਭਾਗ ਲਿਆ ਅਤੇ ਇਸ ਪ੍ਰੀਖਿਆ ਦੀ ਤਿਆਰੀ ਸਕੂਲ ਦੇ ਧਾਰਮਿਕ ਟੀਚਰ ਮੈਡਮ ਰਜਿੰਦਰ ਕੌਰ ਵੱਲੋਂ ਕਰਵਾਈ ਗਈ।ਪ੍ਰੀਖਿਆ ਦੀ ਸਮਾਪਤੀ ਤੋਂ ਬਾਅਦ ਸਿੱਖ ਮਿਸ਼ਨਰੀ ਕਾਲਜ ਦੇ ਸਰਕਲ ਇੰਚਾਰਜ ਅਵਤਾਰ ਸਿੰਘ ਸੋਹਲ ਨੇ ਪ੍ਰਿੰਸੀਪਲ ਤਰਨਜੀਤ ਸਿੰਘ, ਧਾਰਮਿਕ ਟੀਚਰ ਮੈਡਮ ਰਜਿੰਦਰ ਕੌਰ, ਡੀਪੀਈ ਗੁਰਮੀਤ ਸਿੰਘ ਆਦਿ ਸਮੂਹ ਸਟਾਫ ਦਾ ਪ੍ਰੀਖਿਆ ਦੇ ਸੁਚੱਜੇ ਪ੍ਰਬੰਧਾਂ ਲਈ ਧੰਨਵਾਦ ਕੀਤਾ। ਇਸ ਮੌਕੇ ਦਵਿੰਦਰਪਾਲ ਕੌਰ, ਮਨਿੰਦਰ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ, ਜਗਮੀਤ ਸਿੰਘ, ਜਸਵਿੰਦਰ ਕੌਰ, ਸਤਨਾਮ ਕੌਰ, ਸਿਮਰਨਜੀਤ ਕੌਰ ਆਦਿ ਸਕੂਲ ਸਟਾਫ ਹਾਜ਼ਰ ਸੀ।

# ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ 'ਚ ਨੰਨ੍ਹੇ ਉਸਤਾਦਾਂ ਨੇ ਕੀਤੀਆਂ ਕਮਾਲਾਂ

**ਪਠਾਨਕੋਟ , ( ਦਵਿੰਦਰ ਸਿੰਘ )**- ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਦੀ ਰਹਿਨੁਮਾਈ ਹੇਠ ਪਠਾਨਕੋਟ ਜ਼ਿਲ੍ਹੇ ਦੀਆਂ 11ਵੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਮਲਟੀਪਰਪਜ਼ ਸਪੋਰਟਸ ਸਟੇਡੀਅਮ ਲਮੀਨੀ ਦੇ ਖੇਡ ਮੈਦਾਨ ਵਿੱਚ ਸ਼ਾਨੋ ਸ਼ੌਕਤ ਨਾਲ ਸ਼ੁਰੂ ਹੋ ਗਈਆਂ। ਇਸ ਮੌਕੇ ਵਿਭੂਤੀ ਸ਼ਰਮਾ ਚੇਅਰਮੈਨ ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ ਮੁੱਖ ਮਹਿਮਾਨ ਅਤੇ ਵੱਖ ਵੱਖ ਐਨ ਜੀ ਓਜ਼ ਦੇ ਨੁਮਾਇੰਦਿਆਂ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰ ਨੰਨ੍ਹੇ ਮੁੰਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਮੁੱਖ ਮਹਿਮਾਨ ਚੇਅਰਮੈਨ ਵਿਭੂਤੀ ਸ਼ਰਮਾ ਵੱਲੋਂ ਰਿਬਨ ਕੱਟਣ ਤੋਂ ਬਾਅਦ ਗੁਬਾਰੇ ਛੱਡ ਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ। ਚੇਅਰਮੈਨ ਵਿਭੂਤੀ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਹੀ ਮਹੱਤਵ ਹੈ ਅਤੇ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਲਈ ਸ਼ੁੱਭਇੱਛਾਵਾਂ ਦਿੱਤੀਆਂ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਨੇ ਕਿਹਾ ਕਿ ਖੇਡਾਂ ਮਨੁੱਖ ਨੂੰ ਸਮਾਜ ਵਿੱਚ ਵਿਚਰਨਾ ਸਿਖਾਉਂਦੀਆਂ ਹਨ



ਅਤੇ ਬੱਚਿਆਂ ਨੂੰ ਬਚਪਨ ਤੋਂ ਹੀ ਖੇਡਾਂ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਦੌਰਾਨ ਹਾਜ਼ਰ ਸ਼ਖਸੀਅਤਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਪਹਿਲੇ ਦਿਨ ਕਬੱਡੀ ਨੈਸ਼ਨਲ, ਖੋ-ਖੋ, ਰੱਸਾਕਸੀ, ਬੈਡਮਿੰਟਨ, ਯੋਗਾ ਆਦਿ ਦੇ ਮੁਕਾਬਲੇ ਕਰਵਾਏ ਗਏ । ਗਰੁੱਪ ਯੋਗਾ ਵਿੱਚ ਬਲਾਕ ਪਠਾਨਕੋਟ -2 ਨੇ ਪਹਿਲਾ, ਰਿਧਮਿਕ ਯੋਗਾ ਵਿੱਚ ਬਲਾਕ ਧਾਰ-1 ਨੇ ਪਹਿਲਾ, ਆਰਟਿਸਟਿਕ ਯੋਗਾ ਵਿੱਚ ਬਲਾਕ ਪਠਾਨਕੋਟ -2 ਨੇ ਪਹਿਲਾ, ਕਬੱਡੀ ਵਿੱਚ ਬਲਾਕ ਬਮਿਆਲ ਨੇ ਪਹਿਲਾ, ਖੋ-ਖੋ ਵਿੱਚ ਬਲਾਕ ਧਾਰ -2 ਨੇ ਪਹਿਲਾ ਅਤੇ ਬੈਡਮਿੰਟਨ ਵਿੱਚ ਪਠਾਨਕੋਟ -1 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸੰਜੀਵ ਮਨੀ, ਸੋਨਿਕਾ ਅਤੇ ਸੀ ਐਚ ਟੀ ਰਵੀਕਾਂਤ ਨੇ ਸਟੇਜ ਦੀ ਕਾਰਵਾਈ ਨਿਭਾਈ। ਉਨ੍ਹਾਂ ਦੱਸਿਆ ਕਿ ਹੰਸਨੀ ਐਨ ਜੀ ਓ ਪਠਾਨਕੋਟ ਤੋਂ ਕੁਸਮ ਖਜੂਰੀਆ ਪ੍ਰੈਜ਼ੀਡੈਂਟ ਹੰਸਨੀ ਐਨ ਜੀ ਓ ਪਠਾਨਕੋਟ, ਗੀਟਾ ਵਰਮਾ, ਸੋਨੀਆਂ ਭਾਂਬਰੀ, ਕਰਨਲ ਨਾਨਕ, ਉਮੀਦ ਚੈਰੀਟੇਬਲ ਫਾਊਂਡੇਸ਼ਨ ਤੋਂ ਅੰਜਲੀ ਅਰੋੜਾ, ਸਰੋਜ ਸ਼ਰਮਾ, ਦੀਪਸ਼ਿਖਾ, ਇਨਰਵਹੀਲ ਗ੍ਰੇਟਰ ਕਲੱਬ ਪਠਾਨਕੋਟ ਤੋਂ ਪ੍ਰਭਜੀਤ ਕੌਰ, ਲਛਮੀ ਮਹਾਜਨ, ਪੂਨਮ ਸੇਠੀ, ਸੰਜੀਵ ਸ਼ਰਮਾ ਡੀ ਪੀ ਈ ਵੱਲੋਂ ਬੱਚਿਆਂ ਦੀ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਦੌਰਾਨ ਅਰੁਣ ਸ਼ਰਮਾ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਰਿਸੈਪਸ਼ਨ ਕਮੇਟੀ ਇੰਚਾਰਜ ਬੀ ਪੀ ਈ ਓ ਪੰਕਜ ਅਰੋੜਾ, ਅਨੁਸ਼ਾਸਨ ਕਮੇਟੀ ਇੰਚਾਰਜ ਬੀ ਪੀ ਈ ਓ ਨਰੇਸ਼ ਪਨਿਆੜ, ਰਿਫਰੈਸ਼ਮੈਂਟ ਕਮੇਟੀ ਇੰਚਾਰਜ ਬੀ ਪੀ ਈ ਓ ਰਾਕੇਸ਼ ਕੁਮਾਰ , ਇੰਚਾਰਜ ਮੈਨੇਜਮੈਂਟ ਬੀਪੀਈਓ ਕੁਲਦੀਪ ਸਿੰਘ, ਤਰੁਣ ਪਠਾਨੀਆ ਕਲਰਕ, ਡਾਕਟਰ ਮਨਦੀਪ ਸਿੰਘ ਅਤੇ ਮੈਡੀਕਲ ਟੀਮ, ਬਲਕਾਰ ਅੱਤਰੀ, ਜੋਤੀ ਮਹਾਜਨ, ਵਿਕਾਸ ਕੁਮਾਰ, ਸਮੂਹ ਪੀ ਟੀ ਆਈ, ਸੈਂਟਰ ਹੈਡ ਟੀਚਰ ਅਤੇ ਅਧਿਆਪਕ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਸੀ ਐੱਮ ਯੋਗਸ਼ਾਲਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**- ਸੁਰਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿੱਚ ਸੀ.ਐੱਮ.ਯੋਗਸ਼ਾਲਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ। ਇਸ ਮੌਕੇ ਡੀ.ਐਸ.ਪੀ. ਉਂਕਾਰ ਸਿੰਘ, ਬਲਜੀਤ ਸਿੰਘ ਬੀ.ਡੀ.ਪੀ.ਓ. ਜ਼ਿਲ੍ਹਾ ਕੋਆਰਡੀਨੇਟਰ ਲਵਪ੍ਰੀਤ ਸਿੰਘ ਸਮੇਤ ਵੱਖ-ਵੱਖ ਬਲਾਕਾਂ ਦੇ ਬੀ ਡੀ ਪੀ ਓ ਦਫਤਰ ਦੇ ਕਰਮਚਾਰੀ ਆਦਿ ਹਾਜ਼ਰ ਸਨ। ਮੀਟਿੰਗ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਸੀ.ਐੱਮ.ਦੀ ਯੋਗਸ਼ਾਲਾ ਤਹਿਤ ਇੱਕ ਤੰਦਰੁਸਤ ਪੰਜਾਬ ਬਣਾਉਣ ਲਈ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇਸ ਲਈ ਸੀ.ਐੱਮ.ਯੋਗਸ਼ਾਲਾ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਦੇ ਨਾਲ-ਨਾਲ, ਜਿਥੇ ਸੀ.ਐੱਮ. ਯੋਗਸ਼ਾਲਾ ਦੀਆਂ ਕਲਾਸਾਂ ਚੱਲ ਰਹੀਆਂ ਹਨ ਉਥੇ ਸਾਫ-ਸਫਾਈ, ਬਿਜਲੀ, ਮੱਛਰ ਮਾਰਨ ਵਾਲੀ ਦਵਾਈ ਦਾ ਛਿੜਕਾਅ ਅਤੇ ਪਬਲਿਕ ਟਾਇਲਟਸ ਸਮੇਤ ਵੱਖ-ਵੱਖ ਲੋੜੀਂਦੇ ਕੰਮ ਕਰਨੇ ਯਕੀਨੀ ਬਣਾਏ ਜਾਣ। ਉਨ੍ਹਾਂ ਸਖਤ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਪ੍ਰਕਾਰ ਦੀ ਢਿੱਲਮੱਠ ਜਾਂ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਲਈ ਸੀ.ਐੱਮ. ਯੋਗਸ਼ਾਲਾ ਸਬੰਧੀ ਕੰਮ ਸੁਚਾਰੂ ਢੰਗ ਨਾਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ 'ਚ ਲਗਭਗ 170 ਯੋਗ ਕਲਾਸਾਂ ਰੋਜ਼ਾਨਾ ਲੱਗ ਰਹੀਆਂ ਹਨ, ਜਿਨ੍ਹਾਂ ਵਿੱਚ ਲਗਭਗ 6000 ਹਜ਼ਾਰ ਲੋਕ ਲਾਭ ਉਠਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਸਾਡੇ ਖਾਣ-ਪੀਣ ਅਤੇ ਰੋਜ਼ਾਨਾ ਜ਼ਿੰਦਗੀ ਦੇ ਰੁਝੇਵਿਆਂ ਕਾਰਨ ਕਈ ਤਰ੍ਹਾਂ ਦੀਆਂ ਸਰੀਰਕ ਬਿਮਾਰੀਆਂ ਲੱਗ ਗਈਆਂ ਹਨ, ਜਿਨ੍ਹਾਂ ਨੂੰ ਅਸੀ ਯੋਗ ਦੇ ਦੁਆਰਾ ਬਹੁਤ ਜਲਦੀ ਠੀਕ ਕਰ ਸਕਦੇ ਹਾਂ।

# ਸਵਾਮੀ ਵਿਵੇਕਾਨੰਦ ਐਜੂਕੇਸ਼ਨ ਰਿਸਰਚ ਸੈਂਟਰ ਮੁੰਬਈ ਵੱਲੋਂ ਰਾਜ ਭਾਸ਼ਾ ਹਿੰਦੀ ਉਲੰਪੀਆਡ ਦਾ ਪ੍ਰੋਗਰਾਮ




**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਸਵਾਮੀ ਵਿਵੇਕਾਨੰਦ ਐਜੂਕੇਸ਼ਨ ਰਿਸਰਚ ਸੈਂਟਰ ਮੁੰਬਈ ਵੱਲੋਂ ਰਾਜ ਭਾਸ਼ਾ ਹਿੰਦੀ ਉਲੰਪੀਆਡ ਦਾ ਪ੍ਰੋਗਰਾਮ ਕਰਵਾਇਆ ਗਿਆ ।ਇਸ ਵਿੱਚ ਸਕੂਲ ਦੇ ਲਗਭਗ 440 ਬੱਚਿਆਂ ਨੇ ਭਾਗ ਲਿਆ। ਇਹਨਾਂ ਵਿੱਚੋਂ 417 ਬੱਚਿਆਂ ਨੂੰ ਪੁਰਸਕਾਰ ਦੇ ਤੌਰ 'ਤੇ ਜੇਤੂ ਸਰਟੀਫਿਕੇਟ ਦਿੱਤੇ ਗਏ ਅਤੇ ਬਾਕੀ ਜੇਤੂ ਬੱਚਿਆਂ ਨੂੰ ਪੁਰਸਕਾਰ ਵਜੋਂ ਮੈਡਲ ਅਤੇ ਪਰਮਾਣ ਪੱਤਰ ਦਿੱਤੇ ਗਏ। ਬੱਚਿਆਂ ਦਾ ਸਹੀ ਮਾਰਗ ਦਰਸ਼ਕ ਕਰਨ ਵਾਸਤੇ ਅਤੇ ਉਹਨਾਂ ਨੂੰ ਹਿੰਦੀ ਓਲੰਪੀਆਰਡ ਵਿਚ ਭਾਗ ਲੈਣ ਲਈ ਪ੍ਰੇਰਨਾ ਦੇਣ ਦੇ ਵਾਸਤੇ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੂੰ ਆਦਰਸ਼ ਪ੍ਰਿੰਸੀਪਲ ਐਵਾਰਡ ਪੁਰਸਕਾਰ ਅਤੇ ਪਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਨੂੰ ਇੱਕ ਆਦਰਸ਼ ਸਕੂਲ ਦਾ ਐਵਾਰਡ ਅਤੇ ਪ੍ਰਮਾਣ ਪੱਤਰ ਦਿੱਤਾ ਗਿਆ।ਸੰਸਥਾ ਵੱਲੋਂ ਸਕੂਲ ਦੇ ਹਿੰਦੀ ਅਧਿਆਪਕ ਅੰਜਨਾ ਰਾਣੀ ਨੂੰ ਵੀ ਪਰਮਾਣ ਪੱਤਰ ਅਤੇ ਆਦਰਸ਼ ਅਧਿਆਪਕ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਮੈਨੇਜਰ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਵਿਚ ਭਾਗ ਲੈਣਾ ਚਾਹੀਦਾ ਹੈ ਤਾਂ ਕਿ ਉਸ ਸਮੇਂ ਦੇ ਹਾਣੀ ਬਣ ਕੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ।ਇਸ ਮੌਕੇ ਸਕੂਲ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਮੈਡਲ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚ ਗੁਰਪ੍ਰੀਤ ਸਿੰਘ ਫਸਟ ਕਲਾਸ, ਗੁਰਨੂਰ ਸਿੰਘ ਹਰਦੇਵ ਸਿੰਘ, ਹਰ ਗੁਰਮੀਤ ਕੌਰ, ਦੂਸਰੀ ਕਲਾਸ, ਐਸ਼ਮੀਤ ਕੌਰ, ਸ਼ਿਵਪ੍ਰੀਤ ਕੌਰ ਤੀਸਰੀ ਕਲਾਸ, ਅਵਲੀਨ ਕੌਰ, ਰਮਨਜੋਤ ਕੌਰ, ਗੁਨਤਾਜ ਪ੍ਰੀਤ ਕੌਰ ਚੌਥੀ ਕਲਾਸ, ਮਨਪ੍ਰੀਤ ਸਿੰਘ ਇਛਾਰੀਤ ਕੌਰ ਪੰਜਵੀਂ ਕਲਾਸ, ਪਰਨੀਤ ਕੌਰ, ਮਨਸੀਰਤ ਕੌਰ, ਛੇਵੀਂ ਕਲਾਸ, ਦਮਨਪ੍ਰੀਤ ਕੌਰ, ਹਰਸ਼ਪ੍ਰੀਤ ਕੌਰ, ਸੁਖਮਨਪ੍ਰੀਤ ਕੌਰ ਸੱਤਵੀਂ ਕਲਾਸ, ਸੁਖਮਨਜੀਤ ਕੌਰ ਅੱਠਵੀਂ ਕਲਾਸ ਨੂੰ ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਸ਼ਰਮਾ ਕੋਆਰਡੀਨੇਟਰ, ਪ੍ਰਿਅੰਕਾ ਸ਼ਰਮਾ ਕੋਆਰਡੀਨੇਟਰ, ਸਮੂਹ ਬੱਚੇ ਅਤੇ ਸਟਾਫ ਹਾਜ਼ਰ ਸੀ।

# ਪਿੰਡ ਵਾਸੀਆਂ ਦੇ ਸਹਿਯੋਗ ਦੇ ਹਮੇਸ਼ਾ ਰਿਣੀ ਰਹਾਂਗੇ : ਸਰਪੰਚ ਮਨਜੀਤ ਕੌਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਚਾਇਤੀ ਚੋਣਾਂ ਦੌਰਾਨ ਪਿੰਡ ਦੇ ਵੋਟਰਾਂ ਸਪੋਰਟਰਾਂ ਦੇ ਮਿਲੇ ਭਰਵੇਂ ਸਹਿਯੋਗ ਦੇ ਹਮੇਸ਼ਾ ਧੰਨਵਾਦੀ ਰਹਾਂਗੇ, ਉਹਨਾਂ ਦੇ ਦੁੱਖ ਸੁੱਖ ਦੇ ਭਾਈਵਾਲ ਬਣਦੇ ਰਹਾਂਗੇ, ਵੋਟਰਾਂ ਸਪੋਰਟਰਾਂ ਦਾ ਹਮੇਸ਼ਾ ਮਾਣ ਸਨਮਾਨ ਕਰਦੇ ਰਹਾਂਗੇ ਅਤੇ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡਾਂਗੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਗੋਰਸੀਆਂ ਦੇ ਸਰਪੰਚ ਮਨਜੀਤ ਕੌਰ ਗਿੱਲ ਪਤਨੀ ਜਸਵੰਤ ਸਿੰਘ ਗਿੱਲ ਵੱਲੋਂ ਕੀਤਾ ਗਿਆ।ਸਰਪੰਚ ਮਨਜੀਤ ਕੌਰ ਗਿੱਲ ਅਤੇ ਹਰਵਿੰਦਰ ਸਿੰਘ ਗਿੱਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 365 ਵੋਟਾਂ ਸਨ । ਜਿਸ ਵਿੱਚੋਂ 287 ਵੋਟਾਂ ਪੋਲ ਹੋਈਆਂ ਅਤੇ 40 ਵੋਟਾਂ 'ਤੇ ਉਹ ਜੇਤੂ ਰਹੇ ਅਤੇ ਇਸ ਦੌਰਾਨ ਉਹਨਾਂ ਦੇ ਚਾਰ ਮੈਂਬਰ ਬਣੇ ਜਿਨਾਂ ਵਿੱਚ ਗੁਰਦਿੱਤਜੀਤ ਸਿੰਘ, ਰਤਨ ਸਿੰਘ, ਸੁਰਜੀਤ ਕੌਰ, ਕਮਲਜੀਤ ਕੌਰ ਮੈਂਬਰ ਪੰਚਾਇਤ ਬਣੇ । ਉਹਨਾਂ ਅੱਗੇ ਦੱਸਿਆ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਪਹਿਲ ਦੇ ਅਧਾਰ ਤੇ ਪਿੰਡ ਦੇ ਵਿਕਾਸ ਨੂੰ ਨੇਪੜੇ ਚਾੜਿਆ ਜਾਵੇਗਾ। ਅਤੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ, ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ । ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਡਾਕਟਰ ਚਰਨਜੀਤ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਨਾਮ ਸਿੰਘ, ਨਿਰੰਜਨ ਸਿੰਘ, ਬਚਨ ਸਿੰਘ, ਸੁਖਦੇਵ ਸਿੰਘ, ਗੁਰਨਾਮ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਸਵਰਨ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ, ਲਾਲ ਸਿੰਘ, ਰਘਬੀਰ ਸਿੰਘ, ਮੇਜਰ ਸਿੰਘ,ਜੋਗਿੰਦਰ ਸਿੰਘ, ਮੁਖਤਿਆਰ ਸਿੰਘ ,ਨਿਰਮਲ ਸਿੰਘ, ਬੂਟਾ ਸਿੰਘ, ਰਤਨ ਸਿੰਘ, ਮਨਜੀਤ ਸਿੰਘ, ਜੋਗਿੰਦਰ ਸਿੰਘ, ਲਖਵਿੰਦਰ ਸਿੰਘ, ਗੁਲਜ਼ਾਰ ਸਿੰਘ, ਪ੍ਰਗਟ ਸਿੰਘ ਅਤੇ ਸਮੂਹ ਨਗਰ ਨਿਵਾਸੀ ਵੋਟਰ ਸਪੋਰਟਰ ਹਾਜ਼ਰ ਸਨ।

# ਬਾਜਵਾ ਨੇ ਸਲਾਹਪੁਰ ਬੇਟ ਦੇ ਸਰਪੰਚ ਮਨਦੀਪ ਸਿੰਘ ਮੰਨਾ ਦਾ ਕੀਤਾ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਵਿਰੋਧੀ ਧਿਰ ਦੇ ਨੇਤਾ ਹਲਕਾ ਵਿਧਾਇਕ ਕਾਦੀਆਂ ਪ੍ਰਤਾਪ ਸਿੰਘ ਬਾਜਵਾ ਵੱਲੋਂ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਸਲਾਹਪੁਰ ਬੇਟ 'ਚ ਸਰਬਸੰਮਤੀ ਨਾਲ ਬਣੇ ਸਰਪੰਚ ਸਿਮਰਜੀਤ ਕੌਰ ਦੇ ਪਤੀ ਮਨਦੀਪ ਸਿੰਘ ਮੰਨਾ ਦਾ ਸਿਰੋਪਾ ਪਾ ਕੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਿੰਡ ਦੇ ਸਰਪੰਚ ਸਿਮਰਜੀਤ ਕੌਰ ਦੇ ਪਤੀ ਮਨਦੀਪ ਸਿੰਘ ਮੰਨਾ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਸਰਬਸੰਮਤੀ ਹੋਈ ਹੈ ਜਿਸ ਵਿੱਚ ਉਹਨਾਂ ਦੇ ਨਾਲ ਪੰਜ ਪੰਚਾਇਤ ਮੈਂਬਰ ਹਨ, ਜਿਨਾਂ ਵਿੱਚ ਬਲਰਾਜ ਸਿੰਘ, ਸੋਹਨ ਸਿੰਘ, ਸੁਮਨ, ਕੁਲਵਿੰਦਰ ਕੌਰ, ਰਕੇਸ਼ ਕੁਮਾਰ, ਮੈਂਬਰ ਪੰਚਾਇਤ ਬਣੇ ਅਤੇ ਉਹਨਾਂ ਦੇ ਪਿੰਡ ਵਿੱਚ ਕੁੱਲ 500 ਦੇ ਲਗਭਗ ਵੋਟਾਂ ਹਨ। ਉਨ੍ਹਾਂ ਇਸ ਮੌਕੇ ਸਰਬਸੰਮਤੀ ਨਾਲ ਉਹਨਾਂ ਨੂੰ ਸਰਪੰਚ ਚੁਣੇ ਜਾਣ 'ਤੇ ਸਮੂਹ ਪਿੰਡ ਵਾਸੀਆਂ ਦਾ ਅਤੇ ਵੋਟਰਾਂ ਦਾ ਤੇ ਸਪੋਰਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਕਾਰਜ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਉਹ ਦੂਸਰੀ ਵਾਰ ਸਰਬਸੰਮਤੀ ਨਾਲ ਸਰਪੰਚ ਬਣੇ ਹਨ। ਉਹਨਾਂ ਕਿਹਾ ਕਿ ਜਿਸ ਤਰ੍ਹਾਂ ਪਿੰਡ ਦੇ ਵਿੱਚ ਪਹਿਲਾਂ ਵਿਕਾਸ ਕਾਰਜ ਹੁੰਦੇ ਸਨ ਉਸੇ ਤਰ੍ਹਾਂ ਹੀ ਇਸ ਵਾਰ ਵੀ ਪਿੰਡ ਦੇ ਵਿੱਚ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਅਖੀਰ ਵਿੱਚ ਸਰਪੰਚ ਸਿਮਰਜੀਤ ਕੌਰ ਦੇ ਪਤੀ ਮਨਦੀਪ ਸਿੰਘ ਮੰਨਾ ਨੇ ਪ੍ਰਤਾਪ ਸਿੰਘ ਬਾਜਵਾ ਦਾ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਲੰਬਰਦਾਰ ਰਣਜੀਤ ਸਿੰਘ, ਬਲਜੀਤ ਸਿੰਘ, ਗਿਆਨ ਸਿੰਘ, ਹਰਬੰਸ ਸਿੰਘ, ਦਰਸ਼ਨ ਸਿੰਘ, ਹਰਜੀਤ ਸਿੰਘ, ਤਰਲੋਕ ਸਿੰਘ, ਸਤਨਾਮ ਸਿੰਘ, ਕਸ਼ਮੀਰ ਸਿੰਘ, ਅੰਗਰੇਜ ਸਿੰਘ, ਆਦਿ ਹਾਜ਼ਰ ਸਨ।

# 29ਵੀਂ ਆਰਡੀਨਰੀ ਡਾਇਓਸੇਸ਼ਨ ਕੌਂਸਲ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਆਪਣੇ ਧਾਰਮਿਕ, ਵਿੱਦਿਅਕ, ਸਿਹਤ ਅਤੇ ਸਮਾਜਿਕ ਆਊਟਰੀਚ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਕੇ ਖਿੱਤੇ ਵਿੱਚ ਸ਼ਾਂਤੀ ਸਥਾਪਤ ਕਰਨ ਦੇ ਤਰੀਕਿਆਂ ਅਤੇ ਸਾਧਨਾਂ 'ਤੇ ਵਿਚਾਰ ਕਰਨ ਲਈ, ਡਾਇਓਸਿਸ ਆਫ਼ ਅੰਮ੍ਰਿਤਸਰ, (ਡੀ ਓ ਏ), ਚਰਚ ਆਫ਼ ਨਾਰਥ ਇੰਡੀਆ (ਸੀ ਐਨ ਆਈ) 28 ਅਕਤੂਬਰ ਤੋਂ 1 ਨਵੰਬਰ ਤੱਕ 29ਵੀਂ ਆਮ ਡਾਇਓਸੇਸਨ ਕੌਂਸਲ ਆਯੋਜਿਤ ਕਰ ਰਹੀ ਹੈ। 'ਇਕਬਾਲ ਕਰੋ, ਵਚਨਬੱਧ ਰਹੋ ਅਤੇ ਪਾਲਣਾ ਕਰੋ' ਦੀ ਥੀਮ 'ਤੇ ਆਧਾਰਿਤ ਇਸ ਪੰਜ ਰੋਜ਼ਾ ਪ੍ਰੋਗਰਾਮ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਦੇ ਡਾਇਓਸੀਸਨ ਅਧਿਕਾਰੀ ਹਿੱਸਾ ਲੈਣਗੇ। ਡਾਇਓਸਿਸ ਓਫ ਦਿੱਲੀ, ਸੀ ਐਨ ਆਈ, ਦੇ ਬਿਸ਼ਪ ਰਾਈਟ ਰੇਵ ਡਾ ਪਾਲ ਸਵਰੂਪ ਦੇ



ਵੀ ਭਾਗ ਲੈਣ ਦੀ ਉਮੀਦ ਹੈ ਕਿਉਂਕਿ ਉਹ ਡਾਇਓਸੇਸਨ ਕੌਂਸਲ ਦੇ ਚਾਰ ਦਿਨਾਂ ਵਿੱਚ ਸਵੇਰ ਦੇ ਬਾਈਬਲ ਅਧਿਐਨ ਦੀ ਅਗਵਾਈ ਕਰਨਗੇ, ਜਦੋਂ ਕਿ ਪ੍ਰਸਿੱਧ ਮਸੀਹੀ ਗਾਇਕ ਵਿਜੇ ਬੈਨੇਡਿਕਟ ਅਧਿਆਤਮਿਕ ਪੁਨਰ ਸੁਰਜੀਤੀ ਦੀ ਅਗਵਾਈ ਕਰਨਗੇ।ਡਾਇਓਸੀਸ ਆਫ ਅੰਮ੍ਰਿਤਸਰ, ਚਰਚ ਆਫ ਨਾਰਥ ਇੰਡੀਆ, ਦੇ ਬਿਸ਼ਪ ਦ ਮੋਸਟ ਰੇਵ ਡਾ. ਪੀ ਕੇ ਸਾਮੰਤਾਰਾਏ ਨੇ ਕਿਹਾ ਕਿ 29ਵੀਂ ਆਰਡੀਨਰੀ ਡਾਇਓਸੇਸਨ ਕੌਂਸਲ ਦਾ ਉਦੇਸ਼ ਡਾਇਓਸਿਸ ਦੇ ਭਵਿੱਖ ਲਈ ਪ੍ਰਮਾਤਮਾ ਦੀ ਇੱਛਾ ਨੂੰ ਸਮਝਣਾ ਅਤੇ ਡਾਇਓਸਿਸ ਦੇ ਵਿਕਾਸ ਅਤੇ ਰਾਸ਼ਟਰ ਦੇ ਵਿਕਾਸ ਵਿਚ ਡਾਇਓਸਿਸ ਦੇ ਯੋਗਦਾਨ ਨੂੰ ਵਿਚਾਰਨਾ ਅਤੇ ਖੇਤਰ ਵਿੱਚ ਸ਼ਾਂਤੀ ਫੈਲਾਉਣ ਲਈ ਇੱਕ ਯੋਜਨਾ ਤਿਆਰ ਕਰਨਾ ਸੀ।

# ਮਾਤਾ ਕੁਲਵਿੰਦਰ ਕੌਰ ਸ਼ੁੱਕਰਵਾਰ ਤੋਂ ਲਾਪਤਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਮਾਤਾ ਕੁਲਵਿੰਦਰ ਕੌਰ ਜੋ ਤਰਨ ਤਰਨ ਰੋਡ



ਪੁਰਾਣੀ ਚੁੰਗੀ ਕੋਟ ਮੰਗਲ ਸਿੰਘ ਅੰਮ੍ਰਿਤਸਰ ਵਿਖੇ ਰਹਿੰਦੇ ਸਨ ਜੋ ਸ਼ੁੱਕਰਵਾਰ 25 ਅਕਤੂਬਰ ਨੂੰ ਸਵੇਰੇ ਘਰੋਂ ਗੁਰਦੁਆਰਾ ਰਾਮਸਰ ਦਰਸ਼ਨ ਕਰਨ ਲਈ ਕਹਿ ਕੇ ਗਏ ਪਰ ਘਰ ਨਹੀਂ ਪਹੁੰਚੇ। ਉਹਨਾਂ ਦੇ ਪਰਿਵਾਰ ਵਾਲੇ ਬਹੁਤ ਪਰੇਸ਼ਾਨ ਹਨ ਅਤੇ ਉਹਨਾਂ ਦੀ ਭਾਲ ਵਿੱਚ ਪੁਲਸ ਨੂੰ ਵੀ ਇਤਲਾਹ ਦਿੱਤੀ ਗਈ ਹੈ ਅਤੇ ਉਨ੍ਹਾਂ ਦੇ ਥਾਂ-ਥਾਂ ਤੇ ਇਸ਼ਤਿਹਾਰ ਲਗਾਏ ਗਏ ਹਨ। ਜੇਕਰ ਉਹ ਖੁਦ ਵੀ ਪੜ੍ਹਨ ਤਾਂ ਉਹ ਘਰ ਆ ਜਾਣ। ਜੇਕਰ ਕਿਸੇ ਨੂੰ ਉਹਨਾਂ ਬਾਰੇ ਪਤਾ ਲੱਗੇ ਤਾਂ ਉਹ ਇਸ ਨੰਬਰ 'ਤੇ ਸੰਪਰਕ ਕਰ ਸਕਦਾ ਹੈ 7837485824

# ਗੁਨੋਪੁਰ ਦੇ ਲੋਕਾਂ ਵੱਲੋਂ ਮਾਣ ਬਖਸ਼ਣ 'ਤੇ ਧੰਨਵਾਦ : ਗੁਰਮੁਖ ਸਿੰਘ ਵਜ਼ੀਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਚਾਇਤੀ ਚੋਣਾਂ ਦੌਰਾਨ ਸਰਪੰਚੀ ਦਾ ਮਾਣ ਬਖਸ਼ਣ ਵਾਲੇ ਪਿੰਡ ਗੁਨੋਪੁਰ ਦੇ ਲੋਕਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਅਤੇ ਹਮੇਸ਼ਾ ਇਹਨਾਂ ਦੇ ਰਿਣੀ ਰਹਾਂਗੇ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਗੁਨੋਪੁਰ ਦੇ ਸਰਪੰਚ ਰੁਪਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਗੁਰਮੁਖ ਸਿੰਘ ਵਜ਼ੀਰ ਦੇ ਵੱਲੋਂ ਕੀਤਾ ਗਿਆ। ਇਸ ਮੌਕੇ ਗੁਰਮੁਖ ਸਿੰਘ ਵਜ਼ੀਰ ਨੇ ਦੱਸਿਆ ਕਿ ਉਹਨਾਂ ਦੇ ਨਾਲ ਜਗਤਾਰ ਸਿੰਘ ਜਸਬੀਰ ਕੌਰ ਜਸਵੰਤ ਕੌਰ ਮੈਂਬਰ ਬਣੇ ਅਤੇ ਉਹਨਾਂ ਦੇ ਪਿੰਡ ਵਿੱਚ ਕੁੱਲ 1489 ਵੋਟਾਂ ਸਨ। ਜਿਸ ਵਿੱਚ 1165 ਵੋਟਾਂ ਪੋਲ ਹੋਈਆਂ ਅਤੇ 106 ਵੋਟਾਂ ਤੇ ਉਹ ਜੇਤੂ ਰਹੇ ।ਇਸ ਮੌਕੇ ਸਰਪੰਚ ਰੁਪਿੰਦਰ ਕੌਰ ਦੇ ਪਤੀ ਗੁਰਮੁਖ ਸਿੰਘ ਵਜ਼ੀਰ ਵਲੋਂ ਇਲਾਕੇ ਦੇ ਲੋਕਾਂ ਦਾ ਮਾਣ ਬਖਸ਼ਣ 'ਤੇ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਵਿੱਚ ਧਿਆਨ ਦਿੱਤਾ ਜਾਵੇਗਾ ਅਤੇ ਪਿੰਡ ਦੇ ਰੁਕੇ ਹੋਏ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਲੋਕਾਂ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾਣਗੀਆਂ ਅਤੇ ਕਿਸੇ ਵੀ ਪਿੰਡ ਵਾਸੀ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਉਹਨਾਂ ਦਾ ਮਕਸਦ ਹੈ ਕਿ ਪਿੰਡ ਦਾ ਵਿਕਾਸ ਕਰਨਾ ਨਾ ਕਿ ਪਾਰਟੀਬਾਜ਼ੀ ਵਿੱਚ ਅਜਿਹੇ ਫੈਸਲੇ ਲੈਣੇ ਜਿਸ ਨਾਲ ਪਿੰਡ ਦਾ ਕੋਈ ਨੁਕਸਾਨ ਹੋਵੇ । ਉਹਨਾਂ ਕਿਹਾ ਕਿ ਅਖੀਰ ਤੱਕ ਪਿੰਡ ਦੇ ਵਿਕਾਸ ਵਿੱਚ ਧਿਆਨ ਦਿੱਤਾ ਜਾਵੇਗਾ ਅਤੇ ਪਿੰਡ ਦੇ ਹਰੇਕ ਮੈਂਬਰ ਤੇ ਪਿੰਡ ਵਾਸੀ ਨੂੰ ਨਾਲ ਲੈ ਕੇ ਚੱਲਣਗੇ । ਇਸ ਮੌਕੇ ਰੁਪਿੰਦਰ ਕੌਰ ਸਰਪੰਚ ਅਤੇ ਉਹਨਾਂ ਦੇ ਪਤੀ ਗੁਰਮੁਖ ਸਿੰਘ ਵਜ਼ੀਰ ਪੁੱਤਰ ਗੁਰਮੁਖ ਸਿੰਘ, ਸਾਬਕਾ ਐਮ ਐਲ ਏ ਜੌਹਰ ਸਿੰਘ, ਮਾਸਟਰ ਸੁਖਜਿੰਦਰਜੀਤ ਸਿੰਘ, ਤਲਵਿੰਦਰ ਸਿੰਘ , ਹਰਜਿੰਦਰ ਸਿੰਘ, ਅਨੂਪ ਸਿੰਘ, ਬਲਵਿੰਦਰ ਸਿੰਘ, ਮਾਸਟਰ ਬਲਦੇਵ ਸਿੰਘ, ਸੁਰਜੀਤ ਸਿੰਘ ਰੱਬ, ਸਾਬਕਾ ਸਰਪੰਚ ਕੁਲਵਿੰਦਰ ਸਿੰਘ, ਕੁਲਵਿੰਦਰ ਸਿੰਘ ਰੱਬ, ਹਰਵਿੰਦਰ ਸਿੰਘ, ਸਤਵਿੰਦਰ ਸਿੰਘ ਬਿੱਕਾ, ਹਰਵਿੰਦਰ ਸਿੰਘ, ਬਿਕਰਮਜੀਤ ਸਿੰਘ, ਸਰਵਨ ਸਿੰਘ ਸਾਬਕਾ ਜੇਈ, ਸੁਖਦੇਵ ਸਿੰਘ, ਹਰੀ ਸਿੰਘ, ਸਾਬਕਾ ਡੀ ਐਸ ਪੀ ਕੁਲਜੀਤ ਸਿੰਘ, ਸਾਬਕਾ ਇੰਸਪੈਕਟਰ ਕਵਲਜੀਤ ਸਿੰਘ, ਡਾਕਟਰ ਸ਼ਾਮ ਸਿੰਘ ਅਤੇ ਸਮੂਹ ਵੋਟਰ ਸਪੋਰਟਰ ਤੇ ਪਿੰਡ ਵਾਸੀ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਧਾਰਮਿਕ ਪ੍ਰੀਖਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਧਾਰਮਿਕ ਪ੍ਰੀਖਿਆ ਕਰਵਾਈ ਗਈ। ਇਹ ਧਾਰਮਿਕ ਪ੍ਰੀਖਿਆ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਅਧਿਆਪਕ ਪ੍ਰਹਿਲਾਦ ਸਿੰਘ ਨੇ ਬਤੌਰ ਪ੍ਰੀਖਿਅਕ ਸੇਵਾ ਨਿਭਾਈ। ਉਹਨਾਂ ਦੇ ਨਾਲ ਸਕੂਲ ਦੇ ਅਧਿਆਪਕ ਹਰਦੀਪ ਕੌਰ ਅਤੇ ਸੁਖਵਿੰਦਰ ਕੌਰ ਵੀ ਸ਼ਾਮਿਲ ਸਨ। ਇਸ ਪ੍ਰੀਖਿਆ ਵਿੱਚ ਜਮਾਤ ਪਹਿਲੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ ।ਸਕੂਲ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਸਕੂਲ ਵਿੱਚ ਹਰ ਸਾਲ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ। ਜਿਸ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਭਾਗ ਲੈਂਦੇ ਹਨ ਅਤੇ ਵਧੀਆ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਂ ਰੋਸ਼ਨ ਕਰਦੇ ਹਨ। ਉਹਨਾਂ ਕਿਹਾ ਕਿ ਧਾਰਮਿਕ ਪ੍ਰੀਖਿਆਵਾਂ ਵਿਦਿਆਰਥੀਆਂ ਵਿੱਚ ਨੈਤਿਕ ਸਿੱਖਿਆ ਨੂੰ ਪ੍ਰਫੁੱਲਿਤ ਕਰਦੀਆਂ ਹਨ ਅਤੇ ਆਪਣੇ ਇਤਿਹਾਸ ਨਾਲ ਬੱਚਿਆਂ ਨੂੰ ਜਾਣੂ ਕਰਵਾਉਂਦੀਆਂ ਹਨ ਇਸ ਲਈ ਇਹਨਾਂ ਪ੍ਰੀਖਿਆਵਾਂ ਨੂੰ ਸਕੂਲ ਦੇ ਪਾਠਕ੍ਰਮ ਵਿੱਚ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ।ਇਸ ਨਾਲ ਵਿਦਿਆਰਥੀਆਂ ਦਾ ਪੂਰਨ ਵਿਕਾਸ ਹੁੰਦਾ ਹੈ।

# ਸ਼ਹੀਦ ਲਛਮਣ ਸਿੰਘ ਧਾਰੋਵਾਲੀ ਕਾਲਜ ਕਲਾਨੌਰ 'ਚ ਵੈਲਕਮ ਸਮਾਗਮ ਕਰਾਇਆ



**ਕਲਾਨੌਰ, (ਮਨਦੀਪ ਕੋਹਲੀ)**- ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਕਲਾਨੌਰ ਵਿਖੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਦੀ ਅਗਵਾਈ ਹੇਠ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਸਤਿੰਦਰ ਕੌਰ ਦੇ ਯਤਨਾਂ ਸਦਕਾ ਸੈਸ਼ਨ 2024-25 ਵਿਚ ਦਾਖ਼ਲ ਹੋਏ ਵਿਦਿਆਰਥੀਆਂ ਲਈ ਸਵਾਗਤੀ ਪਾਰਟੀ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਕਾਲਜ ਦੀ ਵਿਦਿਆਰਥਣ ਮੰਜੂ ਬਾਲਾ ਦੇ ਸ਼ਬਦ ਗਾਇਣ ਦੁਆਰਾ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਕਾਲਜ ਦੇ ਵਿਦਿਆਰਥੀਆਂ ਕੋਮਲ, ਸਿਮਰਨਜੀਤ ਕੌਰ, ਕਨਿਕਾ, ਕਵਿਤਾ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ, ਪ੍ਰਭਜੋਤ ਕੌਰ, ਜੈਸਮੀਨ, ਮਮਤਾ, ਸੁਨੇਹਾ, ਸੁਮਨਦੀਪ ਕੌਰ, ਮਨਜੀਤ ਕੌਰ, ਸੁਨੇਹਾ ਨੇ ਸੱਭਿਆਚਾਰਕ ਨਾਚ, ਕਵਿਤਾ ਤੇ ਭਾਸ਼ਣ ਰਾਹੀਂ ਪ੍ਰੋਗਰਾਮ ਦੀ ਸਫਲਤਾ ਵਿਚ ਆਪਣਾ ਯੋਗਦਾਨ ਪਾਇਆ।ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ ਕੁਝ ਮਨੋਰੰਜਕ ਖੇਡਾਂ ਵੀ ਖੇਡੀਆਂ ਗਈਆਂ।ਇਸ ਮੌਕੇ ਬੀ.ਏ. ਸਮੈਸਟਰ ਪਹਿਲਾ ਦੀ ਵਿਦਿਆਰਥਣ ਕਨਿਕਾ ਨੂੰ ਮਿਸ ਫਰੈਸ਼ਰ ਅਤੇ ਕਰਨਦੀਪ ਸਿੰਘ ਨੂੰ ਮਿਸਟਰ ਫਰੈਸ਼ਰ ਚੁਣਿਆ ਗਿਆ ਜਿਸ ਦੀ ਜੱਜਮੈਂਟ ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਨਵਦੀਪ ਕੌਰ ਅਤੇ ਪ੍ਰੋ ਸੁਖਵਿੰਦਰ ਕੌਰ ਦੁਆਰਾ ਕੀਤੀ ਗਈ। ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਜੀ ਨੇ 2024-25 ਸੈਸ਼ਨ ਦੌਰਾਨ ਕਾਲਜ ਦਾ ਹਿੱਸਾ ਬਣੇ ਨਵੇਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਮੰਚ ਦਾ ਸੰਚਾਲਨ ਕਾਲਜ ਦੀਆਂ ਵਿਦਿਆਰਥਣਾਂ ਸਿੰਮੀ, ਹਰਮਨਦੀਪ ਕੌਰ, ਸਿਮਰਨ ਬਾਜਵਾ ਅਤੇ ਰਵਨੀਤ ਕੌਰ ਵਲੋਂ ਬਾਖ਼ੂਬੀ ਨਿਭਾਇਆ ਗਿਆ।ਇਸ ਮੌਕੇ ਪ੍ਰੋ. ਸੰਦੀਪ ਚੰਚਲ, ਪ੍ਰੋ. ਜੁਝਾਰ ਸਿੰਘ, ਪ੍ਰੋ. ਅੰਮ੍ਰਿਤਪਾਲ ਕੌਰ, ਪ੍ਰੋ. ਗੀਤੀ ਸ਼ਰਮਾ, ਪ੍ਰੋ. ਵਰਿੰਦਰ ਕੌਰ, ਪ੍ਰੋ. ਆਰਤੀ ਮਹਾਜਨ, ਪ੍ਰੋ. ਰਵਨੀਤ ਕੌਰ, ਪ੍ਰੋ ਮਨਜਿੰਦਰ ਕੌਰ, ਪ੍ਰੋ. ਅੰਜਨਾ ਸ਼ਰਮਾ, ਪ੍ਰੋ. ਸ਼ਿਵਾਨੀ ਅਤੇ ਕਾਲਜ ਦੇ ਕਲਰਕ ਹਰਜੰਤ ਸਿੰਘ ਮੌਜੂਦ ਸਨ।

# ਸੂਬਾਈ ਆਗੂ ਜਰਨੈਲ ਸਿੰਘ ਪੱਟੀ ਨੂੰ ਘਰ 'ਚ ਨਜ਼ਰਬੰਦ ਕਰਨ ਦੀ ਤਿੱਖੀ ਨਿਖੇਧੀ

**ਫਗਵਾੜਾ (ਡਾ. ਰਮਨ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵਲੋਂ ਜਸਵੀਰ ਸਿੰਘ ਤਲਵਾੜਾ ਅਤੇ ਜਰਨੈਲ ਸਿੰਘ ਪੱਟੀ ਦੀ ਅਗਵਾਈ ਵਿੱਚ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਚੋਣਾਂ ਸਮੇਂ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਦਾ ਵਾਅਦਾ ਕੀਤਾ ਗਿਆ ਸੀ ਅਤੇ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਦਾ ਡਰਾਮਾ ਕਰਦਾ ਨਵੰਬਰ 2022 ਵਿੱਚ ਇੱਕ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ ਤਾਂ ਜੋ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਦੂਜੇ ਰਾਜਾਂ ਵਿੱਚ ਵੋਟਾਂ ਬਟੋਰੀਆਂ ਜਾ ਸਕਣ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਹੋ ਰਹੀਆਂ ਚਾਰ ਜ਼ਿਮਨੀ ਚੋਣਾਂ ਸਮੇਂ 27 ਅਕਤੂਬਰ ਨੂੰ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਦੀ ਝੂਠੇ ਲਾਰਿਆਂ ਅਤੇ ਫ਼ੋਕੀ ਇਸ਼ਤਿਹਾਰਬਾਜ਼ੀ ਦੀ ਪੋਲ ਖੋਲ੍ਹਣ ਦਾ ਐਲਾਨ ਕੀਤਾ ਹੋਇਆ ਸੀ। ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਲਈ ਕੋਈ ਗੰਭੀਰਤਾ ਤਾਂ ਕੀ ਦਿਖਾਉਣੀ ਸੀ, ਉਲਟਾ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ।ਡੇਰਾ ਬਾਬਾ ਨਾਨਕ ਵਿਖੇ ਹੋਣ ਵਾਲੇ ਝੰਡਾ ਮਾਰਚ ਨੂੰ ਰੋਕਣ ਲਈ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਜਰਨੈਲ ਸਿੰਘ ਪੱਟੀ ਨੂੰ ਘਰ ਵਿੱਚ ਨਜ਼ਰਬੰਦ ਕਰਨ ਦੀ ਤਿੱਖੀ ਨਿਖੇਧੀ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਵੈੱਲਫੇਅਰ



ਐਸੋਸੀਏਸ਼ਨ ਫ਼ਗਵਾੜਾ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਸੀਨੀਅਰ ਮੀਤ ਪ੍ਰਧਾਨ ਸੀਤਲ ਰਾਮ ਬੰਗਾ, ਵਿੱਤ ਸਕੱਤਰ ਹਰਿੰਦਰ ਸਿੰਘ, ਜੁਆਇੰਟ ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਜੁਆਇੰਟ ਪ੍ਰੈਸ ਸਕੱਤਰ ਗੁਰਦੀਪ ਜੱਸੀ, ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਜਸਵਿੰਦਰ ਸਿੰਘ ਫਗਵਾੜਾ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰਨ ਦੀ ਬਜਾਏ ਉਨ੍ਹਾਂ ਨਾਲ ਸੁਖਾਵੇਂ ਮਾਹੌਲ ਵਿੱਚ ਲਗਾਤਾਰ ਮੀਟਿੰਗਾਂ ਕਰਕੇ ਆਪਣੇ ਕੀਤੇ ਹੋਏ ਚੋਣ ਵਾਅਦੇ ਅਨੁਸਾਰ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ ਤਾਂ ਜੋ ਉਹਨਾਂ ਦੇ ਬੁਢਾਪੇ ਦੀ ਡੰਗੋਰੀ ਸੁਰੱਖਿਅਤ ਹੋ ਸਕੇ।

# ਖੇਤੀ ਵਿਭਾਗ ਨੇ ਪਰਾਲੀ ਪ੍ਰਬੰਧਨ ਮਸ਼ੀਨਾਂ ਦੀ ਵਰਤੋਂ 'ਤੇ ਲਗਾਇਆ ਕਿਸਾਨ ਜਾਗਰੂਕਤਾ ਕੈਂਪ

**ਬੰਗਾ (ਅਵਤਾਰ ਕਲੇਰ)**-ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧ ਲਈ ਚਲਾਈ ਜਾ ਰਹੀ ਮੁਹਿਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਡਾ. ਰਜਿੰਦਰ ਕੰਬੋਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਫਤਰ ਬਾਹੜੋਵਾਲ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ । ਜਿਸ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ, ਜ਼ਿਲ੍ਹਾ ਸਿਖਲਾਈ ਅਫ਼ਸਰ ਵੱਲੋਂ ਕੀਤੀ ਗਈ । ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਨੂੰ ਜ਼ਮੀਨ ਵਿੱਚ ਮਿਕਸ ਕਰਕੇ ਕਣਕ ਦੀ ਬਿਜਾਈ ਕਰਨ ਜਿਸ ਨਾਲ ਖੇਤਾਂ ਦੀ ਉਪਜਾਊ ਸ਼ਕਤੀ ਵਧਦੀ ਹੈ ਅਤੇ ਮਿੱਤਰ ਕੀੜੇ ਵੀ ਬਚਦੇ ਹਨ।ਬਲਾਕ ਖੇਤੀਬਾੜੀ ਅਫ਼ਸਰ ਡਾ ਲਛਮਣ ਦਾਸ ਨੇ ਪਰਾਲੀ ਸਾੜੇ ਬਿਨਾਂ ਘੱਟ ਖਰਚ ਕਰਕੇ ਕਣਕ ਦੀ ਬਿਜਾਈ ਕਰਨ ਵਾਲੀਆਂ ਮਸ਼ੀਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਨਵੀਂ ਮਸ਼ੀਨ ਸਰਫ਼ੇਸ ਸੀਡਰ ਦੀ ਵਰਤੋਂ ਬਾਰੇ ਦੱਸਿਆ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਪਰਾਲੀ ਦੇ ਪ੍ਰਬੰਧਨ ਲਈ ਬਲਾਕ ਬੰਗਾ ਵਿੱਚ ਹੁਣ ਤੱਕ 84 ਮਸ਼ੀਨਾਂ ਸਬਸਿਡੀ ਦੇ ਦਿੱਤੀਆਂ ਹਨ। ਸੁਰਿੰਦਰਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਵੱਲੋਂ



ਕਿਸਾਨਾਂ ਨਾਲ ਤੇਲ ਬੀਜ ਫਸਲਾਂ ਵਾਰੇ ਅਤੇ ਆਰਗੈਨਿਕ ਖੇਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ। ਕਿਸਾਨਾਂ ਨੂੰ ਘਰੇਲੂ ਬਗੀਚੀ ਜ਼ਹਿਰਾਂ ਮੁਕਤ ਕਰਨ ਅਤੇ ਗੰਡੋਇਆ ਤੋਂ ਖਾਦਾਂ ਤਿਆਰ ਕਰਕੇ ਵਰਤਣ ਦੀ ਸਲਾਹ ਦਿੱਤੀ। ਇਸ ਮੌਕੇ ਤੇ ਸੰਦੀਪ ਗੰਗੜ ਏ.ਟੀ.ਐਮ,ਸਤਨਾਮ ਸਿੰਘ ਤੋਂ ਇਲਾਵਾ ਇੰਦਰਜੀਤ ਸਿੰਘ ਕਲੇਰਾਂ, ਮਨਜੀਤ ਸਿੰਘ ਭੂਤਾਂ, ਪ੍ਰਧਾਨ ਤੇਜਾ ਸਿੰਘ ਮਜਾਰੀ, ਮਨਦੀਪ ਸਿੰਘ ਭੁੱਖੜੀ, ਮਨਦੀਪ ਸਿੰਘ ਤਲਵੰਡੀ ਜੱਟਾਂ, ਜਸਵੰਤ ਸਿੰਘ ਬੈਂਸ, ਸੰਦੀਪ ਸਿੰਘ ਪਠਲਾਵਾ, ਰੁਪਿੰਦਰ ਸਿੰਘ ਖ਼ਾਨਪੁਰ ਆਦਿ ਹਾਜ਼ਰ ਸਨ।

